

'ਮੇਰਾ ਸਿਰ ਜਾਵੇ ਤਾਂ ਜਾਵੇ,ਪਰ ਮੇਰੀ ਸਿੱਖੀ ਸਿਦਕ ਨਾ ਜਾਵੇ'

ਪ੍ਰੋ. ਐਚ ਐਲ ਕਪੂਰ ਜੀ ਦਾ ਵਿਸ਼ੇਸ ਲੇਖ ਪੜ੍ਹੋ ਸਫਾ 9 'ਤੇ


ਹਫਤਾਵਾਰੀ

# ਦੇਸ਼ ਦੁਆਬਾ

VOL - 4 ISSUE - 14

July 8, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ ਵੱਲੋਂ 12 ਜੁਲਾਈ ਨੂੰ ਤੀਸਰਾ ਮਹਾਨ ਨਗਰ ਕੀਰਤਨ ਆਯੋਜਿਤ ਕੀਤਾ ਜਾ ਰਿਹਾ ਹੈ। ਨਗਰ ਕੀਰਤਨ ਬਾਰੇ ਹੋਰ ਜਾਣਕਾਰੀ ਲਈ ਇਸ਼ਤਿਹਾਰ ਸਫਾ 12 ਤੇ ਦੇਖੋ।

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਅਮਰੀਕਾ ਵਿਚ ਭਾਰਤੀਆਂ ਤੇ ਨਸਲੀ ਹਮਲੇ ਨਿਰੰਤਰ ਜਾਰੀ

**ਵਾਸ਼ਿੰਗਟਨ–** ਅਮਰੀਕਾ ਵਿਚ ਕਾਲੇ ਮੂਲ ਦੇ ਲੋਕਾਂ ਦੇ ਨਾਲ ਭਾਰਤੀ ਮੂਲ ਦੇ ਲੋਕਾਂ ਤੇ ਵੀ ਨਸਲੀ ਅਤੇ ਹਿੰਸਕ ਹਮਲੇ ਨਿਰੰਤਰ ਜਾਰੀ ਹਨ। 9/11 ਤੋਂ ਬਾਅਦ ਤੇਜ਼ ਹੋਏ ਹਿੰਸਕ ਹਮਲਿਆਂ ਦੇ ਕਾਰਨ ਹੁਣ ਤੱਕ ਸਿੱਖ, ਹਿੰਦੂ ਅਤੇ ਬੋਧੀ, ਜੈਨੀ ਕਈ ਵਾਰ ਅਜਿਹੇ ਹਮਲਿਆਂ ਦਾ ਸੰਤਾਪ ਭੋਗ ਚੁੱਕੇ ਹਨ। ਸਿੱਖਾਂ ਨੂੰ ਗਲਤ ਪਛਾਣ ਦੇ ਕਾਰਨ ਹਮਲਿਆਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ, ਜਦਕਿ ਬਾਕੀ ਭਾਈਚਾਰੇ ਦੇ ਲੋਕਾਂ ਨੂੰ ਵੀ ਲਗਾਤਾਰ ਨਸਲੀ ਹਮਲਿਆਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਸ ਕਰਕੇ ਭਾਰਤੀ ਮੂਲ ਦੇ ਲੋਕਾਂ ਵਿਚ ਡਰ-ਸਹਿਮ ਨਿਰੰਤਰ ਜਾਰੀ ਹੈ। ਗੁਰਦੁਆਰਾ ਓਕ ਕ੍ਰੀਕ ਤੇ ਅੱਤਵਾਦੀ ਹਮਲੇ ਤੋਂ ਬਾਅਦ ਕਈ ਅਜਿਹੇ ਹਮਲਿਆਂ ਦੀਆਂ ਸਾਜਿਸ਼ਾਂ ਦਾ ਪਤਾ ਲੱਗ ਚੁੱਕਾ ਹੈ। ਭਾਰਤੀ ਮੂਲ ਦੇ ਵਿਦਿਆਰਥੀਆਂ ਨੂੰ ਵੀ ਨਸਲੀ ਹਮਲਿਆਂ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਅਮਰੀਕਾ ਦੀਆਂ ਸੂਬਾ ਅਤੇ ਫੈਡਰਲ ਸਰਕਾਰ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਹਿੰਸਕ ਹਮਲਿਆ ਦਾ ਦੌਰ ਜਾਰੀ ਹੈ। ਹਾਲ ਹੀ ਵਿਚ ਨਿਊ ਜਰਸੀ "ਚ ਇਕ



ਭਾਰਤੀ ਵਿਅਕਤੀ 'ਤੇ ਹਮਲਾ ਕਰਕੇ ਉਸ ਨੂੰ ਫੱਟੜ ਕਰਕੇ ਸੜਕ 'ਤੇ ਸੁੱਟ ਦਿੱਤਾ ਗਿਆ। ਪੀੜਤ ਵਿਅਕਤੀ ਦੀ ਪਛਾਣ 57 ਸਾਲਾ ਰੋਹਿਤ ਪਟੇਲ ਦੇ ਰੂਪ ਵਿਚ ਹੋਈ ਹੈ। ਪਿਛਲੇ ਹਫਤੇ ਨਾਰਥ ਬਰੰਸਵਿਕ ਵਿਚ ਨਾਯਲੇ ਕਿਲਗੋਰ ਨਾਂ ਦੇ 24 ਸਾਲਾ ਗੋਰੇ ਨੇ ਸੈਰ ਕਰ ਰਹੇ ਪਟੇਲ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਨਾਯਲੇ ਨੇ ਰੋਹਿਤ ਦੇ ਸਿਰ 'ਤੇ ਵਾਰ ਕੀਤਾ। ਉਸ ਮੂੰਹ ਤੇ ਮੱਥੇ 'ਤੇ ਗੰਭੀਰ ਵਾਰ ਕੀਤੇ। ਜ਼ਖਮੀ ਰੋਹਿਤ ਦੇ ਮੂੰਹ 'ਤੇ ਕਈ ਟਾਂਕੇ ਲਗਾਉਣੇ ਪਏ ਅਤੇ ਉਸ ਦੇ ਦੰਦ ਵੀ ਇਸ ਹਮਲੇ ਵਿਚ ਟੁੱਟ ਗਏ। ਪੁਲਸ ਨੇ ਹਮਲਾ ਕਰਨ ਵਾਲੇ ਨਾਯਲੇ ਨੂੰ ਗ੍ਰਿਫਤਾਰ ਕਰ ਲਿਆ ਸੀ। ਫਿਲਹਾਲ ਉਹ ਜ਼ਮਾਨਤ 'ਤੇ ਰਿਹਾਅ ਹੈ। ਪੁਲਸ ਦਾ ਕਹਿਣਾ ਹੈ ਕਿ ਰੋਹਿਤ ਪਟੇਲ ਨੂੰ ਇਸ ਲਈ ਨਿਸ਼ਾਨਾ ਬਣਾਇਆ ਗਿਆ ਕਿਉਂਕਿ ਉਹ ਭਾਰਤੀ ਸੀ। ਨਿਊ ਜਰਸੀ ਇਲਾਕੇ ਵਿਚ ਭਾਰਤੀ ਮੂਲ ਦੇ ਲੋਕ ਅਕਸਰ ਨਿਸ਼ਾਨਾ ਬਣਾਏ ਜਾਂਦੇ ਰਹੇ ਹਨ। ਰੋਹਿਤ ਪਟੇਲ ਦੇ ਬੇਟੇ ਦੀਪੇਨ ਨੇ ਕਿਹਾ ਕਿ ਉਸ ਦੇ ਪਿਤਾ ਬੇਕਸੂਰ ਸਨ। ਉਹ ਤਾਂ ਰੋਜ਼ਾਨਾ ਦੇ ਵਾਂਗ ਸੈਰ 'ਤੇ ਗਏ ਸਨ, ਜਦੋਂ ਉਨ੍ਹਾਂ 'ਤੇ ਇਹ ਹਮਲਾ ਕੀਤਾ ਗਿਆ। ਰੋਹਿਤ ਪਟੇਲ 'ਤੇ ਉਨ੍ਹਾਂ ਦੀ ਪਤਨੀ ਪਿਛਲੇ ਸਾਲ ਮਈ ਵਿਚ ਅਮਰੀਕਾ ਗਏ ਸਨ।

# ਕਾਰਲੀ ਦੇ ਗੋਲਾਂ ਸਦਕਾ ਅਮਰੀਕਾ ਬਣਿਆ ਮਹਿਲਾ ਫੁਟਬਾਲ ਚੈਂਪੀਅਨ



**ਵੈਨਕੂਵਰ–** ਕਾਰਲੀ ਲਾਇਡ ਦੀ ਹੈਟ੍ਰਿਕ ਬਦੌਲਤ ਅਮਰੀਕਾ ਨੇ ਫੀਫਾ ਮਹਿਲਾ ਵਿਸ਼ਵ ਕੱਪ ਫੁਟਬਾਲ ਟੂਰਨਾਮੈਂਟ ਦੇ ਫਾਈਨਲ ਮੁਕਾਬਲੇ ਵਿੱਚ ਪਿਛਲੇ ਸਾਲ ਦੀ ਚੈਂਪੀਅਨ ਟੀਮ ਜਾਪਾਨ ਨੂੰ 5-2 ਗੋਲਾਂ ਨਾਲ ਹਰਾ ਕੇ ਤੀਜੀ ਵਾਰ ਖ਼ਿਤਾਬ 'ਤੇ ਕਬਜ਼ਾ ਕੀਤਾ। ਕਾਰਲੀ ਵਿਸ਼ਵ ਕੱਪ ਦੇ ਫਾਈਨਲ ਵਿੱਚ ਹੈਟ੍ਰਿਕ ਲਗਾਉਣ ਵਾਲੀ ਪਹਿਲੀ ਖਿਡਾਰਨ ਬਣ ਗਈ ਹੈ। ਦੱਸਣਯੋਗ ਹੈ ਕਿ ਅਮਰੀਕਾ ਸਾਲ 1991 ਅਤੇ 1999 ਬਾਅਦ ਤੀਜੀ ਵਾਰ ਵਿਸ਼ਵ ਕੱਪ ਖ਼ਿਤਾਬ 'ਤੇ ਕਬਜ਼ਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ। ਇਸ ਦੇ ਨਾਲ ਹੀ ਅਮਰੀਕਨ ਟੀਮ ਨੇ 2011 ਵਿਸ਼ਵ ਕੱਪ ਦੇ ਖ਼ਿਤਾਬੀ ਮੁਕਾਬਲੇ ਵਿੱਚ ਪੈਨਲਟੀ ਸ਼ੂਟ-ਆਊਟ ਵਿੱਚ ਜਾਪਾਨ ਹੱਥੋਂ ਮਿਲੀ ਹਾਰ ਦੀ ਭਾਜੀ ਵੀ ਮੋੜ ਦਿੱਤੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਮਹਿਲਾ ਟੀਮ ਨੇ ਸਾਲ 2012 ਲੰਡਨ ਓਲੰਪਿਕ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ ਸੀ। ਅਮਰੀਕਾ ਨੇ ਮੈਚ ਦੀ ਸ਼ੁਰੂਆਤ ਵਿੱਚ ਹੀ ਹਮਲਾਵਰ ਖੇਡ ਦਿਖਾਈ ਅਤੇ ਵਿਰੋਧੀ ਟੀਮ 'ਤੇ ਦਬਾਅ ਬਣਾਇਆ। ਉਸ ਨੇ 16ਵੇਂ ਮਿੰਟ ਤਕ 4-0 ਗੋਲਾਂ ਦੀ ਮਜ਼ਬੂਤ ਲੀਡ ਹਾਸਲ ਕਰਕੇ ਮੈਚ ਆਪਣੇ ਪੱਖ ਵਿੱਚ ਕਰ ਲਿਆ ਸੀ। ਕਾਰਲੀ ਨੇ ਮੈਚ ਦੇ ਤੀਜੇ, ਪੰਜਵੇਂ ਅਤੇ 16ਵੇਂ ਮਿੰਟ ਵਿੱਚ ਗੋਲ ਦਾਗ ਕੇ ਹੈਟ੍ਰਿਕ ਬਣਾਈ। ਅਮਰੀਕਾ ਵੱਲੋਂ ਲੌਰੇਨ ਹਾਲੀਡੇਅ (14ਵੇਂ ਮਿੰਟ) ਅਤੇ ਟੌਬਿਨ ਹੀਥ (54ਵੇਂ ਮਿੰਟ) ਨੇ ਇਕ ਇਕ ਗੋਲ ਕੀਤਾ। ਮੁਕਾਬਲੇ ਵਿੱਚ ਪਛੜਨ ਬਾਅਦ ਜਾਪਾਨੀ ਖਿਡਾਰਨਾਂ ਨੇ ਹਮਲੇ ਤੇਜ਼ ਕੀਤੇ।


AAA AUTO AND BODY WORKS
We Do Complete Engine Transmission, Body and Paint Work We Sell Used Cars at a Good Price
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
Free Estimates Free Towing
Prop: Jasbir Singh Takhar 510-755-2132
510- 733- 2222
1421 Industrial PKWY West#F Hayward, CA 94544
Harmandeep Singh

A & S Auto Repair & Services
Specializing in Brakes & Axles
Diagnose check Engine light pre-buyers inspection tune-ups and more
Dealer Recommended Service Shocks/Struts A/C Servics
9:00 AM to 6:00 PM Mon-Sat
10% of any repair of $ $75.00 or More
Ph: 916-238-4431
649 W. Elkhorn Blvd. Suite B2 Rio Linda, CA 95673
Free Tire Rotation and Brake Inspection with purchase of Oil Service for most cars

BEST AUTO DEALS
Eye It!! Try it!! Buy it!!
Mike Hothi
(916) 991- 1778
(530) 218- 5137
ਜਪਾਨੀ ਕਾਰਾਂ ਖਰੀਦਣ ਲਈ ਮਿਲੋ
649 W Elkhorn Blvd Ste 101 Rio Linda, CA 95673
bestautodeals15@gmail.com

GR Video Production
Where precious moments are captured
Gurinder Purewal
Videographer/Photographer
grvideoproductionOl@gmail.com
www.grvideoproduction.com
For bookings. Call (510) 921-6626 or Kash Fabrics (510) 538-1138

KSR AUTO REPAIR
Complete Auto Repair Import & Domestic
Honda & Acura Specialist Toyta, Lexus, Nissan, Mazda Mercedes Benz, BMW, Volvo, Volkswager
50 % Off On Labor
Brakes
Tune-Up
Complete Diagnostic
Transmission Service
Electrical
AC Service
Engine Repair
Clutch Repnace
Factory Recommended Service
1471 Laurelwood Rd Santa Clara, CA 95054
408-235-8654 Cell 510-579-8583 Fax 408-235-8674

MAJESTIC HOMES
RAMESH SUMAN Broker Realtor RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

PARMINDER SINGH REALTOR
JAIN REALTY
COMMERCIAL AND RESIDENTIAL REAL ESTATE
ਸੈਕਰਾਮੈਂਟੋ, ਨਟੋਮਸ, ਰੋਜਵਿਲ, ਐਲਕ ਗਰੋਵ, ਸਟਾਕਟਨ ਅਤੇ ਬੇ-ਏਰੀਏ ਵਿਚ ਵਪਾਰਕ ਅਤੇ ਹਰ ਕਿਸਮ ਦਾ ਘਰ ਖਰੀਦਣ-ਵੇਚਣ ਲਈ ਸੰਪਰਕ ਕਰੋ
BRE LIC# 1469392
916 410 0711

SANDHU IMMIGRATION CONSULTANT
Passports, Visas, Green Cards, Notary, Immigration Forms Citizenship, Study Visas, Family Immigration Visas
WE OPEN 7-DAYS A WEEK
(209-373-3562)
MANDEEP SANDHU
msandhu2014@gmail.com
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)








Printer : Barapind Printing Press, Email: bpp467@gmail.com




# ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਕਾਵਿ-ਸੰਮੇਲਨ ਸ਼ਾਨਦਾਰ ਸਫਲਤਾ ਸਹਿਤ ਸੰਪੰਨ

## 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕ ਲੋਕ ਅਰਪਣ



ਪ੍ਰਧਾਨਗੀ ਮੰਡਲ: ਅਮਰਜੀਤ ਚਾਹਲ, ਅਜਮੇਰ ਰੋਡੇ, ਡਾ. ਸੁਹਿੰਦਰਬੀਰ ਸਿੰਘ, ਡਾ. ਮੋਹਨ ਤਿਆਗੀ। (ਫੋਟੋ- ਪ੍ਰੋ. ਹਰਭਜਨ ਸਿੰਘ)


ਸਨਮਾਨ ਦ੍ਰਿਸ਼: (ਖੜੇ- ਖੱਬਿਉਂ- ਸੱਜੇ) ਹਰਨੇਕ ਸਿੰਘ, ਪਸ਼ੌਰਾ ਸਿੰਘ ਢਿੱਲੋਂ, ਸੁਰਿੰਦਰ ਸੀਰਤ, ਅਮਰਜੀਤ ਚਾਹਲ, ਡਾ. ਸੁਹਿੰਦਰਬੀਰ ਸਿੰਘ, ਅਜਮੇਰ ਰੋਡੇ, ਸੁਖਵਿੰਦਰ ਕੰਬੋਜ, ਪਰਮਜੀਤ ਸਿੰਘ, ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਹਰਭਜਨ ਢਿੱਲੋਂ। (ਬੈਠੇ) ਮਨਜੀਤ ਕੌਰ ਸੰਧੂ, ਡਾ. ਮੋਹਨ ਤਿਆਗੀ, ਹਰਪ੍ਰੀਤ ਕੌਰ, ਰੇਨੂੰ ਸਿੰਘ। (ਫੋਟੋ- ਮਨਦੀਪ ਗੋਰਾ)


'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਰੀਲੀਜ ਦ੍ਰਿਸ਼: (ਖੱਬਿਉਂ – ਸੱਜੇ) ਹਰਜਿੰਦਰ ਪੰਧੇਰ, ਮਨਜੀਤ ਕੌਰ ਸੇਖੋਂ, ਪਸ਼ੌਰਾ ਸਿੰਘ ਢਿੱਲੋਂ, ਮੱਖਣ ਲੁਹਾਰ, ਰੇਨੂੰ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਕੰਬੋਜ, ਡਾ. ਸੁਹਿੰਦਰਬੀਰ ਸਿੰਘ, ਪ੍ਰੋ. ਹਰਭਜਨ ਸਿੰਘ, ਅਮਰਜੀਤ ਚਾਹਲ, ਡਾ. ਮੋਹਨ ਤਿਆਗੀ, ਅਜਮੇਰ ਰੋਡੇ, ਬਿੱਕਰ ਸਿੰਘ ਕੰਮੇਆਣਾ, ਰਾਠੀ ਸੂਰਾਪੁਰੀ। (ਫੋਟੋ– ਮਨਦੀਪ ਗੋਰਾ)


ਤਿੰਨ ਕਿਤਾਬਾਂ ਰੀਲੀਜ: (ਖੜੇ- ਖੱਬਿਉਂ- ਸੱਜੇ) ਸ਼ਸ਼ੀ ਸਮੁੰਦਰਾ, ਨੀਲਮ ਸੈਣੀ, ਮ੍ਰਿਗਇੰਦਰ ਕੌਰ, ਹਰਜਿੰਦਰ ਪੰਧੇਰ, ਤ੍ਰਿਪਤ ਭੱਟੀ, ਪਸ਼ੌਰਾ ਸਿੰਘ ਢਿੱਲੋਂ, ਡਾ. ਸੁਹਿੰਦਰਬੀਰ ਸਿੰਘ, ਡਾ. ਮੋਹਨ ਤਿਆਗੀ, ਅਜਮੇਰ ਰੋਡੇ, ਅਮਰਜੀਤ ਚਾਹਲ, ਸੁਖਵਿੰਦਰ ਕੰਬੋਜ। (ਬੈਠੇ - ਖੱਬਿਉਂ - ਸੱਜੇ) ਬਲਵਿੰਦਰ ਕੌਰ, ਪਰਮਜੀਤ ਭਾਨੂੰ, ਮਨਜੀਤ ਕੌਰ ਸੇਖੋਂ, ਹਰਜੀਤ ਹਠੂਰ ਦੇ ਮਾਤਾ ਜੀ, ਦੋ ਹੋਰ ਮਹਿਲਾਵਾਂ ਤੋਂ ਮਗਰੋਂ ਰੇਨੂੰ ਸਿੰਘ, ਰਵਨੀਤ ਅਤੇ ਮਿਸਿਜ਼ ਡਾ. ਸੁਹਿੰਦਰਬੀਰ ਸਿੰਘ। (ਫੋਟੋ - ਪ੍ਰੋ. ਹਰਭਜਨ ਸਿੰਘ)

**ਸਟਾਕਟਨ–** ਚਾਰ ਸਾਹਿਤਕ ਜਥੇਬੰਦੀਆਂ ਵੱਲੋਂ ਸਟਾਕਟਨ ਵਿਖੇ ਕਰਵਾਏ ਗਏ ਕਾਵਿ ਸੰਮੇਲਨ ਵਿਚ ਨਾਮਵਰ ਸਾਹਿਤਕਾਰਾਂ, ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲੈ ਕੇ ਇਸਨੂੰ ਯਾਦਗਾਰੀ ਅਤੇ ਇਤਿਹਾਸਕ ਬਣਾ ਦਿਤਾ। ਇਸ ਸੰਮੇਲਨ ਦਾ ਆਰੰਭ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਵਲੋਂ ਆਏ ਮਹਿਮਾਨਾਂ ਦਾ ਤਹਿਦਿਲੋਂ ਸਵਾਗਤ ਅਤੇ ਸਮੇਲਨ ਦੀ ਮੱਹਤਤਾ ਤੇ ਗੁਣਵਤਾ ਦਾ ਜ਼ਿਕਰ ਕਰਦਿਆਂ ਹੋਇਆ । ਇਸ ਉਪਰੰਤ 'ਕੂਲ ਪੰਜਾਬੀ ਵਿਰਸਾ ਗਰੁਪ' ਦੀ ਪ੍ਰਸਿੱਧ ਸੰਗੀਤਕਾਰ ਜੋੜੀ ਪਰਮਜੀਤ ਸਿੰਘ ਅਤੇ ਰੇਨੂੰ ਸਿੰਘ ਵੱਲੋਂ ਸੰਤ ਰਾਮ ਉਦਾਸੀ, ਗੁਰਦਿਆਲ ਸਿੰਘ ਸੰਘਾ ਅਤੇ ਜੈਮਲ ਸਿੰਘ ਪੱਡਾ ਦੇ ਚੋਣਵੇਂ ਗੀਤਾਂ ਦਾ ਗਾਇਨ ਕੀਤਾ ਗਿਆ । ਇਸ ਤੋਂ ਮਗਰੋਂ ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਦੁਆਰਾ ਸੰਪਾਦਤ ਨਿਬੰਧ ਸੰਗ੍ਰਹਿ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਲੋਕ ਅਰਪਣ ਕੀਤਾ ਗਿਆ। ਇਸ ਵਿਚ ਪੰਜਾਬੀ ਦੇ ਪ੍ਰਸਿੱਧ ਵਿਦਵਾਨਾਂ ਤੇ ਚਿੰਤਕਾਂ ਦੇ 23 ਖੋਜ ਨਿਬੰਧ ਸ਼ਾਮਲ ਕੀਤੇ ਗਏ ਹਨ। ਪ੍ਰੋ. ਹਰਭਜਨ ਸਿੰਘ ਨੇ ਇਸ ਪੁਸਤਕ ਬਾਰੇ ਸੰਖੇਪ ਜਾਣਕਾਰੀ ਦੇਂਦਿਆਂ ਕਿਹਾ ਕਿ ਨਕਸਲਬਾੜੀ ਲਹਿਰ ਨਾਲ ਸਬੰਧਿਤ ਪੰਜਾਬੀ ਨਾਵਲਾਂ ਬਾਰੇ ਇਸ ਖੂਬਸੂਰਤ ਅਤੇ ਉੱਚਪਾਏ ਦੇ ਖੋਜ ਸੰਗ੍ਰਹਿ ਨਾਲ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿਚ ਗੁਣਆਤਮਕ ਤੇ ਵਿਚਾਰਧਾਰਕ ਵਾਧਾ ਹੋਇਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਪੁਸਤਕ ਪੜ੍ਹਨਯੋਗ ਵੀ ਹੈ ਅਤੇ ਵਿਚਾਰਨਯੋਗ ਵੀ। ਇਸ ਪੁਸਤਕ ਬਾਰੇ ਬਿਕਰ ਸਿੰਘ ਕਮੇਆਣਾ ਨੇ ਆਪਣੇ ਵਿਚਾਰ ਵਿਸਥਾਰ ਸਹਿਤ ਸਾਂਝੇ ਕੀਤੇ।

ਇਸ ਪੁਸਤਕ ਦੇ ਇਲਾਵਾ ਜੋ ਪੰਜ ਹੋਰ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ, ਉਹ ਹਨ: ਮਹਿੰਦਰਪਾਲ ਧਾਲੀਵਾਲ ਦਾ ਨਾਵਲ 'ਪਿਉਂਦ ਤੋਂ ਪਹਿਲਾਂ', ਡਾ. ਮੋਹਨ ਤਿਆਗੀ ਦੀ ਚੋਣਵੀਂ ਕਵਿਤਾ ਦੀ ਸੰਪਾਦਤ ਪੁਸਤਕ 'ਜੰਗਲ ਦਾ ਗੀਤ, ਅਜਮੇਰ ਰੋਡੇ ਤੇ ਜਰਨੈਲ ਸਿੰਘ ਆਰਟਿਸਟ ਦੀ ਕਾਮਾਗਾਟਾ ਮਾਰੂ ਬਾਰੇ ਸਚਿੱਤਰ ਪੁਸਤਕ 'ਏ ਜਰਨੀ ਵਿਦ ਦਾ ਐਂਡਲੈੱਸ ਆਈ', ਪਸ਼ੌਰਾ ਸਿੰਘ ਢਿਲੋਂ ਦਾ ਕਾਵਿ–ਸੰਗ੍ਰਹਿ 'ਦੀਵਾ ਬਲੇ ਸਮੁੰਦਰੋਂ ਪਾਰ' ਅਤੇ ਤ੍ਰਿਪਤ ਭੱਟੀ ਦੁਆਰਾ ਸਕੰਲਤ ਮਿੰਨੀ ਕਹਾਣੀ ਸੰਗ੍ਰਹਿ 'ਛੱਕਾ ਇਜ਼ਹਾਰਾਂ ਦਾ' ਇਨ੍ਹਾਂ ਪੁਸਤਕਾਂ ਬਾਰੇ ਹਰਜਿੰਦਰ ਪੰਧੇਰ ਅਤੇ ਮਨਜੀਤ ਕੌਰ ਸੇਖੋਂ ਨੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ।

ਇਸ ਦੌਰਾਨ ਡੇਢ ਦਰਜਨ ਦੇ ਕਰੀਬ ਨਾਮਵਰ ਸ਼ਖਸੀਅਤਾਂ ਵੱਲੋਂ ਭੇਜੇ ਗਏ ਵਧਾਈ ਸੰਦੇਸ਼ ਪੜ੍ਹ ਕੇ ਸੁਣਾਏ ਗਏ, ਜਿਨ੍ਹਾਂ ਵਿਚ ਡਾ. ਜਸਪਾਲ ਸਿੰਘ (ਵਾਈਸ ਚਾਂਸਲਰ, ਪੰਜਾਬੀ ਯੂਨੀਵਰਸਟੀ), ਡਾ. ਜਗਜੀਤ ਬਰਾੜ, ਡਾ.

(ਬਾਕੀ ਸਫਾ 4 'ਤੇ)

# ਕਰਮਨ ਪੰਜਾਬੀ ਸਕੂਲ ਦਾ ਪਲੇਠਾ ਸੱਭਿਆਚਾਰਕ ਪ੍ਰੋਗਰਾਮ ਛੱਡ ਗਿਆ ਅਮਿੱਟ ਪੈੜਾ









**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਕੈਲੀਫੋਰਨੀਆਂ ਵਿੱਚ ਫਰਿਜ਼ਨੋ ਨਜ਼ਦੀਕੀ ਕਰਮਨ ਸ਼ਹਿਰ ਵਿਖੇ ਗੁਰਦੁਆਰਾ ਅਨੰਦਗੜ ਸਾਹਿਬ ਦੀ ਬਿਲਡਿੰਗ ਵਿੱਚ ਗੁਰੂਘਰ ਦੇ ਸਹਿਯੋਗ ਨਾਲ 'ਕਰਮਨ ਪੰਜਾਬੀ ਸਕੂਲ' ਚਲਾਇਆ ਜਾ ਰਿਹਾ ਹੈ। ਇਸ ਪੰਜਾਬੀ ਸਕੂਲ ਵੱਲੋਂ ਆਪਣਾ ਪਹਿਲੇ ਸਾਲ ਦੀ ਸਮਾਪਤੀ 'ਤੇ ਸਾਲ ਭਰ ਦੀਆਂ ਪ੍ਰਾਪਤੀਆਂ ਦੀ ਪਰਿਵਾਰਾ ਨਾਲ ਸਾਂਝ ਪਾਉਦੇ ਹੋਏ ਸੱਭਿਆਚਾਰਕ ਪ੍ਰੋਗਰਾਮ 'ਕਰਮਨ ਕਮਿਊਨਟੀ ਸੈਂਟਰ" ਵਿੱਚ ਕੀਤਾ ਗਿਆ। ਇਸ ਦੀ ਸੁਰੂਆਤ ਸਕੂਲ ਦੇ ਪ੍ਰੈਜ਼ੀਡੇਂਟ (ਪ੍ਰਧਾਨ) ਸ. ਗੁਰਜੰਟ ਸਿੰਘ ਗਿੱਲ ਦੀ ਅਗਵਾਈ ਅਧੀਨ ਸਮੁੱਚੇ ਪ੍ਰਬੰਧਕੀ ਬੋਰਡ ਮੈਂਬਰਾ ਦੁਆਰਾ ਭਰੇ ਹਾਲ ਅੰਦਰ ਸਮੂੰਹ ਹਾਜ਼ਰ ਪਰਿਵਾਰਾ ਨੂੰ 'ਜੀ ਆਇਆ' ਕਹਿੰਦੇ ਹੋਏ ਕੀਤੀ ਗਈ। ਜਿੰਨ੍ਹਾਂ ਵਿੱਚ ਕੁਲਵੰਤ ਸਿੰਘ ਉੱਭੀ (ਵਾਈਸ਼ ਪ੍ਰੈਜ਼ੀਡੇਂਟ), ਕਮਲਜੀਤ ਸਿੰਘ ਸਰ੍ਹਾਂ (ਖਜਾਨਚੀ), ਸਨਦੀਪ ਕੌਰ ਸਿੱਧੂ (ਸੈਂਕਟਰੀ) ਤੋਂ ਇਲਾਵਾ ਬੋਰਡ ਮੈਂਬਰਾ ਵਿੱਚ ਕਿਰਨਜੀਤ ਕੌਰ ਢਿੱਲੋਂ, ਹਰਜਿੰਦਰ ਕੌਰ ਕਾਹਲੋਂ ਅਤੇ ਕਰਮਵੀਰ ਸਿੰਘ ਦੇ ਨਾਂ ਸਾਮਲ ਹਨ।

ਪਹਿਲਾ ਬੱਚਿਆ ਵੱਲੋਂ ਪ੍ਰਮਾਤਮਾ ਦਾ ਸੁਕਰਾਨਾ ਕਰਦੇ ਹੋਏ ਗੁਰਬਾਣੀ ਸਬਦ ਉਚਾਰਣ ਕੀਤਾ ਗਿਆ। ਇਸ ਬਾਅਦ ਗੁਰਮਤਿ ਸਿਖਿਆ ਅਤੇ ਗੁਰਬਾਣੀ ਕੰਠ ਕਰਨ ਵਾਲੇ ਬੱਚਿਆ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸੇ ਦੌਰਾਨ ਸਾਰਾ ਸਾਲ ਸਕੂਲ ਵਿੱਚ ਹਾਜ਼ਰੀ ਭਰਨ ਵਾਲੇ ਬੱਚਿਆ ਨੂੰ ਵੀ 'ਪ੍ਰਫਿਕਟ ਅਟੈਂਡਸ਼' ਦੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਚਲਿਆ ਸੱਭਿਆਚਾਰਕ ਮੇਲਾ। ਜਿਸ ਵਿੱਚ ਬੱਚਿਆ ਨੇ ਆਪਣੇ ਸੱਭਿਆਚਾਰ ਪ੍ਰਤੀ ਪਿਆਰ ਦਿਖਾਉਦੇ ਹੋਏ ਗਿੱਧੇ ਅਤੇ ਭੰਗੜੇ ਦੇ ਵੱਖ–ਵੱਖ ਗਰੁੱਪਾ ਵਿੱਚ ਜੌਹਰ ਦਿਖਾਏ।

ਇਸੇ ਦੌਰਾਨ ਇਕ ਸਪੈਸ਼ਲ ਭੰਗੜਾ ਆਈਟਮ ਕਰਮਨ ਦੇ ਸੀਨੀਅਰ ਬੱਚਿਆ ਵੱਲੋਂ ਪੇਸ਼ ਕੀਤਾ ਗਿਆ। ਗਿੱਧੇ ਦੀ ਆਖਰੀ ਪੇਸ਼ਕਾਰੀ ਜਿਸ ਵਿੱਚ ਵਿਆਹ ਦਾ ਮਹੌਲ, ਜਾਗੋ ਅਤੇ ਧੀ ਦੀ ਵਿਦਾਇਗੀ ਨੇ ਆਪਣੀ ਖੂਬਸੂਰਤ ਪੇਸ਼ਕਾਰੀ ਰਾਹੀ ਸਭ ਦਾ ਦਿਲ ਜਿੱਤ ਲਿਆ। ਇਸ ਸਮੇਂ ਸਾਰੇ ਹਿੱਸਾ ਲੈਣ ਵਾਲੇ ਸਾਰੇ ਬੱਚਿਆ ਨੂੰ ਮੈਂਡਲ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬੱਚਿਆ ਨੂੰ ਭੰਗੜਾ ਸਿਖਾਉਣ ਵਾਲੇ ਮੁੱਖ ਕੋਚ ਸ. ਗੁਰਦੀਪ ਸਿੰਘ ਨਾਹਲ ਅਤੇ ਗਿੱਧਾ ਕੋਚ ਗੁਰਪ੍ਰੀਤ ਕੌਰ ਬਰਾੜ, ਜੱਸੂ ਹੇਅਰ, ਸੁਖਵਿੰਦਰ ਕੌਰ ਸਰ੍ਹਾਂ, ਰਾਜਿੰਦਰ ਕੌਰ ਗਿੱਲ, ਮਨਪ੍ਰੀਤ ਕੌਰ ਹੇਅਰ, ਅਤੇ ਬਾਕੀ ਟੀਚਰ ਤੇ ਸਹਿਯੋਗੀਆ ਵਿੱਚ ਗੁਰਮੋਹਨ ਕੌਰ ਉੱਭੀ, ਹਰਵਿੰਦਰ ਕੌਰ ਬਰਾੜ, ਨਿੰਮੀ ਮਾਨ, ਦਵਿੰਦਰ ਕੌਰ ਸਰ੍ਹਾਂ, ਹਰਦੀਪ ਕੌਰ, ਬਲਜੀਤ ਕੌਰ ਸਰ੍ਹਾਂ, ਪਰਮਵੀਰ ਸਿੰਘ, ਮਨੀ ਹੇਅਰ ਅਤੇ ਗੁਰਪ੍ਰੀਤ ਸਿੰਘ ਜਾਨੀ, ਭਾਈ ਹਰਪ੍ਰੀਤ ਸਿੰਘ, ਭਾਈ ਲਖਵੀਰ ਸਿੰਘ ਅਤੇ ਸਾਥੀ, ਅਤੇ ਹੋਰ ਬਹੁਤ ਸਾਰੇ ਵਲੰਟੀਅਰਾ (ਸੇਵਾਦਾਰ) ਨੂੰ ਵੀ ਸਨਮਾਨਿਤ ਕੀਤਾ ਗਿਆ। ਸਾਰੇ ਸਾਲ ਦੀਆਂ ਸਕੂਲ ਦੀਆਂ ਸਰਗਰਮੀਆਂ ਅਤੇ ਪ੍ਰਾਪਤੀਆਂ ਨੂੰ ਦਿਖਾਉਦੇ ਸਲਾਈਡ ਸ਼ੋ ਨੂੰ ਜਸਮੀਤ ਕੌਰ ਮਾਨ ਅਤੇ ਕਿਰਨ ਕੌਰ ਬਰਾੜ ਨੇ ਪੇਸ਼ ਕੀਤਾ।

ਇਸ ਤੋਂ ਇਲਾਵਾ ਬੱਚਿਆ ਲਈ ਬਹੁਤ ਸਾਰੇ ਦਿਲਕਸ਼ ਰੈਂਫਲ ਡਰਾਅ ਵੀ ਕੱਢੇ ਗਏ। ਇਸ ਸਮੇਂ ਸਟੇਜ਼ ਤੋਂ ਵੱਖ–ਵੱਖ ਬੁਲਾਰਿਆ ਵਿੱਚ ਸ. ਗੁਰਜੰਟ ਸਿੰਘ ਗਿੱਲ, ਕਿਰਨਜੀਤ ਕੌਰ ਢਿੱਲੋਂ, ਕੁਲਵੰਤ ਸਿੰਘ ਉੱਭੀ, ਕਮਲਜੀਤ ਸਿੰਘ ਸਰ੍ਹਾਂ, ਸਨਦੀਪ ਕੌਰ ਸਿੱਧੂ, ਰਾਜਿੰਦਰ ਕੌਰ ਗਿੱਲ, ਦਵਿੰਦਰ ਕੌਰ ਸਰ੍ਹਾਂ, ਹਰਜਿੰਦਰ ਕੌਰ ਕਾਹਲੋਂ, ਸੁਖਵਿੰਦਰ ਕੌਰ ਬਬਲੀ, ਕੁਲਦੀਪ ਸਿੰਘ ਕਾਲੇਕਾ ਅਤੇ ਬਹੁਤ ਸਾਰੇ ਬੁਲਾਰਿਆ ਨੇ ਵਿਚਾਰ ਸਾਂਝੇ ਕੀਤੇ।

ਸਕੂਲ ਲਈ ਸਹਾਇਤਾ ਦੇਣ ਵਾਲੀਆਂ ਸਮੂੰਹ ਸਖਸੀਅਤਾ ਨੂੰ ਸਨਮਾਨ ਚਿੰਨ੍ਹ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਵੰਨ–ਸਵੰਨੇ ਖਾਣਿਆ ਦਾ ਲੱਗਾ ਸਟਾਲ ਵੀ ਸੱਭਿਆਚਾਰ ਦੇ ਨਾਲ–ਨਾਲ ਪੰਜਾਬੀ ਮਹਿਕ ਖਿਲਾਰ ਰਿਹਾ ਸੀ। ਅੰਤ ਵਿੱਚ ਬੱਚਿਆ ਨੇ ਆਪਣੇ ਪਰਿਵਾਰਾ ਅਤੇ ਸਮੂੰਹ ਹਾਜ਼ਰੀਨ ਨਾਲ ਰਲ ਕੇ ਖੁਲੀ ਸਟੇਜ਼ 'ਤੇ ਗਿੱਧੇ–ਭੰਗੜੇ ਪਾਏ। ਸਮੁੱਚੇ ਪ੍ਰੋਗਰਾਮ ਨੂੰ ਕੈਮਰਾਬੰਧ ਕਰਨ ਦੀ ਸੇਵਾ ਓਕਾਰ ਸਟੂਡੀਓ ਫਰਿਜ਼ਨੋ ਨੇ ਨਿਭਾਈ। ਭਾਰੀ ਇਕੱਠ ਦੌਰਾਨ ਅਗਲੇ ਸਾਲ ਫਿਰ ਤੋਂ ਅਜਿਹਾ ਪ੍ਰੋਗਰਾਮ ਕਰਨ ਦਾ ਵਾਅਦਾ ਕਰਦੇ ਹੋਏ ਇਹ ਸੱਭਿਆਚਾਰਕ ਪ੍ਰੋਗਰਾਮ ਆਪਣੀਆ ਅਮਿੱਟ ਪੈੜਾ ਛੱਡ ਗਿਆ।


# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਹਫਤਾਵਾਰੀ ਧਾਰਮਿਕ ਕਵੀ ਦਰਬਾਰ ਟਰੇਸੀ ਵਿਖੇ ਸਜਾਇਆ



**ਟਰੇਸੀ (ਕੈਲੇਫੋਰਨੀਆ) (ਪ੍ਰਮਿੰਦਰ ਸਿੰਘ ਪ੍ਰਵਾਨਾ)–** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿੱਖ ਇਤਿਹਾਸ, ਗੌਰਵਮਈ ਵਿਰਸਾ, ਗੁਰਮਤਿ ਆਸ਼ੇ ਅਨੁਸਾਰ ਹਰਿ ਜੱਸ ਗਾਉਂਦੀਆਂ ਕਵਿਤਾਵਾਂ ਨਾਲ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਦਮਦਮੀ ਟਕਸਾਲ ਟਰੇਸੀ ਵਿਖੇ ਸ਼ਰਧਾ ਭਾਵਨਾ ਨਾਲ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਇਸ ਮੌਕੇ ਤਰਸੇਮ ਸਿੰਘ ਸੁਮਨ, ਪ੍ਰੋ: ਸੁਰਜੀਤ ਸਿੰਘ ਨਨੂਆ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ, ਸੋਹਣ ਸਿੰਘ ਆਦਿ ਸ਼ਾਮਲ ਹੋਏ। ਗੁਰਦੁਆਰਾ ਸਾਹਿਬ ਵਿਖੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਹੁਰਾਂ ਦੀ ਬਰਸੀ ਅਤ ਨਿੱਘੀ ਯਾਦ ਵਿਚ ਚਲਦੇ ਪ੍ਰੋਗਰਾਮਾਂ ਵਿਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਮਹਾਂਪੁਰਸ਼ਾਂ ਦੇ ਸੁਚੱਜੇ ਜੀਵਨ ਬਾਰੇ ਕਥਾ ਵਿਚਾਰਾਂ ਅਤੇ ਹਰਿਜੱਸ ਕੀਰਤਨ ਸੰਪੰਨ ਹੋਏ। ਕਵੀਆਂ ਨੂੰ ਵੀ ਵਿਸ਼ੇਸ਼ ਸਮਾਂ ਦਿੱਤਾ ਗਿਆ।

# ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ (ਯੂਬਾ ਸਿਟੀ) ਵੱਲੋਂ ਸਤਿਗੁਰੂ ਕਬੀਰ ਜੀ ਦਾ ਜਨਮ ਦਿਹਾੜਾ ਮਨਾਇਆ

**ਯੂਬਾ ਸਿਟੀ–** ਮਹਾਂਰਿਸ਼ੀ ਵਾਲਮੀਕ ਸਭਾ ਕੈਲੇਫੋਰਨੀਆ (ਯੂਬਾ ਸਿਟੀ) ਵੱਲੋਂ ਵਾਲਮੀਕ ਟੈਂਪਲ ਪਰਸੀ ਐਵਨਿਊ ਯੂਬਾ ਸਿਟੀ ਵਿਖੇ ਸੰਤ ਕਬੀਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਸਭ ਤੋਂ ਪਹਿਲਾਂ ਰਮਾਇਣ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ, ਉਪਰੰਤ ਆਰਤੀ ਤੇ ਅਰਦਾਸ ਕੀਤੀ ਗਈ, ਜਿਸ ਵਿਚ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ।



ਸੰਤ ਕਬੀਰ ਜੀ ਦੇ ਜੀਵਨ ਅਤੇ ਸਿੱਖਿਆ ਬਾਰੇ ਸ੍ਰੀ ਸੋਹਣ ਲਾਲ ਸਹੋਤਾ ਸਕੱਤਰ ਮਹਾਂਰਿਸ਼ੀ ਵਾਲਮੀਕ ਸਭਾ ਵੱਲੋਂ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ। ਜਿਸ ਉਪਰੰਤ ਸ੍ਰੀ ਭੁਪਿੰਦਰ ਭਿੰਦਾ, ਬੀਬੀ ਸਵਰਨੀ ਭਗਾਣੀ ਅਤੇ ਪਾਖਰ ਸਿੰਘ ਜੀ ਵੱਲੋਂ ਭਗਵਾਨ ਵਾਲਮੀਕ ਜੀ ਦੀ ਅਤੇ ਭਗਤ ਕਬੀਰ ਜੀ ਦੀ ਪ੍ਰਸੰਸਾ ਵਿਚ ਸ਼ਬਦ ਕੀਤਾ ਗਿਆ, ਜਿਸਦਾ ਸਮੂਹ ਸੰਗਤਾਂ ਨੇ ਪੂਰਾ ਆਨੰਦ ਮਾਣਿਆ। ਇਸ ਪ੍ਰੋਗਰਾਮ ਵਿਚ ਲੰਗਰ ਦੀ ਸੇਵਾ ਅਵਤਾਰ ਸਿੰਘ ਤਾਰੀ ਦੇ ਸਮੂਹ ਪਰਿਵਾਰ ਵੱਲੋਂ ਕੀਤੀ ਗਈ। ਅੰਤ ਵਿਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਵੱਲੋਂ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆਂ ਹੋਇਆਂ ਹਰ ਐਤਵਾਰ ਸਵੇਰੇ 10 ਤੋਂ 1 ਵਜੇ ਵਾਲਮੀਕ ਟੈਂਪਲ ਯੂਬਾ ਸਿਟੀ ਵਿਖੇ ਹਾਜ਼ਰੀਆਂ ਭਰ ਕੇ ਜੀਵਨ ਸਫਲਾ ਕਰਨ ਦੀ ਬੇਨਤੀ ਕੀਤੀ ਗਈ। ਪ੍ਰੈਸ ਨੂੰ ਇਹ ਜਾਣਕਾਰੀ ਸਭਾ ਦੇ ਵਾਈਸ ਪ੍ਰਧਾਨ ਸੰਤੋਖ ਸਿੰਘ ਗਿੱਲ ਵੱਲੋਂ ਦਿੱਤੀ ਗਈ।

# ਪੰਜਾਬ ਦੀ ਤਬਾਹੀ ਦਾ ਅਸਲ ਕਾਰਣ ਹੈ, ਉੱਥੋਂ ਦੀ ਜੁਆਨੀ ਦਾ ਲਿਆਕਤ ਨਾਲੋਂ ਰਿਸ਼ਤਾ ਤੋੜਨਾ- ਪ੍ਰੋ. ਗੁਰਭਜਨ ਗਿੱਲ

**ਸੇਲਮਾ, (ਅਵਤਾਰ ਗੌਂਦਾਰਾ)–** ਪੰਜਾਬ ਦੀ ਤਬਾਹੀ ਦਾ ਅਸਲ ਕਾਰਣ ਹੈ, ਉੱਥੋਂ ਦੀ ਜਵਾਨੀ ਦਾ ਲਿਆਕਤ ਨਾਲੋਂ ਰਿਸ਼ਤਾ ਤੋੜਨਾ, ਇਹ ਸਿਸਟਮ ਦੀ ਤਬਾਹੀ ਦੇ ਲੱਛਣ ਹਨ, ਪੰਹਾਬ ਵਿੱਚ ਨਸ਼ਿਆਂ ਦੇ ਵਧ ਰਹੇ ਰੁਝਾਨ ਬਾਰੇ ਸੁਆਲਾਂ ਦਾ ਜੁਆਬ ਦਿੰਦਿਆਂ, ਕਵੀ, ਚਿੰਤਕ ਅਤੇ ਪੰਜਾਬ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ, ਪ੍ਰੋ ਗੁਰਭਜਨ ਸਿੰਘ ਗਿੱਲ ਦਾ ਕਹਿਣਾ ਸੀ, ਕਿ ਪੰਜਾਬ ਦਾ ਨੁਕਸਾਨ ਇਸ ਧਾਰਣਾ ਨੇ ਕੀਤਾ ਕਿ ਅਸੀਂ ਬਾਹੂਬਲੀ ਹਾਂ, ਅਸੀਂ ਖੜਗ ਭੁਜਾ ਹਾਂ। ਸ਼ਾਸਤਰਧਾਰੀਆਂ ਨੂੰ ਜਦੋਂ ਸ਼ਸ਼ਤਰਧਾਰੀ ਬਣਾਇਆਂ ਜਾਂਦਾ ਹੈ ਤਾਂ ਤਬਾਹੀ ਦਾ ਆਧਾਂਰ ਤਿਆਰ ਹੋ ਜਾਂਦਾ ਹੈ।

ਆਪਣੀ ਹਾਲੀਆ ਅਮਰੀਕੀ ਫੇਰੀ ਦੌਰਾਨ, ਸੈਂਟਰਲ ਵੈਲੀ ਚ' ਸੈਲਮਾ ਦੇ ਅਸ਼ੋਕਾ ਹੋਟਲ ਵਿੱਚ ਇਕੱਠੇ ਹੋਏ ਲੇਖਕਾਂ, ਕਵੀਆਂ ਰੇਡੀਓ ਹੋਸਟਾਂ ਨਾਲ ਉਸ ਨੇ ਪੰਜਾਬ ਦੇ ਅਜੋਕੇ ਨਿਘਾਰ ਦੇ ਕਾਰਣਾਂ ਬਾਰੇ ਚਰਚਾ ਕੀਤੀ।ਉਸ ਦਾ ਕਹਿਣਾ ਸੀ ਕਿ ਸਾਨੂੰ ਭਾਰਤ ਦੀ 'ਖੜਗਭੁਜਾ'; ਵਜੋਂ ਤਿੜਿਆ ਕੇ 'ਲਿਆਕਤ ਅਤੇ ਗਿਆਨ' ਨਾਲ ਸਬੰਧਿਤ ਆਪਣੇ ਵਿਰਸੇ ਨਾਲੋਂ ਨਿਖੇੜ ਦਿੱਤਾ ਹੈ। ਸਾਨੂੰ ਇਸ ਗੱਲ ਤੇ ਮਾਣ ਕਰਨਾ ਭੁੱਲ ਗਿਆ ਹੈ ਕਿ ਰਿੱਗਵੇਦ ਵਰਗੀ ਪਹਿਲੀ ਪੁਸਤਕ ਪੰਜਾਬ ਵਿੱਚ ਲਿਖੀ ਗਈ। ਪਹਿਲੀ ਵਿਆਕਰਣ ਲਿਖਣ ਵਾਲਾ ਰਿਸ਼ੀ ਪਾਣਿਨੀ ਇੱਥੋਂ ਦਾ ਸੀ। ਟੈਕਸਲਾ ਵਰਗੀਆਂ ਯੁਨੀਵਰਸਿਟੀਆਂ ਇੱਥੇਂ ਸਥਾਪਿਤ ਹੋਈਆਂ।

ਆਪਣੀਆਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿਚਲੀਆਂ ਯਾਦਾਂ ਨੂੰ ਸਾਂਝਿਆਂ ਕਰਦਿਆਂ ਡਾ ਅਰਜਣ ਸਿੰਘ ਜੋਸਨ ਨੇ ਕਿਹਾ ਕਿ ਪ੍ਰੋ ਗੁਰਭਜਨ ਗਿੱਲ ਨੇ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਪਰਚੇ 'ਨਵੀ ਖੇਤੀ'. ਦੀ ਸੰਪਾਦਾਨ ਦਾ ਕੰਮ ਕਈ ਵਰ੍ਹੇ ਬਾਖੂਬੀ ਕੀਤਾ ਤੇ ਇਸ ਨੂੰ ਕਿਸਾਨਾਂ ਵਿੱਚ ਬਹੁਤ ਹਰਮਨ ਪਿਆਰਾ ਬਣਾਇਆ। ਨਸ਼ੇ ਬਾਰੇ ਹੁਣ ਪਾਏ ਜਾਂਦੇ ਰੌਲੇ ਬਾਰੇ ਜੋਸ਼ਨ ਦਾ ਕਹਿਣਾ ਸੀ, ਕਿ ਸ਼ਰਾਬ ਨਾਲ ਪੰਜਾਬੀਆਂ ਦੀ ਪੁਰਾਣੀ ਸਾਂਝ ਹੈ।ਇਸ ਦੀ ਪੁਸ਼ਟੀ ਕਰਦਿਆਂ ਪ੍ਰੋ ਗਿੱਲ ਨੇ ਕਿਹਾ ਕਿ ਪਹਿਲਾਂ ਨਸ਼ੇ ਕਰਨ ਨੂੰ 'ਵੈਲ' ਸਮਝਿਆ ਜਾਂਦਾ ਸੀ, ਹੁਣ ਇਸ ਦੀ 'ਸ਼ਰਦਾਰੀ' ਸ਼ੁਰੂ ਹੋ ਗਈ ਹੈ। ਅੱਜ ਦੇ ਨਿਘਾਰ ਤੇ ਚੋਟ ਕਰਦਿਆਂ ਗਿੱਲ ਨੇ ਕਿਹਾ ਕਿ ਗਿਆਨਵਾਨ ਬੰਦੇ ਯੁਨੀਵਰਸਿਟੀਆਂ, ਕਾਲਜਾਂ ਚ' ਬੰਦ ਹੋ ਗਏ ਹਨ। ਉਹ ਗ੍ਰੇਡਾਂ ਦੀ ਜੂਨ ਵਿੱਚ ਪੈ ਗਏ ਹਨ।ਇਸ ਨੂੰ 'ਚੂਹੇ ਦੌੜ' ਦਾ ਨਾਂ ਦਿੰਦਿਆਂ ਗਿੱਲ ਨੇ ਕਿਹਾ ਕਿ ਇਸ ਦੌੜ ਦਾ ਕੋਈ ਜੇਤੂ ਜਰਨੈਲ ਨਹੀਂ ਹੁੰਦਾ।ਅਸੀਂ ਸਾਰੇ ਇਹ ਗੱਲ ਜਾਣਦੇ ਹਾਂ ਅਸੀਂ ਆਪਣੇ ਨਾਇਕ ਦੀ ਇੱਜਤ ਕਰਨੀ ਵਿਸਾਰ ਦਿੱਤੀ ਹੈ। ਜੋ ਉੱਚੀ ਬੋਲਦਾ ਹੈ ਉਹੀ ਸਾਡਾ ਨਾਇਕ ਬਣ ਜਾਂਦਾ ਹੈ, ਜੋ 'ਸ਼ਬਦ' ਦੀ ਗੱਲ ਕਰਦਾ ਹੈ, ਉਹ ਨਾਇਕ ਨਹੀਂ।ਅਸੀਂ ਸਮਝਣ ਦੀ ਬਜਾਏ ਚੌਰਬਰਦਾਰੀ ਕਰਨੀ ਸ਼ੁਰੂ ਕਰ ਦਿੱਤੀ ਹੈ।

ਇਸ ਸਮਾਗਮ ਉਦੋਂ ਬਹਤੁ ਹੀ ਭਾਵੁਕ ਹੋ ਗਿਆ ਜਦੋਂ ਡਾ. ਨਰਿੰਦਰਪਾਲ ਸੰਧੂ ਨੇ ਚਾਰ ਦਹਾਕੇ ਪੁਰਾਣੇ ਪੰਜਾਬੀ ਦੇ ਪਰਚੇ ਕੱਢ ਕੇ ਸਰੋਤਿਆਂ ਨਾਲ ਸਾਂਝੇ ਕੀਤੇ ਜਿੰਨਾਂ ਵਿੱਚ ਗਦਰੀਆਂ ਦੇ ਰਸਾਲੇ 'ਗਦਰ ਦੀ ਗੂੰਜ' ਦਾ ਹੱਥ-ਲਿਖਤ ਅੰਕ ਵੀ ਸ਼ਾਮਿਲ ਸੀ। ਵਿਦਿਆਂਰਥੀ ਜੀਵਨ ਵਿੱਚ ਕੱਢੇ ਰਸਾਲੇ, 'ਜੁਝਾਰ' ਚੋਂ ਨਜਮ ਪੜ੍ਹਦਿਆਂ, ਉਸ ਨੇ ਦੱਸਿਆ ਕਿ ਇਸ ਵਿੱਚ ਪ੍ਰੋ ਗਿੱਲ ਦੀ ਕਵਿਤਾ ਵੀ ਛਪੀ ਹੈ।


ਉਨਾਂ ਦੁਆਰਾ ਸਾਂਭੇ ਸਾਹਿਤ ਨੂੰ ਦੇਖ ਕੇ ਉੱਥੇ ਹਾਜਰ ਕਵੀ ਸੰਤੋਖ ਮਿਨਹਾਸ ਅਤੇ ਸਾਧੂ ਸਿੰਘ ਸੰਘਾ ਨੇ ਕਿਹਾ ਇਹ ਸ਼ਬਦ ਨਾਲ ਮੁਹੱਬਤ ਦਾ ਸਬੂਤ ਹੈ।

ਇੰਡੋ. ਯੂ. ਐਸ. ਹੈਰੀਟੇਜ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿ ਪ੍ਰੀਤਮ ਸਿੰਘ ਨਾਹਲ, ਗੁਰਦੀਪ ਨਿੱਝਰ, ਮੀਡੀਆ ਸਖਸ਼ੀਅਤ ਗੁਰਜਤਿੰਦਰ ਰੰਧਾਵਾ ਤੋਂ ਇਲਾਵਾ, ਵਿਚਾਰ ਚਰਚਾ ਵਿੱਚ, ਮਹਿੰਦਰ ਸਿੰਘ ਸੰਧਾਵਾਲੀਆ, ਅਵਤਾਰ ਗੋਂਦਾਰਾ, ਅਜਮੇਰ ਨਾਹਲ, ਗੁਰਨੇਕ ਸਿੰਘ ਰਾਏ, ਜਸ ਮਾਨ, ਅਜਮੇਰ ਨਾਹਲ,ਰਾਮਪਾਲ ਸ਼ੁਕਲਾ, ਰੁਪਿੰਦਰ ਗਿੱਲ ਨੇ ਹਿੱਸਾ ਲਿਆ।ਸਿੱਖ ਪਛਾਣ ਨੂੰ ਸਿਰਫ ਪੱਗ ਤੇ ਦਾੜੀ ਤੱਕ ਸੀਮਤ ਕਰਨ ਤੇ ਸਹਿਜਧਾਰੀ ਸਿੱਖਾਂ ਨੂੰ ਅਣਗੌਲਿਆਂ ਕਰਨ ਦੇ ਸ਼ੁਆਲ ਤੇ ਪ੍ਰੋ ਗਿੱਲ ਨੇ ਚੁੱਪ ਕਰਨਾ ਹੀ ਚੰਗਾ ਸਮਝਿਆ ਤੇ ਸਫਾਈ ਦਿੱਤੀ ਕਿ ਹਰ ਸਿੱਖ ਨੂੰ ਦਿੱਖ ਦੇ ਹਾਣੀ ਬਣਨਾ ਚਾਹੀਦਾ ਹੈ। ਰੱਜਿਆਂ ਤੇ ਲਿੱਸਿਆਂ ਵਿੱਚ ਵੰਡੇ ਹੋਏ ਪੰਜਾਬ ਵਿੱਚ ਕੋਈ ਹਿੱਲਜੁਲ ਪੈਦਾ ਕਰਨ ਲਈ, ਗਦਰੀਆਂ ਵਾਂਗ ਪਹਿਲ ਕਰਨ ਦੀ ਮੰਗ ਕਰਦਿਆਂ, ਪ੍ਰੋ ਗਿੱਲ ਨੇ ਸਰੋਤਿਆਂ ਨੂੰ ਕਿਹਾ ਕਿ ਅਸੀਂ ਸ਼ਸ਼ਤਰ ਬਥੇਰੇ ਚਲਾ ਲਏ ਹਨ, ਹੁਣ ਪੰਜਾਬੀਆਂ ਨੂੰ ਵਿਸ਼ਵਗਿਆਨ ਦੇ ਹਾਣੀ ਬਣਨ ਲਈ, ਸ਼ਾਸਤਰਾਂ ਵਲ ਰੁੱਖ ਕਰਨ ਦੀ ਲੋੜ ਹੈ।

ਢੁਕਵੇਂ ਟੋਟਕਿਆਂ ਨਾਲ ਇਸ ਸਮਾਗਮ ਦਾ ਸੰਚਾਲਨ ਸ਼ਾਇਰ ਹਰਜਿੰਦਰ ਕੰਗ ਨੇ ਕੀਤਾ।

# ਸਾਹਿਤਕਾਰ ਜਸਵੰਤ ਸਿੰਘ 'ਜ਼ਫਰ' ਨੂੰ ਅਸਹਿ ਸਦਮਾ- ਨੌਜਵਾਨ ਪੁੱਤਰ ਦੀ ਮੌਤ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ)–** ਪੰਜਾਬੀ ਸਾਹਿਤ ਦੇ ਉਘੇ ਹਸਤਾਖਰ ਸ. ਜਸਵੰਤ ਸਿੰਘ ਜ਼ਫਰ ਦੇ ਤੇਈ ਸਾਲਾ ਗੱਭਰੂ ਪੁੱਤਰ ਵਿਵੇਕ ਸਿੰਘ ਦੀ ਬੇਵਕਤੀ ਮੌਤ ਨਾਲ ਜ਼ਫਰ ਪਰਿਵਾਰ ਨੂੰ ਅਸਹਿ ਸਦਮਾ ਪਹੁੰਚਿਆ ਹੈ। ਬਹੁਤ ਹੀ ਹੋਣਹਾਰ ਵਿਵੇਕ ਸਿੰਘ ਆਪਣੇ ਦਾਦਾ-ਦਾਦੀ ਅਤੇ ਚਾਚਾ-ਚਾਚੀ ਦੇ ਪਰਿਵਾਰ 'ਚ ਵੈਨਕੂਵਰ ਸ਼ਹਿਰ ਵਿਖੇ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਪਰਿਵਾਰਕ ਸੂਤਰਾਂ ਅਨੁਸਾਰ ਇਕ ਜੁਲਾਈ ਦੀ ਰਾਤ ਨੂੰ ਉਸਨੂੰ ਬੇਹੋਸ਼ ਦੀ ਹਾਲਤ ਵਿਚ ਹਸਪਤਾਲ ਲਿਆਂਦਾ ਗਿਆ।



ਡਾਕਟਰਾਂ ਦੀ ਦੇਖ ਰੇਖ ਹੇਠ ਹੀ ਉਹ ਕੋਮਾ ਵਿਚ ਚਲਾ ਗਿਆ। ਇਸੇ ਦੌਰਾਨ ਪਤਾ ਲੱਗਣ ਤੇ ਲੁਧਿਆਣਾ ਰਹਿੰਦੇ ਸ. ਜ਼ਫਰ ਆਪਣੀ ਪਤਨੀ ਬੀਬੀ ਬਲਵੀਰ ਕੌਰ ਅਤੇ ਕੁਝ ਹੋਰ ਰਿਸ਼ਤੇਦਾਰਾਂ ਸਮੇਤ ਤਿੰਨ ਜੁਲਾਈ ਨੂੰ ਕੈਨੇਡਾ ਵੈਨਕੂਵਰ ਪਹੁੰਚ ਗਏ। ਭਾਵੇਂ ਕੁਝ ਚਿਰ ਲਈ ਵਿਵੇਕ ਦੀ ਸਿਹਤ ਨੂੰ ਕੁਝ ਮੋੜਾ ਪਿਆ ਵੀ, ਪਰ ਛੇਤੀ ਹੀ ਡਾਕਟਰਾਂ ਨੇ ਜ਼ਫਰ ਪਰਿਵਾਰ ਨੂੰ ਵਿਵੇਕ ਦੇ ਚਲੇ ਜਾਣ ਦੀ ਮਨਹੂਸ ਸੂਚਨਾ ਦੇ ਦਿੱਤੀ। ਇਹ ਅਤਿ ਦੁਖਦਾਈ ਖਬਰ ਸੁਣਦਿਆਂ ਸਾਹਿਤਕ ਹਲਕਿਆਂ ਵਿਚ ਸੁੰਨ ਵਰਤ ਗਈ ਅਤੇ ਜਵਾਨ ਪੁੱਤਰ ਦਾ ਸਦੀਵੀ ਵਿਛੋੜਾ ਝੱਲ ਰਹੇ ਜ਼ਫਰ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਜਾ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਕਾਕਾ ਵਿਵੇਕ ਸਿੰਘ ਦਾ ਅੰਤਿਮ ਸੰਸਕਾਰ ਗਿਆਰਾਂ ਜੁਲਾਈ ਸ਼ਨੀਵਾਰ ਨੂੰ ਬਾਅਦ ਦੁਪਹਿਰ ਕੀਤਾ ਜਾਵੇਗਾ। ਇਸੇ ਦਿਨ ਬਾਅਦ ਵਿਚ ਵਿਛੜੀ ਰੂਹ ਦੀ ਯਾਦ ਵਿਚ ਗੁਰਬਾਣੀ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ 132 ਸਟਰੀਟ, ਸਰ੍ਹੀ ਵਿਖੇ ਹੋਵੇਗਾ।



ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਕੈਲੀਫੋਰਨੀਆ) ਵੱਲੋਂ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 24 ਮਈ, 2015 ਨੂੰ ਅਤੇ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਪ੍ਰਕਾਸ਼ ਦਿਹਾੜਾ ਬੀਤੀ 5 ਜੁਲਾਈ ਨੂੰ ਸ੍ਰੀ ਗੁਰੂ ਰਵਿਦਾ ਟੈਂਪਲ ਫਰਿਜ਼ਨੋ (ਕੈਲੀਫੋਰਨੀਆ ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮਾਂ ਦੀਆਂ ਕੁਝ ਝਲਕੀਆਂ।

# ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਕਾਵਿ-ਸੰਮੇਲਨ ਸ਼ਾਨਦਾਰ ਸਫਲਤਾ ਸਹਿਤ ਸੰਪੰਨ

(ਸਫਾ 3 ਦੀ ਬਾਕੀ)

ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਜਸਵਿੰਦਰ, ਰਵਿੰਦਰ ਸਹਿਰਾਅ, ਸੁਰਿੰਦਰ ਸੋਹਲ, ਮਹਿੰਦਰਪਾਲ ਧਾਲੀਵਾਲ, ਡਾ. ਲਾਭ ਸਿੰਘ ਖੀਵਾ, ਡਾ. ਗੁਰਪਾਲ ਸੰਧੂ, ਬਲਵੀਰ ਪਰਵਾਨਾ, ਸਾਥੀ ਲੁਧਿਆਣਵੀ ਆਦਿ ਸ਼ਾਮਲ ਹਨ। ਪਹਿਲੇ ਸੈਸ਼ਨ ਵਿਚ ਦੋ ਖੋਜ ਪੇਪਰ ਪੜ੍ਹੇ ਗਏ ਅਤੇ ਦੋ ਭਾਸ਼ਣ ਹੋਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਉਚੇਚੇ ਤੌਰ 'ਤੇ ਆਏ ਡਾ. ਮੋਹਨ ਤਿਆਗੀ ਨੇ 'ਅਮਰੀਕੀ ਪੰਜਾਬੀ ਕਵਿਤਾ ਦਾ ਗਲੋਬਲੀ ਪਰਿਪੇਖ' ਖੋਜ ਪੇਪਰ ਪੜ੍ਹਿਆ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਪਹੁੰਚੇ ਡਾ. ਸੁਹਿੰਦਰ ਬੀਰ ਨੇ 'ਅਮਰੀਕੀ ਪੰਜਾਬੀ ਕਵਿਤਾ ਦਾ ਵਿਚਾਰ ਧਾਰਾਈ ਅਧਿਐਨ' ਖੋਜ ਪੇਪਰ ਸੰਖੇਪ ਰੂਪ ਵਿਚ ਪੇਸ਼ ਕੀਤਾ। ਡਾ: ਮੋਹਨ ਤਿਆਗੀ ਨੇ ਕਿਹਾ, "ਅਮਰੀਕੀ ਪੰਜਾਬੀ ਕਵਿਤਾ ਦੀ ਇਹ ਨਵੀਂ ਪ੍ਰਾਪਤੀ ਹੈ ਕਿ ਗਹਿਰ ਗੰਭੀਰ ਗਲੋਬਲੀ ਸਰੋਕਾਰ ਇਸ ਕਵਿਤਾ ਦਾ ਜ਼ਿਕਰ ਯੋਗ ਹਿੱਸਾ ਬਣੇ ਹਨ। ਇਹ ਕਵਿਤਾ ਜਿੱਥੇ ਇਕ ਪਾਸੇ ਅਮਰੀਕਨ ਸਮਾਜ ਅਤੇ ਸਭਿਆਚਾਰ ਨਾਲ ਅੰਤਰ-ਸੰਵਾਦ ਦੀ ਸਥਿਤੀ ਵਿਚ ਹੈ, ਉੱਥੇ ਇਸ ਪ੍ਰਬੰਧ ਦੀਆਂ ਲੋਕ-ਦੋਖੀ ਨਵ-ਬਸਤੀਵਾਦੀ ਨੀਤੀਆਂ ਤੇ ਹਮਲਾਵਰ ਜੰਗਾਂ ਦੇ ਵਿਰੁੱਧ ਮਾਨਵਵਾਦੀ ਸਰੋਕਾਰਾਂ ਦੀ ਬਹਾਲੀ ਲਈ ਵੀ ਜੂਝ ਰਹੀ ਹੈ।" ਡਾ. ਸੁਹਿੰਦਰਬੀਰ ਨੇ ਅਮਰੀਕਨ ਪੰਜਾਬੀ ਕਵਿਤਾ ਦੇ ਵੱਖ ਵੱਖ ਪਹਿਲੂਆਂ ਦਾ ਸੰਖੇਪ ਮੁਲੰਕਣ ਪੇਸ਼ ਕਰਦਿਆਂ ਕਿਹਾ ਕੋਈ ਵੀ ਸਾਹਿਤ ਵਿਚਾਰਧਾਰਾ ਤੋਂ ਸੱਖਣਾ ਨਹੀਂ ਹੋ ਸਕਦਾ। ਉਨ੍ਹਾਂ ਇਹ ਵੀ ਕਿਹਾ ਕਿ ਕਈ ਅਮਰੀਕਨ ਪੰਜਾਬੀ ਕਵੀ ਲੋਕ-ਹਿਤੈਸ਼ੀ ਵਿਚਾਰਧਾਰਕ ਵਚਨਬੱਧਤਾ ਨੂੰ ਪ੍ਰਣਾਏ ਹੋਏ ਹਨ ਅਤੇ ਵਿਸ਼ਵ ਵਿਆਪੀ ਪੱਧਰ 'ਤੇ ਆਪਣੀ ਸੰਵੇਦਨਾ ਦਾ ਸਿਰਜਨਾਤਮਕ ਪਾਸਾਰ ਕਰ ਰਹੇ ਹਨ। ਪ੍ਰਸਿੱਧ ਕਵੀ ਅਤੇ ਮੁੱਖ ਮਹਿਮਾਨ ਅਜਮੇਰ ਰੋਡੇ ਨੇ 'ਵਿਸ਼ਵੀਕਰਨ ਅਤੇ ਕਰਾਂਤੀਕਾਰੀ ਕਵਿਤਾ' ਵਿਸ਼ੇ ਬਾਰੇ ਆਪਣੇ ਉੱਚ ਕੋਟੀ ਦੇ ਵਿਚਾਰ ਪੇਸ਼ ਕੀਤੇ। ਕਹਾਣੀਕਾਰ ਅਮਰਜੀਤ ਚਾਹਲ ਨੇ 'ਕੈਨੇਡੀਅਨ ਪੰਜਾਬੀ ਕਵਿਤਾ' ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਦੋਨਾਂ ਮਹਿਮਾਨਾਂ ਨੇ ਸਰੋਤਿਆਂ ਨਾਲ ਖੂਬਸੂਰਤ ਸੰਵਾਦ ਰਚਾਇਆ। ਇਨ੍ਹਾਂ ਪੇਪਰਾਂ ਅਤੇ ਭਾਸ਼ਣਾਂ ਨੂੰ ਸਰੋਤਿਆਂ ਨੇ ਪੂਰੀ ਗੰਭੀਰਤਾ ਅਤੇ ਮਨੋ ਇਕਾਗਰਤਾ ਨਾਲ ਸੁਣਿਆ ਅਤੇ ਦਿਲ ਖੋਲ੍ਹ ਕੇ ਦਾਦ ਵੀ ਦਿੱਤੀ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਅਜਮੇਰ ਰੋਡੇ, ਅਮਰਜੀਤ ਚਾਹਲ, ਡਾ. ਸੁਹਿੰਦਰਬੀਰ ਸਿੰਘ ਅਤੇ ਡਾ. ਮੋਹਨ ਤਿਆਗੀ ਸ਼ਾਮਲ ਹੋਏ। ਮੰਚ ਸੰਚਾਲਨ ਦੀ ਜ਼ਿੰਮੇਂਵਾਰੀ ਹਰਜਿੰਦਰ ਪੰਧੇਰ ਨੇ ਬਾਖੂਬ ਨਿਭਾਈ। ਇਸ ਦੌਰਾਨ ਅਜਮੇਰ ਰੋਡੇ, ਅਮਰਜੀਤ ਚਾਹਲ, ਡਾ. ਮੋਹਨ ਤਿਆਗੀ ਅਤੇ ਡਾ. ਸੁਹਿੰਦਰਬੀਰ ਸਿੰਘ ਹੋਰਾਂ ਦਾ ਵਿਸ਼ੇਸ਼ ਸਾਹਿਤਕ ਪ੍ਰਾਪਤੀਆਂ ਲਈ ਅਤੇ ਹਰਜਿੰਦਰ ਪੰਧੇਰ, ਪਰਮਜੀਤ ਸਿੰਘ, ਰੇਨੂੰ ਸਿੰਘ ਅਤੇ ਮਨਜੀਤ ਕੌਰ ਸੰਧੂ ਦਾ ਇਸ ਸੰਮੇਲਨ ਦੇ ਪ੍ਰਬੰਧ ਅਤੇ ਸਫਲਤਾ ਵਿਚ ਸ਼ਾਨਦਾਰ ਯੋਗਦਾਨ ਪਾਉਣ ਲਈ ਫੁੱਲਾਂ ਦੇ ਖੁਸ਼ਬੂਦਾਰ ਗੁਲਦਸਤਿਆਂ ਨਾਲ ਸਨਮਾਨ ਕੀਤਾ ਗਿਆ। ਪ੍ਰੋ. ਹਰਭਜਨ ਸਿੰਘ ਵੱਲੋਂ ਲਾਈ ਗਈ ਨਵ-ਪ੍ਰਕਾਸ਼ਤ ਪੰਜਾਬੀ ਪੁਸਤਕਾਂ ਦੀ 'ਸੇਲ' ਦੌਰਾਨ ਭਾਰੀ ਵਿਕਰੀ ਹੋਈ, ਜੋ ਇਸ ਤੱਥ ਦਾ ਪ੍ਰਤੀਕ ਹੈ ਕਿ ਪੰਜਾਬੀ ਬੋਲੀ ਅਤੇ ਪੰਜਾਬੀ ਸਾਹਿਤ ਦਾ ਭਵਿੱਖ ਓਨਾ ਧੁੰਦਲਾ ਨਹੀਂ ਹੈ, ਜਿੰਨਾ ਕਈ ਵਿਅਕਤੀਆਂ ਵੱਲੋਂ ਖਦਸਾ ਪ੍ਰਗਟ ਕੀਤਾ ਜਾ ਰਿਹਾ ਹੈ।

ਦੂਸਰੇ ਸੈਸ਼ਨ ਦਾ ਆਰੰਭ ਦੁਸ਼ਅੰਤ ਕੁਮਾਰ ਅਤੇ ਜਸਵਿੰਦਰ ਦੀਆਂ ਗ਼ਜ਼ਲਾਂ ਦੇ ਖੂਬਸੂਰਤ ਗਾਇਨ ਨਾਲ ਹੋਇਆ। ਇਸਦੇ ਨਾਲ ਹੀ ਕਵੀ ਦਰਬਾਰ ਸ਼ੁਰੂ ਹੋ ਗਿਆ। ਇਸ ਵਿਚ 30 ਦੇ ਕਰੀਬ ਸ਼ਾਇਰਾਂ ਵਲੋਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ; ਜਿਨ੍ਹਾਂ ਵਿਚ ਪਸ਼ੌਰਾ ਸਿੰਘ ਢਿਲੋਂ, ਅਜਮੇਰ ਰੋਡੇ, ਡਾ. ਮੋਹਨ ਤਿਆਗੀ, ਪ੍ਰੋ. ਸੁਹਿੰਦਰਬੀਰ ਸਿੰਘ, ਪ੍ਰੋ: ਹਰਭਜਨ ਸਿੰਘ, ਸੁਰਿੰਦਰ ਸੀਰਤ, ਮੱਖਣ ਲੁਹਾਰ, ਹਰਭਜਨ ਢਿਲੋਂ, ਸ਼ਸ਼ੀ ਸਮੁੰਦਰਾ, ਹਰਜੀਤ ਹਠੂਰ, ਰਵਨੀਤ ਹਠੂਰ, ਮਨਦੀਪ ਗੋਰਾ, ਮਨਮੋਹਨ ਸਿੰਘ ਗਰੇਵਾਲ, ਅਸ਼ਰਫ ਗਿੱਲ, ਕੁਲਵੰਤ ਸੇਖੋਂ, ਸੁੱਖ ਸੇਖੋਂ, ਤਾਰਾ ਸਾਗਰ, ਦਲਜਿੰਦਰ ਸਹੋਤਾ, ਦਲਬੀਰ ਸਿੰਘ, ਕੁਲਜੀਤ ਮਾਨ, ਜੱਸਜੀਤ ਸਿੰਘ ਜਸੀ, ਪ੍ਰਿੰਸੀਪਲ ਹਜ਼ੂਰਾ ਸਿੰਘ, ਅਮਰਪਾਲ ਕੰਬੋਜ਼, ਹਰਪ੍ਰੀਤ ਕੌਰ, ਕਮਲ ਬੰਗਾ, ਜਸਵੰਤ ਸ਼ਾਦ, ਬਿੱਕਰ ਸਿੰਘ, ਬੀਨਾ ਸਾਗਰ, ਸੁਖਵਿੰਦਰ ਕੰਬੋਜ, ਕਮਲਦੇਵ ਪਾਲ ਆਦਿ ਸ਼ਾਮਲ ਹਨ। ਇਸ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਸੁਖਵਿੰਦਰ ਕੰਬੋਜ਼, ਪਸ਼ੌਰਾ ਸਿੰਘ ਢਿਲੋਂ, ਸੁਰਿੰਦਰ ਸੀਰਤ ਅਤੇ ਮੱਖਣ ਲੁਹਾਰ ਸਾਮਲ ਹੋਏ। ਮੰਚ ਸੰਚਾਲਨ ਦੀ ਜ਼ਿੰਮੇਂਵਾਰੀ ਮਨਦੀਪ ਗੋਰਾ ਨੇ ਸ਼ਾਇਰਾਨਾ ਅੰਦਾਜ਼ ਵਿਚ ਨਿਭਾਈ। ਅੰਤ ਵਿਚ ਸੁਖਵਿੰਦਰ ਕੰਬੋਜ਼ ਨੇ ਇਸ ਸੰਮੇਲਨ ਵਿਚ ਪਹੁੰਚੇ ਸਾਰੇ ਸਾਹਿਤਕਾਰਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ। ਉਸਨੇ ਇਸ ਸ਼ਾਨਦਾਰ ਸੰਮੇਲਨ ਦੀ ਬੇਮਿਸਾਲ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦੇਂਦਿਆਂ ਤਹਿ ਦਿਲੋਂ ਸ਼ਲਾਘਾ ਵੀ ਕੀਤੀ ।

**ਰਿਪੋਰਟ :- ਹਰਜਿੰਦਰ ਸਿੰਘ ਪੰਧੇਰ**
**(209-610-5055)**






ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਫਰਿਜ਼ਨੋ ਵਿਖੇ ਮਾਤਾ ਰਾਮਾਬਾਈ ਜੀ ਦੀ 80ਵੀਂ ਬਰਸੀ ਮਨਾਈ ਗਈ। ਇਸ ਮੌਕੇ ਆਯੋਜਿਤ ਸਮਾਗਮ ਦੀਆਂ ਕੁਝ ਝਲਕਾਂ

# ਸ੍ਰੀ ਗੁਰੂ ਰਵਿਦਾਸ ਜੀ ਨੂੰ ਸਮਰਪਿਤ ਨਗਰ ਕੀਰਤਨ ਵਿਚ ਸ਼ਾਮਲ ਹੋਣ ਲਈ ਅਪੀਲ

## ਨਿਰਮਲ ਸਿੰਘ ਮੁੱਖ ਸੇਵਾਦਾਰ ਸ੍ਰੀ ਗੁਰੂ ਰਵਿਦਾਸ ਸਭਾ ਆਫ ਨਿਊਯਾਰਕ

ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਨੂੰ



ਸਮਰਪਿਤ ਹੁੰਦਿਆਂ ਗੁਰੂ ਘਰ ਦੀ ਕਮੇਟੀ ਨੇ ਸੰਗਤਾਂ ਨਾਲ ਮਿਲ ਕੇ ਨਗਰ ਕੀਰਤਨ ਕੱਢਣਾ ਸ਼ੁਰੂ ਕੀਤਾ ਸੀ। ਪਿਛਲੇ ਦੋ ਨਗਰ ਕੀਰਤਨ ਬੜੀ ਹੀ ਸਫਲਤਾ ਨਾਲ ਕੱਢੇ ਗਏ ਸਨ। ਇਸ ਵਾਰੀ ਤੀਸਰਾ ਮਹਾਨ ਨਗਰ ਕੀਰਤਨ ਮਿਤੀ 11 ਜੁਲਾਈ ਦਿਨ ਸ਼ਨਿਚਰਵਾਰ ਨੂੰ ਗੁਰੂ ਘਰ ਤੋਂ ਕੱਢਿਆ ਜਾਵੇਗਾ। ਇਸ ਵਾਰੀ ਪਹਿਲਾਂ ਤੋਂ ਵੀ ਚੰਗੇ ਪ੍ਰਬੰਧ ਕੀਤੇ ਜਾਣਗੇ। ਪੰਥ ਦੇ ਕਈ ਮਹਾਨ ਵਿਦਵਾਨ ਅਤੇ ਰਾਗੀ-ਢਾਡੀ ਇਸ ਵਿਚ ਸ਼ਾਮਲ ਹੋਣਗੇ। ਸਮੁੱਚੇ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਜਥੇਬੰਦੀਆਂ ਨੂੰ ਸੱਦ ਪੱਤਰ ਭੇਜੇ ਗਏ ਹਨ। ਲੋਕਲ ਸਿੱਖ ਨੇਤਾ ਅਤੇ ਅਮਰੀਕਨ ਸਿਆਸੀ ਲੋਕ ਵੀ ਹਾਜ਼ਰੀਆਂ ਭਰਨਗੇ। ਨਗਰ ਕੀਰਤਨ ਦੇ ਸਬੰਧ ਵਿਚ ਗੁਰੂ ਘਰ ਵਿਚ ਕਈ ਪ੍ਰੋਗਰਾਮ ਹੋਣ ਜਾ ਰਹੇ ਹਨ। ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ। ਹਰ ਰੋਜ਼ ਸ਼ਾਮ 6 ਵਜੇ ਤੋਂ ਲੈ ਕੇ 9 ਵਜੇ ਤੱਕ ਕੀਰਤਨ ਦਰਬਾਰ ਸਜਾਇਆ ਜਾਵੇਗਾ। ਲੰਗਰ ਅਤੁੱਟ ਵਰਤੇਗਾ। ਅਸੀਂ ਆਪ ਸੰਗਤਾਂ ਨੂੰ ਬੇਨਤੀ ਕਰਦੇ ਹਾਂ ਕਿ 11 ਜੁਲਾਈ ਨੂੰ ਇਸ ਮਹਾਨ ਨਗਰ ਕੀਰਤਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਿੱਛੇ ਚੱਲ ਕੇ ਲਾਹਾ ਖੱਟੀਏ ਅਤੇ ਵਡਭਾਗੇ ਬਣੀਏ। **ਸੰਗਤਾਂ ਦਾ ਦਾਸ**

**ਨਿਰਮਲ ਸਿੰਘ, ਮੁੱਖ ਸੇਵਾਦਾਰ।**

# ਡਾਕਟਰ ਮੋਹਨ ਤਿਆਗੀ ਨਾਲ ਇੱਕ ਵਿਸ਼ੇਸ ਮੁਲਾਕਾਤ 12 ਜੁਲਾਈ ਨੂੰ

**ਯੂਬਾ ਸਿਟੀ-** ਸਮੁੱਚੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਸਮੁੱਚੀ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵਲੋਂ ਬੇਨਤੀ ਕੀਤੀ ਜਾਂਦੀ ਹੈ ਕਿ 12 ਜੁਲਾਈ 2015 ਦਿਨ ਐਤਵਾਰ ਨੂੰ ਤਾਜ ਰੈਸਟੋਰੈਂਟ 1400 Whyler Rd Yuba City Ca 95993 ਵਿਖੇ 1.00 ਵਜੇ ਤੋਂ 4.00 ਵਜੇ ਤੱਕ ਅਸਿਟੈਂਟ



ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਡਾਕਟਰ ਮੋਹਨ ਤਿਆਗੀ ਨਾਲ ਇੱਕ ਵਿਸ਼ੇਸ ਮੁਲਾਕਾਤ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੀਟਿੰਗ ਵਿੱਚ ਸਾਰੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਆਉਣ ਲਈ ਬੇਨਤੀ ਕੀਤੀ ਜਾਂਦੀ ਹੈ।

ਚਾਹ ਪਾਣੀ ਅਤੇ ਦੁਪਿਹਰ ਦੇ ਖਾਣੇ ਦਾ ਪ੍ਰਬੰਧ ਪੰਜਾਬੀ ਸਾਹਿਤ ਸਭਾ ਕੈਲੇਫਰ-ਨੀਆ ਵਲੋਂ ਕੀਤਾ ਗਿਆ ਹੈ। ਰੈਸਟੋਰੈਂਟ ਦਾ ਫੋਨ ਨੰਬਰ 530-821-0121 ਹੈ।

ਹੋਰ ਜਾਣਕਾਰੀ ਲਈ ਸਭਾ ਦੇ ਪ੍ਰਧਾਨ 'ਦਿਲ' ਨਿੱਜਰ ਨਾਲ 916-628-2210 ਤੇ ਸੈਕਟਰੀ ਜੋਤੀ ਸਿੰਘ ਨਾਲ 916-806-4358 ਤੇ ਮਨਜੀਤ ਸੇਖੋਂ ਨਾਲ 916-690-2379 ਅਤੇ ਹਰਬੰਸ ਸਿੰਘ ਜਗਿਆਸੂ ਨਾਲ 530-933-2204 ਤੇ ਕੀਤਾ ਜਾ ਸਕਦਾ ਹੈ।

# ਪੰਜਾਬ ਵਿੱਚ ਖ਼ਤਮ ਨਹੀ ਹੋਈ ਸੰਪਤੀ ਰਜਿਸਟਰੇਸ਼ਨ ਫੀਸ

**ਚੰਡੀਗੜ੍ਹ-**ਪੰਜਾਬ ਸਰਕਾਰ ਨੇ ਿਸ ਸਾਲ 25 ਮ ੀ ਨੂੰ ਐਲਾਨ ਕੀਤਾ ਸੀ ਕਿ ਰਾਜ ਦੇ ਪੇਂਡੂ ਤੇ ਸ਼ਹਿਰੀ ਿਲਾਕਿਆਂ ਵਿੱਚ ਜੇ ਕੋ ੀ ਵਿਅਕਤੀ ਆਪਣੀ ਸੰਪਤੀ ਪਤਨੀ ਜਾਂ ਖੂਨ ਦੇ ਰਿਸ਼ਤੇ ਵਿੱਚ ਕਿਸੇ ਦੇ ਨਾਮ ਕਰਦਾ ਹੈ ਜਾਂ ਵੇਚਦਾ ਹੈ ਤਾਂ ੁਸ ਨੂੰ ਰਜਿਸਟਰੀ ਫੀਸ ਨਹੀਂ ਦੇਣੀ ਪਵੇਗੀ ਪਰ ਮਹੀਨੇ ਤੋਂ ੁਪਰ ਹੋਣ ਦੇ ਬਾਵਜੂਦ ਿਹ ਫੈਸਲਾ ਲਾਗੂ ਨਹੀਂ ਹੋਿਆ ਜਦ ਕਿ ਕਿਹਾ ਿਹ ਗਿਆ ਸੀ ਕਿ ਿਹ ਫ਼ੈਸਲਾ ਤੁਰੰਤ ਲਾਗੂ ਕਰ ਦਿੱਤਾ ਗਿਆ ਹੈ। ਿਸ ਬਾਰੇ ਭੰਬਲਭੂਸਾ ਪੈਣ ਕਾਰਨ ਸੈਂਕੜੇ ਲੋਕ ਤਹਿਸੀਲਾਂ ਵਿੱਚ ਮਗਜ਼ਮਾਰੀ ਕਰ ਰਹੇ ਹਨ। ਅਸਲ ਵਿੱਚ ਲੋਕਾਂ ਤੋਂ ਵਾਹਵਾ ੀ ਖੱਟਣ ਲ ੀ ਸਰਕਾਰ ਨੇ ਐਲਾਨ ਤਾਂ ਕਰ ਦਿੱਤਾ ਪਰ ਿਹ ਕਾਨੂੰਨੀ ਘੁੰਮਣਘੇਰੀ ਵਿੱਚ ਫਸ ਗਿਆ ਹੈ । ਸਰਕਾਰ ਨੇ ਕਿਹਾ ਸੀ ਕਿ ੁਹ ਰਜਿਸਟਰੀ ਚਾਰਜ ਖਤਮ ਕਰ ਰਹੀ ਹੈ ਪਰ ੁਸ ਨੇ ਿਸ ਬਾਰੇ ਕੋ ੀ ਨੋਟੀਫਿਕੇਸ਼ਨ ਹੀ ਜਾਰੀ ਨਹੀਂ ਕੀਤਾ । ਹੈਰਾਨੀ ਦੀ ਗੱਲ ਹੈ ਕਿ 20 ਮ ੀ ਨੂੰ ੁਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਕੈਬਨਿਟ ਦੀ ਮੀ-ਟਿੰਗ ਹੋ ੀ ਸੀ ਤੇ ਿਸ ਮਾਮਲੇ ਨੂੰ ਜ਼ੁਬਾਨੀ ਕਲਾਮੀ ਵਿਚਾਰਿਆ ਗਿਆ ਤੇ ਰਜਿਸਟਰੇਸ਼ਨ ਫੀਸ ਖਤਮ ਕਰਨ 'ਤੇ ਸਹਿਮਤੀ ਪ੍ਰਗਟਾ ੀ ਗ ੀ ਜਦ ਕਿ ਿਹ ਮੀਟਿੰਗ ਦਾ ੇਜੰਡਾ ਹੀ ਨਹੀਂ ਸੀ ।

ਸਿਰਫ਼ ਜ਼ੁਬਾਨੀ ਸਹਿਮਤੀ 'ਤੇ ਸਰਕਾਰ ਨੇ ਰਜਿਸਟਰੇਸ਼ਨ ਫੀਸ ਖਤਮ ਕਰਨ ਦਾ ਐਲਾਨ ਕਰਕੇ ਿਕ ਵਾਰ ਰਾਜ ਦੇ ਲੋਕਾਂ ਦੀਆਂ ਵਾਛਾਂ ਖਿੜਾ ਦਿੱਤੀਆਂ ਜਦ ਕਿ ਹੋਿਆ ਕੁੱਝ ਵੀ ਨਹੀਂ। ਿਸ ਬਾਰੇ ਰਾਜ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਮੰਨਿਆ ਹੈ ਕਿ ਫੈਸਲਾ ਤਕਨੀਕੀ ਕਾਰਨਾਂ ਕਰਕੇ ਕਾਨੂੰਨੀ ਦੇ ਅੜਿੱਕੇ ਚੜ੍ਹ ਗਿਆ ਹੈ ਪਰ ਕੈਬਨਿਟ ਦੀ ਅਗਲੀ ਮੀਟਿੰਗ ਵਿੱਚ ਿਸ ਬਾਰੇ ਰਸਮੀ ੇਜੰਡਾ ਪੇਸ਼ ਕਰਕੇ ਰਾਜ ਦੇ ਲੋਕਾਂ ਨੂੰ ਛੇਤੀ ਹੀ ਰਾਹਤ ਦਿੱਤੀ ਜਾਵੇਗੀ। ਦੂਜੇ ਪਾਸੇ ਮਾਲ ਵਿਭਾਗ ਦੇ ਸੂਤਰਾਂ ਮੁਤਾਬਕ ਹੁਣ ਰਜਿਸਟਰੇਸ਼ਨ ਫੀਸ ਪੂਰੀ ਤਰ੍ਹਾਂ ਮੁਆਫ ਕਰਨ ਦੀ ਥਾਂ ਿਸ ਨੂੰ ਿਕ ਫੀਸਦ ਤੋਂ 0.5 ਫੀਸਦ ਕਰਨ ਦੀ ਤਜਵੀਜ਼ ਹੈ ।ਜ਼ਿਕਰਯੋਗ ਹੈ ਕਿ ਿਸ ਸਮੇਂ ਰਾਜ ਦੇ ਪੇਂਡੂ ਿਲਾਕਿਆਂ ਵਿੱਚ ਪਤਨੀ ਜਾਂ ਖੂਨ ਦੇ ਰਿਸ਼ਤੇ ਵਿੱਚ ਸੰਪਤੀ ਤਬਦੀਲ ਕਰਨ ਜਾਂ ਵੇਚਣ ਦੀ ਰਜਿਸਟਰੇਸ਼ਨ ਫੀਸ ਦੋ ਫੀਸਦ ਲਗਦੀ ਹੈ ਜਦ ਸ਼ਹਿਰੀ ਿਲਾਕੇ ਵਿੱਚ ਿਹ ਪੰਜ ਫੀਸਦੀ ਹੈ। ਲੋਕ ਐਨੀ ਫੀਸ ਤਾਰਨ ਨਾਲੋਂ ਆਮ ਮੁਖਤਾਰਨਾਮਿਆਂ 'ਤੇ ਸੰਪਤੀ ਲੈ ਦੇ ਰਹੇ ਹਨ ਜਿਸ ਕਾਰਨ ਅੱਗੇ ਚੱਲਕੇ ਪਰਿਵਾਰਾਂ ਵਿੱਚ ਝਗੜੇ ਹੋ ਰਹੇ ਹਨ।


A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics

9:00 AM to 6:00 PM Mon-Sat
Ph: 916-238-4431
649 W. Elkhorn Blvd. Suite B2
Rio Linda, CA 95673

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ
* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।

Call For Special Price
Kashmir S. Thandi
Office: (866) 933-3038
Balhar S. Ranu
Cell: 916-502-7733
Yuba City Ph: 530-419-5058

1816 Main Ave., Secramento CA, 95838

ਦੇਸ਼ ਦੁਆਬਾ

# ਲੜਕੀਆਂ ਅੱਗੇ ਪਰ ਸਿੱਖਿਆ ਸਹੂਲਤਾਂ ਪੱਖੋਂ ਪਿੱਛੇ

ਭਾਰਤ ਦੀ ਸਭ ਤੋਂ ਸਿਖਰ ਦੀ ਮੰਨੀਆਂ ਜਾਂਦੀਆਂ ਸਿਵਲ ਸੇਵਾਵਾਂ ਦੇ ਹਾਲ ਹੀ ਵਿਚ ਨਤੀਜੇ ਆਏ ਹਨ, ਜਿਹਨਾਂ ਵਿਚ ਲੜਕੀਆਂ ਸਭ ਤੋਂ ਸਿਖਰ ਤੇ ਹਨ। ਯੂ. ਪੀ. ਐਸ. ਸੀ. ਦੁਆਰਾ ਐਲਾਨੇ ਸਿਵਲ ਪ੍ਰੀਖਿਆ ਦੇ ਨਤੀਜਿਆਂ ਨੇ ਸਾਬਤ ਕਰ ਦਿੱਤਾ ਕਿ ਭਾਰਤ ਵਿਚ ਲੜਕੀਆਂ ਪੜ੍ਹਨ ਪੱਖੋਂ ਲੜਕਿਆਂ ਤੋਂ ਅੱਗੇ ਹਨ ਅਤੇ ਆਪਣੀ ਯੋਗਤਾ ਨੂੰ ਸਾਬਤ ਕਰਨ ਲਈ ਲੜਕੀਆਂ ਨੇ ਕਈ ਵਾਰ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ। ਇਸ ਵਾਰ ਦੀ ਪ੍ਰੀਖਿਆ ਵਿਚ ਸਿਖਰ ਦੀਆਂ ਚਾਰ ਥਾਵਾਂ ਤੇ ਲੜਕੀਆਂ ਨੇ ਕਬਜਾ ਕੀਤਾ ਹੈ। ਦਿੱਲੀ ਦੀ ਇਕ ਸਰੀਰਕ ਤੌਰ ਤੇ ਅੰਗਹੀਣ ਹੋਣ ਦੇ ਬਾਵਜੂਦ ਇਕ ਲੜਕੀ ਨੇ ਮਾਨਸਿਕ ਦ੍ਰਿੜ੍ਹਤਾ ਦਾ ਸਬੂਤ ਦਿੰਦਿਆਂ ਸਭ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਲੜਕੀਆਂ ਦੀ ਇਸ ਕਾਮਯਾਬੀ ਦੇ ਬਾਵਜੂਦ ਭਾਰਤ ਵਿਚ ਲੜਕੀਆਂ ਦੀ ਸਿੱਖਿਆ ਪੱਖੋਂ ਹਾਲਤ ਬਹੁਤ ਜ਼ਿਆਦਾ ਮਾੜੀ ਹੈ। ਹਾਲ ਹੀ ਵਿਚ ਭਾਰਤ ਦੀ ਜਨਗਣਨਾ ਦੇ ਆਏ ਨਤੀਜਿਆਂ ਮੁਤਾਬਕ ਭਾਰਤ ਵਿਚ 60 ਫੀਸਦੀ ਆਬਾਦੀ ਹਾਲੇ ਵੀ ਹਾਸ਼ੀਏ ਤੇ ਬੈਠੀ ਹੈ ਅਤੇ ਔਰਤਾਂ ਦੇ ਮਾਮਲੇ ਵਿਚ ਇਹ ਅੰਕੜਾ 80 ਫੀਸਦੀ ਤੋਂ ਜ਼ਿਆਦਾ ਹੈ। ਇਸ ਤੋਂ ਸਪਸ਼ਟ ਹੈ ਕਿ ਭਾਰਤ ਵਿਚ ਸਿੱਖਿਆ ਪੱਖੋਂ ਲੜਕੀਆਂ ਅੱਜ ਵੀ ਵਿਤਕਰੇ ਦਾ ਸ਼ਿਕਾਰ ਹਨ। ਜ਼ਿਆਦਾਤਰ ਘਰਾਂ ਵਿਚ ਲੜਕੀਆਂ ਨੂੰ ਉਚ ਸਿੱਖਿਆ ਤੋਂ ਲੱਗਭੱਗ ਵਾਂਝਿਆਂ ਹੀ ਕੀਤਾ ਗਿਆ ਹੈ। ਅਕਸਰ ਲੜਕੀਆਂ ਦਿਹਾਤੀ ਖੇਤਰਾਂ ਵਿਚ ਪੰਜ-ਸੱਤ ਜਮਾਤਾਂ ਹੀ ਪੜ੍ਹ ਪਾਉਂਦੀਆਂ ਹਨ। ਇਹਨਾਂ ਨੂੰ ਉਚ ਸਿੱਖਿਆ ਨਸੀਬ ਹੀ ਨਹੀਂ ਹੁੰਦੀ। ਭਾਰਤ ਦੇ ਕੁਝ ਹੀ ਅਮੀਰ ਵਰਗ ਦੇ ਲੋਕ ਹਨ, ਜਿਹੜੇ ਲੜਕੀਆਂ ਨੂੰ ਉਚ ਸਿੱਖਿਆ ਦੇ ਪਾਉਂਦੇ ਹਨ। ਮੱਧ ਵਰਗ ਵੀ ਮਹਿੰਗਾਈ ਅਤੇ ਮਹਿੰਗੀ ਪੜ੍ਹਾਈ ਦੀ ਚੱਕੀ ਵਿਚ ਪਿਸ ਕੇ ਦਮ ਤੋੜ ਰਿਹਾ ਹੈ। ਗਰੀਬ ਵਰਗ ਦੀਆਂ ਲੜਕੀਆਂ ਦੀ ਹਾਲਤ ਤਾਂ ਬਹੁਤ ਹੀ ਜ਼ਿਆਦਾ ਤਰਸਯੋਗ ਹੈ, ਉਹਨਾਂ ਦੀ ਸਿੱਖਿਆ ਵੱਲ ਕਦੀ ਕਿਸੇ ਨੇ ਧਿਆਨ ਹੀ ਨਹੀਂ ਦਿੱਤਾ। ਸਰਕਾਰਾਂ ਵਜ਼ੀਫੇ ਦਿੰਦੀਆਂ ਹਨ, ਸਾਈਕਲ ਵੰਡਦੀਆਂ ਹਨ ਪਰ ਇਹ ਛੋਟੇ-ਮੋਟੇ ਰਾਹਤਾਂ ਦੇ ਤੋਹਫੇ ਗਰੀਬ ਵਰਗ ਨੂੰ ਆਪਣੀਆਂ ਲੜਕੀਆਂ ਨੂੰ ਪੜ੍ਹਾਉਣ ਲਈ ਆਕਰਸ਼ਿਤ ਨਹੀਂ ਕਰ ਪਾ ਰਹੇ। ਨਤੀਜਾ ਇਹ ਕਿ ਭਾਰਤ ਵਿਚ 90 ਫੀਸਦੀ ਤੋਂ ਜ਼ਿਆਦਾ ਲੜਕੀਆਂ ਉਚ ਸਿੱਖਿਆ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ। ਬਾਕੀ ਰਹਿੰਦਾ 10 ਫੀਸਦੀ ਉਹ ਵਰਗ ਹੈ, ਜਿਹੜਾ ਸਰਬ ਸੰਪਨ ਹੈ ਅਤੇ ਸਾਰੇ ਸਾਧਨ ਪ੍ਰਾਪਤ ਕਰ ਸਕਦਾ ਹੈ। ਇਸ ਦੇ ਬਾਵਜੂਦ ਕੋਈ ਟਾਂਵੀ-ਟਾਂਵੀ ਲੜਕੀ ਜੇਕਰ ਗਰੀਬ ਵਰਗ ਵਿਚੋਂ ਉਚ ਸਿੱਖਿਆ ਪ੍ਰਾਪਤ ਕਰਨ ਦੇ ਯੋਗ ਹੋ ਵੀ ਜਾਵੇ ਤਾਂ ਉਹ ਆਪਣੀ ਪ੍ਰਤਿਭਾ ਦਾ ਲੋਹਾ ਮਨਵਾ ਦਿੰਦੀ ਹੈ। ਇਸ ਤੋਂ ਸਪਸ਼ਟ ਹੈ ਕਿ ਭਾਰਤ ਵਿਚ ਪ੍ਰਤਿਭਾ ਦੀ ਕਮੀ ਨਹੀਂ ਬਲਕਿ ਪ੍ਰਤਿਭਾ ਨੂੰ ਨਿਖਾਰਨ ਅਤੇ ਮੌਕੇ ਮੁਹੱਈਆ ਕਰਵਾਉਣ ਲਈ ਮਾਹੌਲ ਨਹੀਂ ਹੈ।

# ਪ੍ਰਵਾਸੀ ਲੜਕੀ ਨਾਲ ਛੇੜ ਛਾੜ ਦੀ ਘਟਨਾ ਸਿੱਖੀ ਵਕਾਰ ਤੇ ਧੱਬਾ



ਉਜਾਗਰ ਸਿੰਘ

ਸਿੱਖਾਂ ਅਤੇ ਪੰਜਾਬੀਆਂ ਦੇ ਵਕਾਰ ਅਤੇ ਅਕਸ ਵਿਚ ਦਿਨ-ਬਦਿਨ ਗਿਰਾਵਟ ਆ ਰਹੀ ਹੈ। ਵਿਗਿਆਨ ਦੇ ਵਿਕਾਸ ਦੇ ਨਾਲ ਇਨਸਾਨ ਦੇ ਵਿਕਾਸ ਵਿਚ ਬਿਹਤਰੀ ਹੋਣੀ ਚਾਹੀਦੀ ਹੈ ਪ੍ਰੰਤੂ ਦੁੱਖ ਦੀ ਗੱਲ ਹੈ ਕਿ ਮਨੁਖਤਾ ਦੇ ਵਿਕਾਸ ਦੀ ਆੜ ਵਿਚ ਗੰਭੀਰ ਸੰਕਟ ਖੜ੍ਹੇ ਕੀਤੇ ਜਾ ਰਹੇ ਹਨ। ਬਦਲਾਅ ਅਤੇ ਵਿਕਾਸ ਸਮੇਂ ਦੀ ਤਬ-ਦੀਲੀ ਦਾ ਆਧਾਰ ਹੁੰਦੇ ਹਨ। ਤਬਦੀਲੀ ਦਾ ਭਾਵ ਠੋਸ ਵਿਚਾਰਧਾਰਾ ਹੋਣਾ ਚਾਹੀਦਾ ਹੈ। ਤਬਦੀਲੀ ਮਾਨਸਿਕ ਕਦਰਾਂ ਕੀਮਤਾਂ ਵਿਚ ਮਜ਼ਬੂਤੀ ਦਾ ਦੂਜਾ ਨਾ ਹੁੰਦੀ ਹੈ। ਦਸਾਂ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਤੌਰ ਤੇ ਗੁਰੂ ਗੋਬਿੰਦ ਸਿੰਘ ਨੇ ਸਿਖਾਂ ਦੀ ਵੱਖਰੀ ਪਛਾਣ ਬਣਾ ਕੇ ਉਨ੍ਹਾਂ ਨੂੰ ਗ਼ਰੀਬ, ਗਊ ਅਤੇ ਅਬਲਾ ਦੇ ਰੱਖਵਾਲੇ ਤੇ ਜ਼ੁਲਮ ਦਾ ਟਾਕਰਾ ਕਰਕੇ ਅਤੇ ਸਰਬੱਤ ਦੇ ਭਲੇ ਤੇ ਪਹਿਰਾ ਦੇਣ ਦਾ ਤਹੱਈਆ ਕੀਤਾ ਸੀ। ਉਨ੍ਹਾਂ ਦਾ ਭਾਵ ਕਿਸੇ ਨਾਲ ਦੁਸ਼ਮਣੀ ਪਾਉਣਾ ਨਹੀਂ ਸਗੋਂ ਲੋੜਵੰਦ ਦੇ ਹਿਤਾਂ ਰਾਖੀ ਕਰਨਾ ਸੀ। ਉਸ ਤੋਂ ਬਾਅਦ ਪਗੜੀਧਾਰੀ ਰੱਖਿਆ ਦਾ ਪ੍ਰਤੀਕ ਬਣ ਕੇ ਉਭਰਕੇ ਸਾਮ੍ਹਣੇ ਆਇਆ। ਸਿਖਾਂ ਦਾ ਅਕਸ ਦੁਨੀਆਂ ਵਿਚ ਵਿਲੱਖਦ ਕੰਮ ਕਰਨ ਵਾਲਿਆਂ ਦੇ ਤੌਰ ਤੇ ਜਾਣਿਆਂ ਜਾਣ ਲੱਗ ਪਿਆ। ਪੰਜਾਬ ਦੇ ਕਾਲੇ ਦਿਨ 1980 ਦਾ ਦਹਾਕਾ ਸਿਖਾਂ ਦੇ ਅਕਸ ਨੂੰ ਵਿਗਾੜਨ ਵਿਚ ਵੱਡਾ ਰੋਲ ਅਦਾ ਕਰ ਗਿਆ। ਉਹ ਕਾਲੇ ਦਿਨ ਵੀ ਗੁਪਤਚਰ ਏਜੰਸੀਆਂ ਦੀ ਦੇਣ ਸਨ। ਉਸ ਸਮੇਂ ਦੌਰਾਨ ਹਰਿਮੰਦਰ ਸਾਹਿਬ ਵਿਚ ਫ਼ੌਜ ਦਾ ਦਾਖ਼ਲ ਹੋ ਕੇ ਸਿਖ ਸ਼ਰਧਾਲੂਆਂ ਨੂੰ ਸ਼ਹੀਦ ਕਰਨ ਅਤੇ 1984 ਦਾ ਕਤਲੇਆਮ ਨੇ ਰਹਿੰਦੀ ਖੂੰਹਦੀ ਕਸਰ ਵੀ ਕੱਢ ਦਿੱਤੀ। ਉਸ ਤੋਂ ਬਾਅਦ ਸਿਖਾਂ ਦਾ ਅਕਸ ਬਹਾਲ ਕਰਨ ਦੀ ਲਗਾਤਾਰ ਕੋਸ਼ਿਸ਼ ਹੋ ਰਹੀ ਹੈ, ਪ੍ਰੰਤੂ ਅੰਮ੍ਰਿਤਸਰ ਵਿਖੇ ਸਿਖ ਧਰਮ ਬਾਰੇ ਖੋਜ ਕਰਨ ਲਈ ਇੰਗਲੈਂਡ ਦੇ ਲੰਦਨ ਸ਼ਹਿਰ ਤੋਂ ਆਈ 24 ਸਾਲਾ ਲੜਕੀ ਸਾਰਾਹ ਨਾਦਨ ਕੋਪਨ ਨਾਲ ਅੰਮ੍ਰਿਤਸਰ ਤੋਂ ਦਿੱਲੀ ਜਾਣ ਵਾਲੀ ਸ਼ਹੀਦ ਐਕਸਪ੍ਰੈਸ ਰੇਲ ਗੱਡੀ ਵਿਚ ਇੱਕ ਸਿਖ ਪੁਲਿਸ ਮੁਲਾਜ਼ਮ ਸੁਖਵਿੰਦਰ ਸਿੰਘ ਵੱਲੋਂ ਕੀਤੀ ਗਈ ਜਿਨਸੀ ਛੇੜ ਛਾੜ ਨੇ ਸਿਖ ਭਾਈਚਾਰੇ ਦੇ ਵਕਾਰ ਨੂੰ ਗਹਿਰਾ ਧੱਕਾ ਪਹੁੰਚਾਕੇ ਸ਼ਰਮਸ਼ਾਰ ਕਰ ਦਿੱਤਾ। ਅਜਿਹੀਆਂ ਕਾਲੀਆਂ ਭੇਡਾਂ ਹੀ ਸਿਖ ਕੌਮ ਨੂੰ ਬਦਨਾਮ ਕਰ ਰਹੀਆਂ ਹਨ। ਉਹ ਲੜਕੀ ਅੰਮ੍ਰਿਤਸਰ ਰੇਲਵੇ ਸ਼ਟੇਸ਼ਨ ਤੇ ਆਪਣੇ ਡੱਬੇ ਵਿਚ ਬੈਠੀ ਸੀ, ਜਿਸਦਾ ਇੱਕ ਸਿਖ ਨੌਜਵਾਨ ਗ਼ਲਤ ਢੰਗ ਨਾਲ ਪਿਛਾ ਕਰ ਰਿਹਾ ਸੀ। ਉਸ ਡੱਬੇ ਵਿਚ ਦੋ ਹੋਰ ਸਿਖ ਸਵਾਰ ਸਨ, ਜਿਨ੍ਹਾਂ ਵਿਚ ਇੱਕ ਪੁਲਿਸ ਮੁਲਾਜ਼ਮ ਸੁਖਵਿੰਦਰ ਸਿੰਘ ਵੀ ਸੀ। ਉਸ ਲੜਕੀ ਨੇ ਪੁਲਿਸ ਮੁਲਾਜ਼ਮ ਤੋਂ ਸਹਾਇਤਾ ਲੈਣ ਲਈ ਉਸ ਨੂੰ ਦੱਸਿਆ ਕਿ ਉਹ ਆਦਮੀ ਉਸਦਾ ਪਿੱਛਾ ਕਰ ਰਿਹਾ ਹੈ। ਪੁਲਿਸ ਵਾਲੇ ਨੇ ਮੋਬਾਈਲ ਤੇ ਕਿਸੇ ਵਿਅਕਤੀ ਨਾਲ ਗੱਲ ਕੀਤੀ, ਜਿਸ ਤੋਂ ਬਾਅਦ ਪਿੱਛਾ ਕਰਨ ਵਾਲਾ ਆਦਮੀ ਤਾਂ ਤੁਰੰਤ ਗੱਡੀ ਵਿਚੋਂ ਉਤਰ ਗਿਆ। ਲੜਕੀ ਨੇ ਸਮਝਿਆ ਕਿ ਪੁਲਿਸ ਵਾਲਾ ਮੇਰੀ ਮਦਦ ਕਰ ਰਿਹਾ ਹੈ। ਥੋੜ੍ਹੀ ਦੇਰ ਬਾਅਦ ਜਦੋਂ ਗੱਡੀ ਚਲ ਪਈ ਤਾਂ ਡੱਬੇ ਵਿਚ ਉਸ ਲੜਕੀ ਸਣੇ ਦੋ ਹੋਰ ਆਦਮੀ ਹੀ ਸਨ। ਜਦੋਂ ਗੱਡੀ ਚਲ ਪਈ ਤਾਂ ਸਥਿਤੀ ਹੀ ਬਦਲ ਗਈ। ਸਾਰਾਹ ਨਾਦਾਨ ਦੀ ਸ਼ਿਕਾਇਤ ਅਨੁਸਾਰ ਪੁਲਿਸ ਵਾਲੇ ਸੁਖਵਿੰਦਰ ਸਿੰਘ ਨੇ ਡੱਬੇ ਵਿਚ ਬੈਠੇ ਦੂਜੇ ਸਿਖ ਵਿਅਕਤੀ ਨੂੰ ਸ਼ਾਇਦ 50 ਰੁਪਏ ਦਾ ਨੋਟ ਦਿੱਤਾ ਅਤੇ ਉਸ ਨਾਲ ਪੰਜਾਬੀ ਵਿਚ ਗੱਲ ਕੀਤੀ ਜਿਸ ਨੂੰ ਉਹ ਸਮਝ ਨਹੀਂ ਸਕੀ ਅਤੇ ਉਹ ਆਦਮੀ ਸੀਟ ਤੇ ਲੰਮਾਂ ਪੈ ਗਿਆ ਅਤੇ ਉਸ ਨੇ ਸੁਤੇ ਹੋਣ ਦਾ ਨਾਟਕ ਕਰ ਲਿਆ। ਪੁਲਿਸ ਵਾਲੇ ਦੀ ਨੇਮ ਪਲੇਟ ਉਸਦੀ ਵਰਦੀ ਤੇ ਲੱਗੀ ਹੋਈ ਸੀ, ਜਿਸ ਉਪਰ ਸੁਖਵਿੰਦਰ ਸਿੰਘ ਲਿਖਿਆ ਹੋਇਆ ਸੀ। ਥੋੜ੍ਹੀ ਦੇਰ ਬਾਅਦ ਉਸ ਪੁਲਿਸ ਵਰਦੀ ਵਾਲੇ ਆਦਮੀ ਨੇ ਮੇਰੇ ਨਾਲ ਅੱਖਾਂ ਦੇ ਇਸ਼ਾਰਿਆਂ ਨਾਲ ਅਤੇ ਹੋਰ ਸਰੀਰਕ ਸ਼ੋਸ਼ਣ ਵਾਲੀਆਂ ਸ਼ਰਾਰਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਉਹ ਮੁਸਕਰਾਹਟ ਵੀ ਦੇ ਰਿਹਾ ਸੀ। ਉਸ ਲੜਕੀ ਨੇ ਉਸ ਨੂੰ ਅਣਡਿਠ ਕਰਨਾ ਸ਼ੁਰੂ ਕਰ ਦਿੱਤਾ ਪ੍ਰੰਤੂ ਉਹ ਉਸੇ ਸੀਟ ਤੇ ਲੜਕੀ ਦੇ ਕੋਲ ਆ ਕੇ ਬੈਠ ਗਿਆ। ਉਹ ਲੜਕੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਈ। ਇਤਨੇ ਨੂੰ ਉਸ ਆਦਮੀ ਨੇ ਲੜਕੀ ਦੇ ਸਰੀਰ ਨਾਲ ਆਪਣਾ ਸਰੀਰ ਲਾਉਣਾ ਸ਼ੁਰੂ ਕਰ ਦਿੱਤਾ । ਅਸ਼ਲੀਲ ਹਰਕਤਾਂ ਵੀ ਕਰਨ ਲੱਗ ਪਿਆ। ਲੜਕੀ ਨੇ ਨਾ ਨਾ ਦਾ ਰੌਲਾ ਪਾਇਆ, ਨਾਲ ਦੀ ਸੀਟ ਤੇ ਸੌਣ ਦਾ ਬਹਾਨਾ ਕਰ ਰਿਹਾ ਆਦਮੀ ਬਿਲਕੁਲ ਹੀ ਬੇਪ੍ਰਵਾਹੀ ਨਾਲ ਪਿਆ ਰਿਹਾ। ਉਥੇ ਉਸ ਦੀ ਸੁਣਨ ਵਾਲਾ ਕੋਈ ਨਹੀਂ ਸੀ। ਉਲਟੀ ਵਾੜ ਹੀ ਖੇਤ ਨੂੰ ਖਾਣ ਲੱਗ ਪਈ, ਜਿਸ ਪੁਲਿਸ ਨੇ ਆਮ ਆਦਮੀ ਦੇ ਜਾਨ ਮਾਲ ਦੀ ਰਾਖੀ ਕਰਨੀ ਹੁੰਦੀ ਹੈ, ਉਹ ਹੀ ਉਸ ਲੜਕੀ ਹਵਸ਼ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ। ਉਸ ਲੜਕੀ ਦੀ ਸ਼ਿਕਾਇਤ ਅਨੁਸਾਰ ਉਹ ਸਿਖ ਦੇ ਅਕਸ ਨੂੰ ਰੱਖਿਅਕ ਦਾ ਸਿੰਬਲ ਸਮਝਦੀ ਸੀ ਪ੍ਰੰਤੂ ਦੁਖ ਦੀ ਗੱਲ ਇਹ ਸੀ ਕਿ ਉਸ ਲੜਕੀ ਨੂੰ ਛੇੜਨ ਵਾਲਾ ਇਕੱਲਾ ਹੀ ਸਿਖ ਨਹੀਂ ਸਗੋਂ ਅਸਿਧੇ ਢੰਗ ਨਾਲ ਦੋ ਹੋਰ ਸਿਖ ਛੇੜਨ ਵਾਲੇ ਦੀ ਮਦਦ ਕਰ ਰਹੇ ਸਨ। ਇਸ ਸਿਖ ਅਧਿਕਾਰੀ ਨੇ ਸਿਖਾਂ ਦਾ ਅਕਸ ਮਿੱਟੀ ਵਿਚ ਮਿਲਾ ਦਿੱਤਾ ਹੈ। ਸਿਖ ਧਰਮ ਦੀ ਕੰਪੈਰੇਟਿਵ ਸਟੱਡੀ ਕਰਨ ਆਈ ਲੜਕੀ ਨਾਲ ਅਜਿਹੀ ਘਟਨਾ ਤੋਂ ਬਾਅਦ ਹੋਰ ਕੋਈ ਵੀ ਵਿਦਿਆਰਥੀ ਸਿਖ ਧਰਮ ਬਾਰੇ ਜਾਣਕਾਰੀ ਲੈਣ ਲਈ ਅੰਮ੍ਰਿਤਸਰ ਨਹੀਂ ਆਵੇਗਾ । ਸਿਖ ਆਪਣੇ ਪੈਰੀਂ ਆਪ ਕੁਹਾੜਾ ਮਾਰ ਰਹੇ ਹਨ। ਇਕ ਔਰਤ ਦੀ ਕੁਖ ਵਿਚੋਂ ਪੈਦਾ ਹੋ ਕੇ ਔਰਤ ਨੂੰ ਹੀ ਨਿਸ਼ਾਨਾ ਬਣਾਉਣ ਤੋਂ ਆਦਮੀ ਕਿਉਂ ਸ਼ਰਮਸ਼ਾਰ ਨਹੀਂ ਹੋ ਰਿਹਾ? ਬਰਤਾਨੀਆਂ ਵਿਚ ਦੁਨੀਆਂ ਵਿਚੋਂ ਸਭ ਤੋਂ ਵੱਧ ਪੰਜਾਬੀ ਵੱਸੇ ਹੋਏ ਹਨ, ਫਿਰ ਉਹ ਅਜਿਹੀਆਂ ਘਟਨਾਵਾਂ ਤੋਂ ਬਾਅਦ ਘ੍ਰਿਣਾ ਦੇ ਪਾਤਰ ਕਿਉਂ ਨਹੀਂ ਬਣਨਗੇ? ਇੱਕ ਪਾਸੇ ਤਾਂ ਅਸੀਂ ਸਿਖ ਦੀ ਪਛਾਣ ਦਾ ਵਿਦੇਸ਼ੀ ਸਰਕਾਰਾਂ ਨੂੰ ਪ੍ਰਚਾਰ ਕਰਨ ਦੀਆਂ ਗੱਲਾਂ ਕਰ ਰਹੇ ਹਾਂ, ਦੂਜੇ ਪਾਸੇ ਅਜਿਹੀਆਂ ਚਰਿਤਰਹੀਣ ਕਾਰਵਾਈਆਂ ਕਰ ਰਹੇ ਹਾਂ। ਕੀ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਅਸੀਂ ਅਜਿਹੇ ਘਟੀਆ ਇਨਸਾਨ ਹਾਂ? ਤੁਸੀਂ ਦੁਨੀਆਂ ਵਿਚ ਆਪਣੇ ਬਚਾਓ ਲਈ ਪਛਾਣ ਦਾ ਮੁਦਾ ਉਠਾ ਰਹੇ ਹੋ ਅਤੇ ਖ਼ੁਦ ਇਸਤਰੀਆਂ ਦੀ ਇੱਜ਼ਤ ਤੇ ਹਮਲੇ ਕਰ ਰਹੇ ਹੋ। ਹੋਸ਼ ਕਰੋ ਪੰਜਾਬੀਓ ਧੀ ਭੈਣ ਸਭ ਦੀ ਸਾਂਝੀ ਹੁੰਦੀ ਹੈ। ਪੰਜਾਬ ਸਰਕਾਰ ਟਾਹਰਾਂ ਮਾਰਦੀ ਹੈ ਕਿ ਉਹ ਲੋਕਾਂ ਦੀ ਸੇਵਾ ਕਰ ਰਹੀ ਹੈ, ਦੂਜੇ ਪਾਸੇ ਸੈਕਸ ਸ਼ੋਸ਼ਣ ਦੀ ਲੜਕੀ ਨੂੰ ਐਫ.ਆਈ.ਆਰ.ਦਰਜ

(ਬਾਕੀ ਸਫਾ ਤੇ)

# ਸ਼ੰਕਾ-ਨਵਿਰਤੀ/ ਭਾਗ- 7



ਮੇਘ ਰਾਜ ਮਿੱਤਰ
+91-98887-87440

? ਘਰ ਵਾਲੇ ਨਲਕੇ ਵਿੱਚੋਂ ਨਿਕਲਦਾ ਪਾਣੀ ਸਿਹਤ ਲਈ ਠੀਕ ਹੈ ਜਾਂ ਨਹੀਂ। ਇਸ ਨੂੰ ਕਿੱਥੋਂ ਟੈਸਟ ਕਰਵਾਉਣਾ ਚਾਹੀਦਾ ਹੈ। ਜੇ ਅਸ਼ੁੱਧੀਆਂ ਹੋਣ ਤਾਂ ਕਿਵੇਂ ਠੀਕ ਕੀਤੀਆਂ ਜਾ ਸਕਦੀਆਂ ਹਨ?

* ਘਰ ਵਿਚਲੇ ਨਲਕੇ ਅਜਿਹੀਆਂ ਥਾਵਾਂ ’ਤੇ ਲੱਗੇ ਹੁੰਦੇ ਹਨ, ਜਿੱਥੇ ਧਰਤੀ ਵਿਚਲਾ ਗੰਦ-ਮੰਦ ਵੀ ਧਰਤੀ ਵਿੱਚ ਰਚ ਕੇ ਹੇਠਾਂ ਚਲਿਆ ਜਾਂਦਾ ਹੈ। ਕਈ ਵਾਰੀ ਨਲਕੇ ਧਰਤੀ ਵਿਚਲੇ ਪਾਣੀ ਦੀ ਅਜਿਹੀ ਡੂੰਘਾਈ ਤੇ ਲਾਏ ਹੁੰਦੇ ਹਨ, ਜਿੱਥੋਂ ਦਾ ਪਾਣੀ ਪੀਣਾ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਅਜਿਹੇ ਨਲਕਿਆਂ ਦਾ ਪਾਣੀ ਵਰਤੋਂ ਵਿੱਚ ਲਿਆਉਣ ਤੋਂ ਪਹਿਲਾਂ ਜ਼ਰੂਰ ਟੈਸਟ ਕਰਵਾ ਲੈਣਾ ਚਾਹੀਦਾ ਹੈ। ਪਾਣੀ ਨੂੰ ਟੈਸਟ ਕਰਵਾਉਣ ਵਾਲੀਆਂ ਲੈਬੋਟਰੀਆਂ ਦਾ ਪਤਾ ਪੰਜਾਬ ਵਿਚਲੀਆਂ ਪਾਣੀਆਂ ਦੀਆਂ ਟੈਂਕੀਆਂ ਨਾਲ ਸੰਬੰਧਤ ਪੰਜਾਬ ਸਟੇਟ ਟਿਊਬਵੈੱਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਤੋਂ ਲਿਆ ਜਾ ਸਕਦਾ ਹੈ।

? ਧਰਤੀ ਹੇਠਾਂ ਪਾਣੀ ਦਾ ਪੱਧਰ ਦਿਨ-ਬ-ਦਿਨ ਹੇਠਾਂ ਡਿੱਗ ਰਿਹਾ ਹੈ। ਇਸਦਾ ਆਉਣ ਵਾਲੇ ਸਮੇਂ ਵਿਚ ਮਨੁੱਖੀ ਜੀਵਨ ਉੱਤੇ ਕੀ ਤੇ ਕਿਹੋ ਜਿਹੇ ਪ੍ਰਭਾਵ ਪੈ ਸਕਦੇ ਹਨ? ਦੱਸਣ ਦੀ ਕਿਰਪਾ ਕਰਨੀ।

* ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਕਿਸਾਨ ਵੱਧ ਤੋਂ ਵੱਧ ਖੇਤਰਾਂ ਵਿਚ ਜੀਰੀ ਉਗਾਉਣ ਲਈ, ਪਾਣੀ ਦੀ ਜ਼ਿਆਦਾ ਵਰਤੋਂ ਕਰ ਰਹੇ ਹਨ। ਇਸ ਲਈ ਧਰਤੀ ਵਿਚਲੇ ਪਾਣੀ ਦਾ ਲੇਬਲ ਹੇਠਾਂ ਜਾ ਰਿਹਾ ਹੈ। ਇਕ ਸਮਾਂ ਅਜਿਹਾ ਜ਼ਰੂਰ ਆਵੇਗਾ ਜਦੋਂ ਸਾਡੇ ਮੌਜੂਦਾ ਇੰਜਣ ਤੇ ਮੋਟਰਾਂ ਖਾਸ ਡੂੰਘਾਈ ਤੋਂ ਪਾਣੀ ਚੁੱਕਣੋਂ ਅਸਮਰਥ ਹੋਣਗੀਆਂ। ਇਸ ਲਈ ਉਹਨਾਂ ਹਾਲਤਾਂ ਵਿਚ ਪੰਜਾਬ ਦੀ ਹਰਿਆਲੀ ਤੇ ਖੁਸ਼ਹਾਲੀ, ਮੰਦਹਾਲੀ ਵਿਚ ਬਦਲ ਜਾਵੇਗੀ।

? ਅੱਖ ਉੱਪਰ ਉਂਗਲ ਰੱਖ ਕੇ ਦਬਾਉਣ ਨਾਲ ਸਾਨੂੰ ਚੀਜ਼ਾਂ ਇਕ ਤੋਂ ਦੋ ਕਿਉਂ ਦਿਖਾਈ ਦਿੰਦੀਆਂ ਹਨ?

* ਅੱਖ ਉੱਪਰ ਉਂਗਲ ਦਬਾਉਣ ਨਾਲ ਸਾਡੀ ਇਕ ਅੱਖ ਦੀ ਫੋਕਸ ਦੂਰੀ ਦੂਜੀ ਅੱਖ ਨਾਲੋਂ ਬਦਲ ਜਾਂਦੀ ਹੈ। ਇਸ ਲਈ ਸਾਡੀਆਂ ਦੋਵੇਂ ਅੱਖਾਂ ਨੂੰ ਉਹ ਇੱਕੋ ਹੀ ਚੀਜ਼ ਦੋ ਦਿਖਾਈ ਦੇਣ ਲੱਗ ਜਾਂਦੀ ਹੈ।

? ਮਨੁੱਖ ਨੂੰ ਜਿਉਂਦਾ ਰੱਖਣ ਵਾਲੀ ਕੀ ਚੀਜ਼ ਹੈ, ਜਿਹੜੀ ਮੌਤ ਤੋਂ ਬਾਅਦ ਉਸ ਵਿੱਚ ਨਹੀਂ ਹੁੰਦੀ?

* ਮਨੁੱਖ ਸਰੀਰ ਦੀਆਂ ਵੱਖ-ਵੱਖ ਅੰਗ ਪ੍ਰਣਾਲੀਆਂ ਦੇ ਆਪਸੀ ਤਾਲਮੇਲ ਨਾਲ ਹੀ ਜਿਉਂਦਾ ਰਹਿ ਸਕਦਾ ਹੈ। ਮਰਨ ਤੋਂ ਬਾਅਦ ਇਹ ਤਾਲ ਮੇਲ ਖਤਮ ਹੋ ਜਾਂਦਾ ਹੈ। ਸਰੀਰ ਵਿੱਚ ਇਸ ਤਾਲ ਮੇਲ ਦਾ ਅੰਤ ਹੀ ਮੌਤ ਦਾ ਕਾਰਨ ਹੁੰਦਾ ਹੈ।

? ਨਹਾਉਣ ਤੋਂ ਬਾਅਦ ਅਸੀਂ ਫਰੈਸ਼ (ਤਾਜ਼ਾ) ਕਿਉਂ ਮਹਿਸੂਸ ਕਰਦੇ ਹਾਂ।

* ਨਹਾਉਣ ਤੋਂ ਬਾਅਦ ਥੋੜ੍ਹਾ-ਬਹੁਤ ਪਾਣੀ ਸਾਡੇ ਸਰੀਰ ਉੱਪਰ ਰਹਿ ਜਾਂਦਾ ਹੈ, ਜਿਸਦਾ ਵਾਸ਼ਪੀਕਰਨ ਹੁੰਦਾ ਰਹਿੰਦਾ ਹੈ। ਇਸ ਨਾਲ ਠੰਢ ਪੈਦਾ ਹੁੰਦੀ ਹੈ। ਇਸ ਦਾ ਕਾਰਨ ਸਰੀਰ ਉੱਪਰੋਂ ਉੱਤਰ ਚੁੱਕੇ ਬੇਲੋੜੇ ਪਦਾਰਥ ਬੈਕਟੀਰੀਆ ਆਦਿ ਹੁੰਦੇ ਹਨ। ਥੋੜ੍ਹਾ-ਬਹੁਤ ਅਸਰ ਨਹਾਉਣ ਸਮੇਂ ਇਸਤੇਮਾਲ ਕੀਤੇ ਗਏ ਸਾਬਣਾਂ, ਸ਼ੈਪੂਆਂ ਅਤੇ ਤੇਲਾਂ ਕਰਕੇ ਵੀ ਹੁੰਦਾ ਹੈ।

? ਅੱਜ ਕੱਲ੍ਹ ਕਈ ਡਾਕਟਰ ਦਾਅਵਾ ਕਰਦੇ ਹਨ ਕਿ ਉਹਨਾਂ ਕੋਲ ਅਜਿਹੀ ਦੇਸੀ ਦਵਾਈ ਹੈ। ਜੋ ਸ਼ਰਾਬੀ ਨੂੰ ਬਿਨਾਂ ਦੱਸੇ, ਸਬਜ਼ੀ, ਦਾਲ ਵਿੱਚ ਦੇਣ ਨਾਲ ਸ਼ਰਾਬੀ 7 ਦਿਨਾਂ ਵਿੱਚ ਸ਼ਰਾਬ ਛੱਡ ਦੇਵੇਗਾ। ਕੀ ਅਜਿਹਾ ਸੰਭਵ ਹੈ?

* ਕੁਝ ਅਜਿਹੀਆਂ ਦਵਾਈਆਂ ਪ੍ਰਚਲਿਤ ਹਨ ਜਿਹੜੀਆਂ ਸਬਜ਼ੀ ਜਾਂ ਦਾਲ ਵਿੱਚ ਮਿਲਾ ਕੇ ਦਿੱਤੇ ਜਾਣ ਨਾਲ ਸ਼ਰਾਬ ਜਾਂ ਹੋਰ ਨਸ਼ਿਆਂ ਪ੍ਰਤੀ ਰੁਚੀ ਘਟ ਜਾਂਦੀ ਹੈ।

? ਮਨੁੱਖ ਦੇ ਹੱਥਾਂ ਅਤੇ ਪੈਰਾਂ ਦੇ ਸੌਂ ਜਾਣ ਦਾ ਮੁੱਖ ਕਾਰਨ ਕੀ ਹੈ ਅਤੇ ਹੱਥ ਅਤੇ ਪੈਰ ਕੰਡਿਆਲੇ-ਕੰਡਿਆਲੇ ਕਿਉਂ ਲੱਗਦੇ ਹਨ।

* ਹੱਥ-ਪੈਰ ਸੌਂ ਜਾਣ ਦਾ ਕਾਰਨ ਵੀ ਮਨੁੱਖੀ ਤੰਤੂ-ਪ੍ਰਣਾਲੀ ਹੁੰਦੀ ਹੈ। ਕਈ ਵਾਰੀ ਦਿਮਾਗ ਨੂੰ ਸੁਨੇਹਾ ਭੇਜਣ ਵਾਲਾ ਤੇ ਲਿਆਉਣ ਵਾਲੇ ਪ੍ਰਬੰਧ ਵਕਤੀ ਤੌਰ ’ਤੇ ਖਰਾਬ ਹੋ ਜਾਂਦਾ ਹੈ। ਜਦੋਂ ਦਿਮਾਗ ਨਾਲ ਸੰਪਰਕ ਜੁੜਨਾ ਸ਼ੁਰੂ ਹੁੰਦਾ ਹੈ ਤਾਂ ਕਈ ਵਾਰੀ ਕੰਡੇ ਦੇ ਚੁਭਣ ਵਰਗੇ ਅਨੁਭਵ ਸ਼ੁਰੂ ਹੋ ਜਾਂਦੇ ਹਨ।

? ਜਦ ਮੱਛਰ ਦੰਦੀ ਵੱਢਦਾ ਹੈ ਤਾਂ ਸਾਡੇ ਦੁਖ ਕਿਉਂ ਲੱਗਦਾ ਹੈ।

* ਮੱਛਰ ਜਦੋਂ ਦੰਦੀ ਵੱਢਦਾ ਹੈ ਤਾਂ ਸਾਡੇ ਸਰੀਰ ਦੇ ਸੈੱਲ ਜ਼ਖਮੀ ਹੁੰਦੇ ਹਨ ਜਿਸਦੀ ਸੂਚਨਾ ਸਾਡੇ ਦਿਮਾਗ ਨੂੰ ਜਾਂਦੀ ਹੈ, ਇਸ ਲਈ ਸਾਨੂੰ ਦੁੱਖ ਮਹਿਸੂਸ ਹੁੰਦਾ ਹੈ।

? ਕੋਈ ਖੱਟੀ ਚੀਜ਼ ਖਾਣ ਨਾਲ ਦੰਦ ਖੱਟੇ ਕਿਉਂ ਹੋ ਜਾਂਦੇ ਹਨ।

* ਖੱਟੀ ਚੀਜ਼ ਦਾ ਅਸਰ ਦੰਦਾਂ ਤੇ ਨਹੀਂ ਹੁੰਦਾ ਸਗੋਂ ਉਹਨਾਂ ਸੈੱਲਾਂ ਅਤੇ ਤੰਤੂਆਂ ਤੇ ਹੁੰਦਾ ਹੈ। ਜਿਹੜੇ ਦੰਦਾਂ ਨਾਲ ਜੁੜੇ ਹੁੰਦੇ ਹਨ।

? ਮਨੁੱਖ ਦੇ ਸਿਰ ਦੇ ਵਾਲ ਝੜਨ ਦਾ ਮੁੱਖ ਕਾਰਨ ਕੀ ਹੈ। ਕੀ ਇਹ ਵਧਾਏ ਵੀ ਜਾ ਸਕਦੇ ਹਨ।

* ਮਨੁੱਖ ਦੇ ਵਾਲ ਝੜਨ ਦਾ ਮੁੱਖ ਕਾਰਨ ਪ੍ਰੋਟੀਨ ਦੇ ਸੈੱਲਾਂ ਵਿੱਚ ਕਮੀ ਜਾਂ ਖਰਾਬੀ ਹੁੰਦੀ ਹੈ। ਕਈ ਹਾਲਤਾਂ ਵਿੱਚ ਵਾਲ ਦੁਬਾਰਾ ਵੀ ਵਧਾਏ ਜਾ ਸਕਦੇ ਹਨ।

? ਬਿਜਲੀ ਦੇ ਖੰਭੇ ਨਾਲ ਜਾ ਰਹੀ ਬਿਜਲੀ ਦੀ ਤਾਰ ਉੱਤੇ ਜੇਕਰ ਇੱਕ ਪੰਛੀ ਬੈਠ ਜਾਵੇ ਤਾਂ ਉਸਨੂੰ ਕਰੰਟ ਨਹੀਂ ਲੱਗਦਾ, ਪ੍ਰੰਤੂ ਜੇਕਰ ਮਨੁੱਖ ਉਸ ਤਾਰ ਨੂੰ ਛੂਹ ਲਵੇ ਤਾਂ ਕਰੰਟ ਲੱਗਦਾ ਹੈ, ਅਜਿਹਾ ਕਿਉਂ।

* ਕਰੰਟ ਲੱਗਣ ਲਈ ਇਹ ਜ਼ਰੂਰੀ ਹੈ ਕਿ ਜਾਂ ਤਾਂ ਵਿਅਕਤੀ ਦਾ ਸੰਪਰਕ ਧਰਤੀ ਨਾਲ ਹੋ ਜਾਵੇ ਜਾਂ ਦੋਵੇਂ ਤਾਰਾਂ ਨਾਲ। ਪੰਛੀ ਕਿਉਂਕਿ ਇਕੋ ਹੀ ਤਾਰ ’ਤੇ ਬੈਠੇ ਹਨ, ਇਸ ਲਈ ਉਨ੍ਹਾਂ ਨੂੰ ਕਰੰਟ ਨਹੀਂ ਲੱਗਦਾ।

? ਕੀ ਜੁੜਵੇਂ ਬੱਚਿਆਂ ਦੇ ਗੁਣ ਇਕੋ ਜਿਹੇ ਹੁੰਦੇ ਹਨ।

* ਜੇ ਜੁੜਵੇਂ ਬੱਚਿਆਂ ਦਾ ਵਿਕਾਸ ਇੱਕ ਹੀ ਵਿਕਸਿਤ ਆਂਡੇ ਦੇ ਦੋ ਭਾਗਾਂ ਵਿਚ ਟੁੱਟਣ ਕਾਰਨ ਹੋਇਆ ਹੈ ਤਾਂ ਇਹ ਦੋਵੇਂ ਬੱਚੇ ਦੋਵੇਂ ਲੜਕੀਆਂ ਜਾਂ ਦੋਵੇਂ ਲੜਕੇ ਹੋਣਗੇ ਅਤੇ ਇਨ੍ਹਾਂ ਦੇ ਗੁਣ ਵੀ ਇਕੋ ਜਿਹੇ ਹੀ ਹੋਣੇ ਚਾਹੀਦੇ ਹਨ ਪਰ ਜੇ ਇਨ੍ਹਾਂ ਦਾ ਵਿਕਾਸ ਅਲੱਗ-ਅਲੱਗ ਅੰਡਿਆਂ ਤੋਂ ਹੋਇਆ ਹੈ ਤਾਂ ਇਨ੍ਹਾਂ ਦੇ ਗੁਣ ਵੱਖ-ਵੱਖ ਵੀ ਹੋ ਸਕਦੇ ਹਨ।

? ਕਿਸੇ ਕਿਤਾਬ ਨੂੰ ਜਦੋਂ ਅਸੀਂ ਅੱਖਾਂ ਦੇ ਨੇੜੇ ਲਿਜਾ ਕੇ ਦੇਖਦੇ ਹਾਂ ਤਾਂ ਸਾਨੂੰ ਧੁੰਦਲਾ ਦਿਖਾਈ ਕਿਉਂ ਦਿੰਦਾ ਹੈ।

* ਕੋਈ ਕਿਤਾਬ ਸਾਨੂੰ ਉਸ ਸਮੇਂ ਤੱਕ ਹੀ ਦਿਖਾਈ ਦਿੰਦੀ ਹੈ ਜਦੋਂ ਤੱਕ ਉਸ ਦਾ ਪ੍ਰਤੀਬਿੰਬ ਸਾਡੇ ਰੈਟੀਨਾ ਤੇ ਠੀਕ ਬਣਦਾ ਹੈ। ਜਦੋਂ ਕਿਸੇ ਬੁੱਕ ਨੂੰ ਬਹੁਤ ਜ਼ਿਆਦਾ ਨੇੜੇ ਲਿਆਉਂਦੇ ਹਾਂ ਤਾਂ ਉਸ ਦਾ ਪ੍ਰਤੀਬਿੰਬ ਦੂਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਲਈ ਵਸਤੂ ਸਾਨੂੰ ਧੁੰਦਲੀ ਦਿਖਾਈ ਦੇਣਾ ਸ਼ੁਰੂ ਹੋ ਜਾਂਦੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦਲਿਤ ਸ਼ੋਸ਼ਣ ਤੇ ਅਮਰੀਕੀ ਸਿੱਖਿਆ ਮਾਹਿਰਾਂ ਨੇ ਪ੍ਰਗਟਾਈ ਚਿੰਤਾ

**ਵਾਰਾਣਸੀ–** ਭਾਰਤ ਵਿਚ ਦਲਿਤ ਸ਼ੋਸ਼ਣ ਦੀ ਸਮੱਸਿਆ ਦੀ ਤੁਲਨਾ ਅਮਰੀਕਾ ਦੇ ਨਸਲੀ ਵਿਤਕਰੇ ਨਾਲ ਕੀਤੀ ਜਾ ਰਹੀ ਹੈ। ਦੋਵੇਂ ਮੁਲਕਾਂ ਦੇ ਸਿੱਖਿਆ ਸ਼ਾਸਤਰੀਆਂ ਨੇ ਸ਼ੁੱਕਰਵਾਰ ਨੂੰ ਮਹਾਤਮਾ ਗਾਂਧੀ ਕਾਸ਼ੀ ਵਿਦਿਆਪੀਠ ਵਿਚ ਰੰਗ ਅਤੇ ਜਾਤੀ ਭੇਦਭਾਵ ਵਿਚ ਸਮਾਨਤਾ ਤੇ ਚਰਚਾ ਕੀਤੀ। ਇਸ ਦੇ ਲਈ ਪਹੁੰਚੇ ਅਮਰੀਕਾ ਦੀ ਇੰਡੀਆਨਾ ਯੂਨੀਵਰਸਿਟੀ ਦੇ ਪ੍ਰਤੀਨਿਧੀ ਮੰਡਲ ਦੇ ਮੁਖੀ ਪ੍ਰੋ਼ ਕੇਵਿਨ ਬ੍ਰਾਊਨ ਨੇ ਕਿਹਾ ਕਿ ਜੇਕਰ ਦਲਿਤ ਸ਼ੋਸ਼ਣ ਤੇ ਕੋਈ ਅਧਿਆਪਕ ਜਾਂ ਵਿਦਿਆਰਥੀ ਖੋਜ ਕਰਨਾ ਚਾਹੇ ਤਾਂ ਉਹ ਉਸ ਨਾਲ ਕੰਮ ਕਰਨ ਅਤੇ ਸਹਿਯੋਗ ਦੇਣ ਦੇ ਲਈ ਤਿਆਰ ਹਨ।

ਦੁਪਹਿਰੇ 2 ਵਜੇ ਵਿਦਿਆਪੀਠ ਦੇ ਰਾਧਾਕ੍ਰਿਸ਼ਨਨ ਹਾਲ ਵਿਚ ਕੁਲਪਤੀ ਡਾ. ਪ੍ਰਿਥਵੀਸ ਨਾਗ ਦੀ ਮੌਜੂਦਗੀ ਵਿਚ ਹੋਈ ਚਰਚਾ ਵਿਚ ਅਮਰੀਕੀ ਪ੍ਰਤੀਨਿਧੀ ਮੰਡਲ ਦੇ ਮੁਖੀ ਪ੍ਰੋ. ਕੇਵਿਨ ਨੇ ਕਿਹਾ ਕਿ ਅਮਰੀਕਾ ਦੇ ਨਾਲ ਕੀਤੇ ਜਾਣ ਵਾਲੇ ਅੱਨਿਆ ਦੇ ਵਿਰੁੱਧ ਵੱਡੀ ਗਿਣਤੀ ਵਿਚ ਕਾਲੇ ਲੋਕ ਖੜ੍ਹੇ ਹੋ ਰਹੇ ਹਨ। ਸਰਕਾਰੀ ਨੀਤੀਆਂ ਵਿਚ ਤਬਦੀਲੀ ਲਿਆਉਣ ਦੀ ਵੀ ਪਹਿਲ ਕਰ ਰਹੇ ਹਨ, ਜਦਕਿ ਭਾਰਤ ਵਿਚ ਅਜਿਹਾ ਨਹੀਂ ਹੋ ਰਿਹਾ ਹੈ। ਜਵਾਬ ਵਿਚ ਡਾ. ਕਮਰਵੰਸ਼ੀ, ਡਾ. ਨਵਰਤਨ ਸਿੰਘ ਨੇ ਕਿਹਾ ਕਿ ਇਹ ਪਾਠ ਪੁਸਤਕਾਂ ਵਿਚ ਇਸ ਕਿਸਮ ਦੇ ਅੱਨਿਆ ਜਾਂ ਵਿਤਕਰੇ ਦੀ ਚਰਚਾ ਘੱਟ ਕੀਤੀ ਗਈ ਹੈ। ਉਚ ਜਾਤੀਦੇ ਬੱਚਿਆਂ ਦਾ ਸਮਾਜੀਕਰਨ ਜਾਤੀਵਾਦੀ ਅਨੁਮਾਨਾਂ ਦੇ ਮੁਤਾਬਕ ਕੀਤਾ ਜਾਂਦਾ ਹੈ। ਸਿੱਖਿਆ ਵਿਵਵਸਥਾ ਕਦੀ ਵੀ ਜਾਤੀ ਭੇਦਭਾਵ ਤੇ ਸਵਾਲ ਖੜ੍ਹਾ ਨਹੀਂ ਕਰਦੀ।

ਲੋਕ ਹੁਣ ਵੀ ਆਪਣੀ ਜਾਤੀ ਤੋਂ ਬਾਹਰ ਕ੍ਰਾਂਤੀਕ-ਾਰੀ ਢੰਗ ਨਾਲ ਨਹੀਂ ਨਿਕਲ ਪਾ ਰਹੇ ਹਨ। ਪ੍ਰੋ. ਕੇਵਿਨ ਨੇ ਕਿਹਾ ਕਿ ਅਮਰੀਕਾ ਦੇ ਨਸਲੀ ਵਿਤਕਰੇ ਅਤੇ ਭਾਰਤ ਦੇ ਦਲਿਤ ਸ਼ੋਸ਼ਣ ਵਿਚ ਕਾਫੀ ਸਮਾਨਤਾ ਹੈ। ਅਮਰੀਕਾ ਵਿਚ ਨਾਗਰਿਕ ਅਧਿਕਾਰ ਅੰਦੋਲਨ ਦੇ ਜ਼ਰੀਏ ਕਾਲਿਆਂ ਦੇ ਸ਼ੋਸ਼ਣ ਤੇ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਰਿਹਾ ਹੈ। ਇਸ ਦਿਸ਼ਾ ਵਿਚ ਇੱਥੇ ਵੀ ਕੰਮ ਹੋਣਾ ਚਾਹੀਦਾ ਹੈ। ਉਹਨਾਂ ਨੇ ਭਰੋਸਾ ਦਿਵਾਇਆ ਕਿ ਜੇਕਰ ਕੋਈ ਖੋਜਕਾਰ ਇੰਡੀਆਨਾ ਯੂਨੀਵਰਸਿਟੀ ਦੇ ਸਹਿਯੋਗ ਨਾਲ ਖੋਜ ਕਰਨਾ ਚਾਹੇ ਤਾਂ ਸੰਪਰਕ ਕਰ ਸਕਦਾ ਹੈ।

ਇਸ ਮੌਕੇ ਤੇ ਡਾ. ਅਨਿਲ ਕੁਮਾਰ ਚੌਧਰੀ, ਡਾ. ਕੇਨ, ਡਾ. ਲੂਈਸ, ਡਾ. ਜੈਕੋਬੀ ਵਿਲੀਅਮਸ, ਡਾ. ਮਧੂ ਕੁਸ਼ਵਾਹਾ, ਡਾ. ਭਾਵਨਾ ਵਰਮਾ, ਡਾ. ਰਾਜੂ ਮਾਝੀ ਸਮੇਤ ਕਈ ਸਿੱਖਿਆ ਸ਼ਾਸਤਰੀ ਮੌਜੂਦ ਸਨ।

# ਦਲਿਤ ਲੜਕੀ ਨਾਲ ਬਲਾਤਕਾਰ ਦੇ ਦੋਸ਼ੀ ਗ੍ਰਿਫਤਾਰ

**ਅਜਮੇਰ–** ਨੌਕਰੀ ਦਾ ਝਾਂਸਾ ਦੇ ਕੇ ਦਲਿਤ ਲੜਕੀ ਨਾਲ ਬਲਾਤਕਾਰ ਦੇ ਮਾਮਲੇ ਵਿਚ ਤਿੰਨ ਮਹੀਨੇ ਤੋਂ ਫਰਾਰ ਦੋਸ਼ੀ ਨੂੰ ਸਿਵਲ ਲਾਈਨ ਥਾਣਾ ਪੁਲਿਸ ਨੇ ਵੀਰਵਾਰ ਰਾਤ ਗ੍ਰਿਫਤਾਰ ਕਰ ਲਿਆ ਹੈ। ਅਦਾਲਤ ਵਿਚ ਪੇਸ਼ ਕਰਨ ਤੇ ਉਹਨਾਂ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ। ਪੁਲਿਸ ਮੁਤਾਬਕ ਲੋਹਾਗਲ ਜੀਵਨ ਮੰਦਰ ਕਾਲੋਨੀ ਨਿਵਾਸੀ ਪ੍ਰਾਪਰਟੀ ਵਪਾਰੀ ਉਮੇਦ ਸਿੰਘ ਚਾਰਣ ਨੂੰ ਵੀਰਵਾਰ ਰਾਤ ਨੂੰ ਗ੍ਰਿਫਤਾਰ ਕੀਤਾ ਗਿਆ।ਉਸ ਦੇ ਖਿਲਾਫ ਰਾਮਸਰ ਨਿਵਾਸੀ ਦਲਿਤ ਲੜਕੀ ਨੇ ਨੌਕਰੀ ਦਾ ਝਾਂਸਾ ਦੇ ਕੇ ਕੁੱਟਮਾਰ, ਬਲਾਤਕਾਰ ਕਰਨ ਅਤੇ ਅਸ਼ਲੀਲ ਮੈਸੇਜ ਭੇਜਣ ਦੇ ਦੋਸ਼ ਸਨ।

ਪੀੜਤਾ ਦੀ ਸ਼ਿਕਾਇਤ ਤੇ ਸਿਵਲ ਲਾਈਨ ਥਾਣਾ ਪੁਲਿਸ ਨੇ 9 ਅਪ੍ਰੈਲ ਨੂੰ ਮੁਕੱਦਮਾ ਦਰਜ ਕਰਕੇ ਦੋਸ਼ੀ ਦੀ ਭਾਲ ਆਰੰਭ ਕਰ ਦਿੱਤੀ ਸੀ। ਪੀੜਤਾ ਨੇ ਮਾਮਲੇ ਦੀ ਸ਼ਿਕਾਇਤ ਕ੍ਰਿਸਚੀਅਨ ਗੰਜ ਥਾਣੇ ਵਿਚ ਕੀਤੀ ਸੀ। ਜੋ ਬਾਅਦ ਵਿਚ ਸਿਵਲ ਲਾਈਨ ਭੇਜ ਦਿੱਤੀ ਗਈ। ਮਾਮਲੇ ਵਿਚ ਜਾਂਚ ਪੁਲਿਸ ਉਪ ਮੁਖੀ ਰਾਜੇਸ਼ ਮੀਣਾ ਕਰ ਰਹੇ ਹਨ।

ਪੀੜਤ ਲੜਕੀ ਨੇ ਸ਼ਿਕਾਇਤ ਵਿਚ ਦੱਸਿਆ ਕਿ ਲੋਹਾਖਾਨ ਜੇਲ੍ਹਰ ਵਾਲੀ ਗਲੀ ਸਥਿਤ ਪ੍ਰਾਪਰਟੀ ਡੀਲਰ ਨੇ ਨੌਕਰੀ ਦਾ ਇਸ਼ਤਿਹਾਰ ਦਿੱਤਾ। ਇੰਟਰਵਿਊ ਤੋਂ ਬਾਅਦ ਦੋਸ਼ੀ ਉਮੇਦ ਸਿੰਘ ਨੇ ਉਸਨੂੰ ਅਸ਼ਲੀਲ ਮੈਸੇਜ ਭੇਜਣੇ ਆਰੰਭ ਕਰ ਦਿੱਤੇ। ਇਤਰਾਜ਼ਕਰਨ ਉਹ ਉਸਦੇ ਦਫਤਰ ਗਈ ਤਾਂ ਉਸ ਨਾਲ ਬਲਾਤਕਾਰ ਕੀਤਾ ਅਤੇ ਕੁੱਟਮਾਰ ਕੀਤੀ।

# ਮੁਰਦਾ ਦਿਖਾ ਕੇ ਹੜੱਪ ਲਈ ਦਲਿਤ ਦੀ ਜ਼ਮੀਨ

**ਸ਼ਾਮਲੀ–** ਨਗਰ ਨਿਵਾਸੀ ਧੰਨਾਸੇਠ ਨੇ ਇਕ ਗਰੀਬ ਦਲਿਤ ਨੂੰ ਮ੍ਰਿਤਕ ਦਿਖਾ ਕੇ ਉਸਦੀ ਜ਼ਮੀਨ ਤੇ ਕਬਜ਼ਾ ਕਰ ਲਿਆ। ਦਲਿਤ ਨੇ ਆਪਣੀ ਜ਼ਮੀਨ 'ਤੇ ਨਿਰਮਾਣ ਕਰਾਉਣ ਦੇ ਲਈ ਇੱਟਾਂ ਸੁੱਟੀਆਂ ਤਾਂ ਧੰਨਾ ਸੇਠ ਦੇ ਗੁੰਡਿਆਂ ਨੇ ਇੱਟਾਂ ਗਾਇਬ ਕਰਕੇ ਉਸਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ।

ਸ਼ਾਮਲੀ ਕੋਤਵਾਲੀ ਦੇ ਪਿੰਡ ਕਰਮੂਖੇੜੀ ਨਿਵਾਸੀ ਰਾਮਪਾਲ ਦਲਿਤ ਹਨ। ਰਾਮਪਾਲ ਦਾ ਕਹਿਣਾ ਹੈ ਕਿ ਨਗਰ ਦੀ ਮਾਰਸ਼ਗੰਜ ਮੰਡੀ ਨਿਵਾਸੀ ਇਕ ਧੰਨਾਸੇਠ ਨੇ ਉਸਦੇ ਭਰਾਵਾਂ ਨਾਲ ਮਿਲ ਕੇ ਜਾਅਲਸਾਜ਼ੀ ਕਰਕੇ ਉਸਦੇ ਭਰਾਵਾਂ ਤੋਂ ਬੈਅਨਾਮਾ ਕਰਕੇ ਉਸਦੀ ਜ਼ਮੀਨ ਹੜੱਪ ਲਈ। ਬੈਅਨਾਮਾ ਕਰਵਾਉਣ ਦੇ ਲਈ ਉਸਨੂੰ ਮ੍ਰਿਤਕ ਦਿਖਾਇਆ ਗਿਆ ਹੈ। ਪਤਾ ਲੱਗਣ ਤੇ ਉਸਨੇ ਤਹਿਸੀਲਦਾਰ ਕੋਲ ਨਾ ਚੜ੍ਹਵਾਉਣ ਲਈ ਮੁਕੱਦਮਾ ਕੀਤਾ ਹੈ।

ਰਾਮਪਾਲ ਨੇ ਸ਼ੁੱਕਰਵਾਰ ਨੂੰ ਐਸ. ਪੀ. ਨਾਲ ਮਿਲ ਕੇ ਕਿਹਾ ਕਿ ਸ਼ੁੱਕਰਵਾਰ ਨੂੰ ਉਸਨੇ ਜ਼ਮੀਨ ਤੇ ਨਿਰਮਾਣ ਕਰਾਉਣ ਲਈ ਇੱਟਾਂ ਸੁੱਟੀਆਂ ਤਾਂ ਧੰਨਾਸੇਠ ਦੇ ਗੁੰਡਿਆਂ ਨੇ ਇੱਟਾਂ ਗਾਇਬ ਕਰ ਦਿੱਤੀਆਂ ਅਤੇ ਉਸਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ।

ਉਸਨੇ ਜ਼ਮੀਨ ਹੜੱਪਣ ਬਾਰੇ ਅਨੁਸੂਚਿਤ ਜਨਜਾਤੀ ਕਮਿਸ਼ਨ ਵਿਚ ਵੀ ਸ਼ਿਕਾਇਤ ਕੀਤੀ ਸੀ। ਰਾਮਪਾਲ ਨੇ ਐਸ. ਪੀ. ਨੂੰ ਸ਼ਿਕਾਇਤੀ ਪੱਤਰ ਦੇ ਕੇ ਜਾਂਚ ਕਰਵਾਉਣ ਅਤੇ ਸੁਰੱਖਿਆ ਦੀ ਬੇਨਤੀ ਕੀਤੀ ਹੈ।

# ਦਲਿਤ ਲੜਕੇ ਨੇ ਸੌਰ ਊਰਜਾ ਨਾਲ ਚੱਲਣ ਵਾਲਾ ਹੈਂਡਪੰਪ ਬਣਾਇਆ

**ਸਹਾਰਨਪੁਰ–** ਉਤਰ ਪ੍ਰਦੇਸ਼ ਦੇ ਸਹਾਰਨਪੁਰ ਜ਼ਿਲ੍ਹੇ ਦੇ ਗਰੀਬ ਦਲਿਤ ਪਰਿਵਾਰ ਵਿਚ ਜਨਮੇ ਇਕ ਲੜਕੇ ਨੇ ਸੌਰ ਊਰਜਾ ਨਾਲ ਚੱਲਣ ਵਾਲੇ ਹੈਂਡ ਪੰਪ ਦੀ ਖੋਜ ਕੀਤੀ ਹੈ। ਇਸਦੀ ਚਰਚਾ ਸੁਣ ਕੇ ਵਿਧਾਇਕ ਰਾਜੀਵ ਗੁੰਬਰ ਲੜਕੇ ਨੂੰ ਮਿਲਣ ਉਸਦੇ ਘਰ ਗਏ। ਰਾਜੀਵ ਨੇ ਦੱਸਿਆ ਕਿ ਜ਼ਿਲ੍ਹੇ ਦੇ ਬਲਾਕ ਗੰਗੋਹ ਦੇ ਤਹਿਤ ਪਿੰਡ ਆਂਚਲ ਦੇ ਦਲਿਤ ਪਰਿਵਾਰ ਵਿਚ ਜੰਮੇ ਕਲਾਸ 9ਵੀਂ ਦੇ ਵਿਦਿਆਰਥੀ ਨਵੀਨ ਨੇ ਸੌਰ ਊਰਜਾ ਨਾਲ ਚੱਲਣ ਵਾਲੇ ਪੰਪ ਦੀ ਖੋਜ ਕਰਕੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾ ਦਿੱਤਾ ਹੈ। ਉਹਨਾਂ ਦੱਸਿਆ ਕਿ ਨਵੀਨ ਦੀ ਇਸ ਖੋਜ ਨੂੰ ਹਰ ਪਾਸਿਉਂ ਸ਼ਲਾਘਾ ਮਿਲ ਰਹੀ ਹੈ ਪਰ ਪ੍ਰਸ਼ਾਸਨਿਕ ਅਤੇ ਸ਼ਾਸਨ ਪੱਧਰ ਤੇ ਇਸ ਪ੍ਰਤਿਭਾ ਨੂੰ ਉਤਸ਼ਾਹਿਤ ਕਰਨ ਦੀ ਦਿਸ਼ਾ ਵਿਚ ਕੋਈ ਕਦਮ ਨਹੀਂ ਚੁੱਕਿਆ ਗਿਆ।

# ਬੌਂਸੀ ਵਿਚ ਕਾਇਮ ਹੈ ਅੰਧ ਵਿਸ਼ਵਾਸ ਦੀ ਦਹਿਸ਼ਤ

**ਬਾਂਕਾ–** ਗਰੀਬ ਪੱਛੜੇ, ਆਦਿਵਾਸੀ ਜਨਜਾਤੀ ਇਲਾਕੇ ਬਾਂਕਾ ਵਿਚ ਅੰਧ ਵਿਸ਼ਵਾਸ ਸਿਖਰ ਤੇ ਹੈ। ਇਸ ਖੇਤਰ ਵਿਚ ਲਗਾਤਾਰ ਅਜਿਹੀਆਂ ਘਟਨਾਵਾਂ ਹੋ ਰਹੀਆਂ ਹਨ ਜਿਹਨਾਂ ਨੂੰ ਰੋਕ ਸਕਣਾ ਪੁਲਿਸ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਵਰਣਨਯੋਗ ਹੈ ਕਿ ਦਵਰਾਵੇ ਪਿੰਡ ਵਿਚ ਚਾਰ ਮਹੀਨੇ ਪਹਿਲਾਂ ਇਕ ਔਰਤ ਅੱਗ ਨਾਲ ਸਾੜ ਦਿੱਤੀ ਸੀ। ਇਲਾਜ ਦੀ ਲੜੀ ਵਿਚ ਉਸਨੇ ਦਮ ਤੋੜ ਦਿੱਤਾ ਸੀ। ਇਸ ਤੋਂ ਨਰਾਜ਼ ਪਿੰਡ ਦੇ ਵਿਸ਼ਵੇਸ਼ਵਰ ਯਾਦਵ ਨੇ ਆਪਣੀ ਪਤਨੀ ਦੀ ਮੌਤ ਦੇ ਵਿਰੁਧ ਵਿਚ ਬਜ਼ੁਰਗ ਜੋੜੇ ਦੀ ਹੱਤਿਆ ਕਰ ਦਿੱਤੀ। ਇੱਥੇ ਡਾਇਣ ਆਦਿ ਦੀਆਂ ਘਟਨਾਵਾਂ ਆਮ ਹਨ।

ਛੇ ਮਹੀਨੇ ਪਹਿਲਾਂ ਸਾਗਾ ਪੰਚਾਇਤ ਦੇ ਪਥਰੀਆ ਪਿੰਡ ਦੇ ਹੀ ਬਦਮਾਸ਼ਾਂ ਨੇ ਪਤਨੀ ਦੀ ਬਿਮਾਰੀ ਦਾ ਦੋਸ਼ ਲਗਾ ਕੇ ਸ਼ਰੇਆਮ ਵਾਲ ਪਕੜ ਕੇ ਇਕ ਆਦਿਵਾਸੀ ਮਾਂ-ਬੇਟੀ ਨੂੰ ਘਸੀਟਿਆ। ਇੰਨਾ ਹੀ ਨਹੀਂ ਗਰਮ ਸਲਾਖਾਂ ਨਾਲ ਦਾਗਿਆ ਗਿਆ। ਜਿਸ ਕਰਕੇ ਲਾਲ ਕਿਸਕੂ ਜੇਠਾ ਸੋਰੇਨਸਮੇਤ ਹੋਰ ਤਿੰਨ ਗ੍ਰਿਫਤਾਰ ਵੀ ਹੋਏ। ਇਸ ਤੋਂ ਪਹਿਲਾਂ ਕੋਲਝਾਰਾ ਪਿੰਡ ਦੇ ਬੈਜੂ ਰਾਮ ਦੀ ਬਜ਼ੁਗਰ ਮਾਂ ਨੂੰ ਪਿੰਡ ਦੇ ਬਦਮਾਸ਼ਾਂ ਨੇ ਘਰ ਵਿਚ ਬਿਮਾਰੀ ਹੋਣ ਦੀ ਗੱਲ ਤੇ ਮੈਲਾ ਘੋਲ ਕੇ ਪਿਆਇਆ ਸੀ।

# ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਅਸਥਾਈ ਵੀਜ਼ਾ ਅਰਜ਼ੀਦਾਤਾਵਾਂ ਦਾ ਕੰਮ ਕੀਤਾ ਸੁਖਾਲਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਇਮੀਗ੍ਰੇਸ਼ਨ ਨੇ ਨਿ-ਊਜ਼ੀਲੈਂਡ ਆਉਣ ਵਾਲੇ ਸਾਰੇ ਅਸਥਾਈ ਲੋਕਾਂ ਦੇ ਕਾਗਜ਼ ਪੱਤਰਾਂ ਦਾ ਕੰਮ ਕੁਝ ਹੱਦ ਤੱਕ ਸੁਖਾਲਾ ਕਰ ਦਿੱਤਾ ਹੈ। 6 ਜੁਲਾਈ ਤੋਂ ਨਵੇਂ ਆਦੇਸ਼ ਅਨੁਸਾਰ ਹੁਣ ਅਰਜ਼ੀ ਦਾਖਲ ਕਰਨ ਵੇਲੇ ਲੱਗਣ ਵਾਲੇ ਸਹਾਇਕ ਕਾਗਜ਼ ਪੱਤਰ ਅਸਲ ਜਾਂ ਤਸਦੀਕ ਕਰਵਾ ਕੇ ਨਹੀਂ ਲਗਾਉਣੇ ਪਿਆ ਕਰਨਗੇ ਸਗੋਂ ਇਸਦੀ ਜਗ੍ਹਾ ਰੰਗਦਾਰ ਫੋਟੋ ਲਗਾਈ ਜਾਇਆ ਕਰੇਗੀ। ਇਹ ਸਹੂਲਤ ਵਰਕ ਵੀਜ਼ਾ, ਵਿਜਟਰ ਵੀਜਾ ਅਤੇ ਸੂਟਡੈਂਟ ਵੀਜ਼ੇ ਉਤੇ ਲਾਗੂ ਹੋਵੇਗੀ। ਪੱਕੇ ਤੌਰ 'ਤੇ ਇਥੇ ਆਉਣ ਵਾਲਿਆਂ ਜਾਂ ਬਿਜ਼ਨਸ ਸ਼੍ਰੇਣੀ ਅਧੀਨ ਅਸਥਾਈ ਅਰਜ਼ੀ ਲਗਾਉਣ ਵਾਲਿਆਂ ਨੂੰ ਅਜੇ ਵੀ ਅਸਲ ਦਸਤਾਵੇਜ਼ ਜਾਂ ਤਸਦੀਕ ਸ਼ੁਦਾ ਕਾਗਜ਼ਾਤ ਲਗਾਉਣੇ ਜ਼ਰੂਰੀ ਹੋਣਗੇ।

# ਪ੍ਰਧਾਨ ਮੰਤਰੀ ਦਫਤਰ ਤੋਂ ਮਿਲਿਆ ਫੰਡ, ਪਰ ਕਿਡਨੀ ਟ੍ਰਾਂਸਪਲਾਂਟ ਨਹੀਂ ਹੋ ਸਕੀ

**ਵਾਰਾਣਸੀ–** ਉਤਰ ਪ੍ਰਦੇਸ਼ ਦੇ ਵਾਰਾਣਸੀ ਦੇ ਰਹਿਣ ਵਾਲੇ 33 ਸਾਲ ਦੇ ਦਲਿਤ ਨੌਜਵਾਨ ਸੰਤੋਸ਼ ਕੁਮਾਰ ਦੀ ਕਿਡਨੀ ਦੀ ਟਰਾਂਸਪਲਾਂਟ ਦੇ ਲਈ ਪ੍ਰਧਾਨ ਮੰਤਰੀ ਦਫਤਰ ਨੇ 5 ਮਹੀਨੇ ਪਹਿਲਾਂ 2.17 ਲੱਖ ਰੁਪਏ ਭੇਜੇ ਸਨ ਪਰ ਅਪਰੇਸ਼ਨ ਦੇ ਲਈ ਨੰਬਰ ਨਾ ਆਉਣ ਦੇ ਕਾਰਨ ਉਸਦਾ ਅਪਰੇਸ਼ਨ ਨਹੀਂ ਹੋ ਸਕਿਆ ਅਤੇ ਮੌਤ ਹੋ ਗਈ। ਉਸਦੀ ਭੈਣ ਰੀਤਾ ਆਪਣੀ ਕਿਡਨੀ ਦੇਣ ਲਈ ਤਿਆਰ ਸੀ। ਰੀਤਾ ਦੇ 3 ਬੱਚੇ ਹਨ।

ਮਾਮਲਾ ਪ੍ਰਧਾਨ ਮੰਤਰੀ ਦੇ ਚੋਣ ਖੇਤਰ ਵਾਰਾਣਸੀ ਦੇ ਰੋਹਨਿਆ ਦਾ ਹੈ। ਪ੍ਰਧਾਨ ਮੰਤਰੀ ਦਫਤਰ ਨੇ ਫਰਵਰੀ ਵਿਚ ਸੰਤੋਸ਼ ਕੁਮਾਰ ਦੀ ਕਿਡਨੀ ਟਰਾਂਸਪਲਾਂਟ ਦੇ ਲਈ ਲਖਨਊ ਦੇ ਸੰਜੇ ਗਾਂਧੀ ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਦੇ ਖਾਤੇ ਵਿਚ 2.17 ਲੱਖ ਰੁਪਏ ਜਮ੍ਹਾ ਕਰਵਾ ਦਿੱਤੇ ਸਨ, ਪਰ ਡਾਕਟਰਾਂ ਨੇ ਕਿਹਾ ਕਿ ਅਪਰੇਸ਼ਨ ਦੇ ਲਈ ਉਸਨੂੰ ਨੰਬਰ 8 ਮਹੀਨੇ ਬਾਅਦ ਮਿਲੇਗਾ।

ਮ੍ਰਿਤਕ ਲੜਕੇ ਦੀ ਭੈਣ ਰੀਤਾ ਦੇ ਮੁਤਾਬਕ ਸੰਤੋਸ਼ ਨੂੰ ਇਲਾਜ ਦੇ ਲਈ ਨਵੰਬਰ 2014 ਵਿਚ ਲਖਨਊ ਲਿਆਂਦਾ ਗਿਆ ਸੀ।

ਕਿਡਨੀ ਦੇ ਟਰਾਂਸਪਲਾਂਟ ਦੇ ਲਈ ਡਾਕਟਰਾਂ ਨੇ ਅਨੁਮਾਨਿਤ ਖਰਚ 4.37 ਲੱਖ ਦੱਸਿਆ ਪਰ ਇੰਨਾ ਪੈਸਾ ਸੰਤੋਸ਼ ਦੇ ਪਰਿਵਾਰ ਕੋਲ ਨਹੀਂ ਸੀ। ਇਸ ਕਰਕੇ ਪੀ. ਐਮ. ਓ. ਨੂੰ ਬੇਨਤੀ ਕੀਤੀ ਸੀ। ਪੀ. ਐਮ. ਓ. ਤੋਂ 2.17 ਲੱਖ ਰੁਪਏ ਮਿਲੇ ਪਰ ਇਸਨੂੰ ਸਰਕਾਰੀ ਤੰਤਰ ਦੀ ਨਾਕਾਮੀ ਹੀ ਕਿਹਾ ਜਾਵੇਗਾ ਕਿ ਪੈਸੇ ਮਿਲਣ ਦੇ ਬਾਵਜੂਦ ਸੰਤੋਸ਼ ਦੀ ਜਾਨ ਨਹੀਂ ਬਚਾਈ ਜਾ ਸਕੀ।

# ਸਮਾਜ ਸੇਵਕ ਘੇੜਾ ਨੇ ਆਪਣੀ ਲੇਬਰ ਨੂੰ ਕਰਵਾਇਆ ਹਵੇਲੀ ਦਾ ਟੂਰ



**ਫਗਵਾੜਾ (ਬੀ. ਕੇ. ਰੱਤੂ)–** ਸ੍ਰੋਮਣੀ ਅਕਾਲੀ ਦਲ ਐਸ.ਸੀ.ਵਿੰਗ ਫਗਵਾੜਾ ਸ਼ਹਿਰੀ ਦੇ ਪ੍ਰਧਾਨ, ਐਸ. ਸੀ. ਬੀ. ਸੀ.ਭਲਾਈ ਜ਼ਿਲ੍ਹਾ ਐਡਵਾਈਜ਼ਰੀ ਕਮੇਟੀ ਦਾ ਮੈਂਬਰ ਤੇ ਸਮਾਜ ਸੇਵਕ ਰਾਜਿੰਦਰ ਘੇੜਾ ਨੇ ਸਮਾਜ ਸੇਵਾ ਦੇ ਖੇਤਰ 'ਚ ਨਿਵੇਕਲੀ ਪਹਿਲ ਕਦਮੀ ਕਰਦਿਆਂ ਆਪਣੀ ਲੇਬਰ ਨੂੰ ਹਵੇਲੀ ਦਾ ਟੂਰ ਕਰਵਾਇਆ ਅਤੇ ਉਨ੍ਹਾਂ ਨੂੰ ਕਈ ਪ੍ਰਕਾਰ ਦਾ ਭੋਜਨ ਛਕਾਇਆ। ਇਸ ਮੌਕੇ ਰਾਜਿੰਦਰ ਘੇੜਾ ਨੇ ਦੱਸਿਆ ਕਿ ਉਨ੍ਹਾਂ ਦੀ ਲੇਬਰ ਨੇ ਇੱਛਾ ਜ਼ਾਹਰ ਕੀਤੀ ਕਿ ਉਹ ਹਵੇਲੀ ਦੇਖਣ ਚਾਹੁੰਦੀਆ। ਮੈਂ ਤੇ ਮੇਰੇ ਸਾਥੀ ਸੰਦੀਪ ਦੀਪਾ ਕੋਟਰਾਣੀ ਨੇ ਉਨ੍ਹਾਂ ਦੀ ਇੱਛਾ ਨੂੰ ਮੁੱਖ ਰੱਖਦਿਆਂ ਪੂਰੀ ਲੇਬਰ ਨੂੰ ਹਵੇਲੀ ਦਾ ਟੂਰ ਕਰਵਾਇਆ ਅਤੇ ਉਨ੍ਹਾਂ ਨੂੰ ਖਾਣਾ ਖਲਾਇਆ। ਘੇੜਾ ਤੇ ਦੀਪਾ ਨੇ ਕਿਹਾ ਕਿ ਸਾਨੂੰ ਇਹ ਸੇਵਾ ਕਰਕੇ ਬਹੁਤ ਹੀ ਖੁਸ਼ੀ ਮਹਿਸੂਸ ਹੋਈ ਹੈ।ਇਸ ਮੌਕੇ ਉਨ੍ਹਾਂ ਦੀ ਸਮੁੱਚੀ ਲੇਬਰ ਨੇ ਸ਼੍ਰੀ ਰਾਜਿੰਦਰ ਘੇੜਾ ਤੇ ਸੰਦੀਪ ਦੀਪਾ ਦਾ ਧੰਨਵਾਦ ਕਰਦਿਆ ਕਿਹਾ ਕਿ ਇਸ ਟੂਰ 'ਤੇ ਆ ਕੇ ਸਾਨੂੰ ਬਹੁਤ ਹੀ ਖੁਸ਼ੀ ਹੋਈ ਹੈ। ਉਨ੍ਹਾਂ ਨੇ ਕਿਹਾ ਕਿ ਆਪਣੀ ਲੇਬਰ ਲਈ ਇਸ ਤਰ੍ਹਾਂ ਦਾ ਉਪਰਾਲਾ ਕਰਦਿਆ ਬਹੁਤ ਹੀ ਘੱਟ ਇਨਸਾਨਾਂ ਨੂੰ ਦੇਖਿਆ ਹੈ।ਇਸ ਨੇਕ ਉਪਰਾਲੇ ਲਈ ਅਸੀ ਘੇੜਾ ਜੀ ਤੇ ਦੀਪਾ ਜੀ ਦੇ ਹਮੇਸ਼ਾ ਰਿਣੀ ਰਹਾਂਗੇ।

# ਬਸਪਾ ਸਰਕਾਰ ਬਨਣ 'ਤੇ ਪੰਜਾਬ ਨੂੰ ਨਸ਼ਾ ਤੇ ਭ੍ਰਿਸ਼ਟਾਚਾਰ ਮੁਕਤ ਕੀਤਾ ਜਾਵੇਗਾ -ਰਛਪਾਲ ਰਾਜੂ

## ਗੂੰਗੀ ਤੇ ਬੋਲੀ ਸਰਕਾਰ ਨੂੰ ਜਗਾਉਣ ਲਈ 11 ਜੁਲਾਈ ਦੇ ਧਰਨੇ ਪ੍ਰਦਰਸ਼ਨ 'ਚ ਹੁੰਮ ਹੁੰਮਾ ਕੇ ਪਹੁੰਚੋ-ਬਸਪਾ ਆਗੂ

**ਫਗਵਾੜਾ (ਬੀ. ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਵਲੋਂ ਕੇਂਦਰ ਤੇ ਪੰਜਾਬ ਸਰਕਾਰ ਦੀ ਰਾਖਵਾਂਕਰਨ ਤੇ ਲੋਕ ਵਿਰੋਧੀ ਨੀਤੀਆਂ ਦੇ ਖਿਲਾਫ ਅਤੇ ਫਗਵਾੜਾ ਤਹਿਸੀਲ ਦੇ ਪਿੰਡ ਪਲਾਹੀ ਤੇ ਮੁਹੱਲਾ ਪਲਾਹੀ ਗੇਟ ਵਿਖੇ ਭਾਰਤੀ ਸੰਵਿਧਾਨ ਦੇ ਨਿਰਮਾਤਾ, ਨਾਰੀ ਜਾਤੀ ਦੇ ਮੁਕਤੀਦਾਤਾ, ਵਿਸ਼ਵ ਰਤਨ ਬਾਬਾ ਸਾਹਿਬ ਡਾ. ਭੀਮ ਰਾਓ. ਅੰਬੇਡਕਰ ਜੀ ਦੇ ਬੁੱਤਾਂ ਨੂੰ ਤੋੜਨ ਵਾਲੇ ਦੋਸ਼ੀਆਂ ਦੀ ਗ੍ਰਿ-ਫਤਾਰੀ ਆਦਿ ਨੂੰ ਲੈ ਕੇ 11 ਜੁਲਾਈ ਦਿਨ ਸ਼ਨੀਵਾਰ ਨੂੰ ਇੰਪਰੂਵਮੈਂਟ ਦੀ ਗਰਾਉਂਡ ਸਥਾਨਕ ਹਰਗੋਬਿੰਦ ਨਗਰ 'ਚ ਦਿੱਤੇ ਜਾ ਰਹੇ ਜ਼ਿਲ੍ਹਾ ਪੱਧਰੀ ਧਰਨੇ ਪ੍ਰਦਰਸ਼ਨ ਨੂੰ ਸਫਲ ਬਣਾਉਣ ਲਈ ਹਲਕੇ ਅੰਦਰ ਤਹਿਸੀਲ ਪ੍ਰਧਾਨ ਰਾਮ ਮੂਰਤੀ ਖੇੜਾ ਦੀ ਅਗਵਾਈ 'ਚ ਮੁਹੱਲਾ ਹਦੀਆਬਾਦ, ਪ੍ਰੇਮਪੁਰਾ, ਸ਼ਹੀਦ ਭਗਤ ਸਿੰਘ ਨਗਰ, ਮੌਲੀ, ਖਲਵਾੜਾ ਕਲੋਨੀ, ਬ੍ਰਹਮਪੁਰ ਤੇ ਚੱਕ ਹਕੀਮ ਆਦਿ ਪਿੰਡਾਂ 'ਚ ਮੀਟਿੰਗਾਂ ਕੀਤੀਆ ਗਈਆ। ਇੰਨ੍ਹਾਂ ਮੀਟਿੰਗਾਂ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਸੂਬਾ ਕੋਆਰਡੀਨੇਟਰ ਰਛਪਾਲ ਰਾਜੂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਦੀ ਕਾਰਗੁਜ਼ਾਰੀ ਤੋਂ ਰਹ ਵਰਗ ਦੁੱਖੀ ਨਜ਼ਰ ਆ ਰਿਹਾ ਹੈ ਅਤੇ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਅਕਾਲੀ ਭਾਜਪਾ ਸਰਕਾਰ ਦੇ ਰਾਜ ਅੰਦਰ ਦਲਿਤ ਤੇ ਪੱਛੜੇ ਸਮਾਜ 'ਤੇ ਲਗਾਤਾਰ ਅੱਤਿਆਚਾਰਾਂ 'ਚ ਵਾਧਾ ਹੋ ਰਿਹਾ ਹੈ। ਦਲਿਤ ਸਮਾਜ ਦੇ ਮਹਾਂਪੁਰਸ਼ਾਂ ਦੇ ਬੁੱਤ ਤੋੜੇ ਜਾ ਰਹੇ ਹਨ, ਜੋ ਬਸਪਾ ਕਦੇ ਵੀ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਕਿਹਾ ਕਿ ਜੇਕਰ ਫਗਵਾੜਾ ਪੁਲਿਸ ਪ੍ਰਸ਼ਾਸਨ ਨੇ 10 ਜੁਲਾਈ ਤੋਂ ਪਹਿਲਾ ਪਹਿਲਾ ਪਲਾਹੀ ਪਿੰਡ ਅਤੇ ਪਲਾਹੀਗੇਟ 'ਚ ਭਾਰਤੀ ਸੰਵਿਧਾਨ ਦੇ ਨਿਰਮਾਤਾ, ਸਮੁੱਚੀ ਮਾਨਵਤਾ ਦੇ ਮਸੀਹਾ, ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ



ਜੀ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਵਾਲਿਆ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਸੂਬਾ ਪ੍ਰਧਾਨ ਸ੍ਰ.ਅਵਤਾਰ ਸਿੰਘ ਕਰੀਮਪੁਰੀ 11 ਜੁਲਾਈ ਨੂੰ ਦਿੱਤੇ ਜਾ ਰਹੇ ਧਰਨੇ ਪ੍ਰਦਰਸ਼ਨ 'ਚ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕਰ ਸਕਦੇ ਹਨ।ਰਛਪਾਲ ਰਾਜੂ ਨੇ ਕੇਂਦਰ ਦੀ ਮੋਦੀ ਸਰਕਾਰ 'ਤੇ ਵਰਦਿਆਂ ਕਿਹਾ ਕਿ ਕਾਂਗਰਸ ਨੂੰ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਘੇਰਨ ਵਾਲੀ ਮੋਦੀ ਸਰਕਾਰ ਖੁੱਦ ਭ੍ਰਿਸ਼ਰਾਚਾਰ ਦੇ ਜਾਲ 'ਚ ਫਸ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਨੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਖਿਲਾਫ ਦੇਸ਼ ਵਿਆਪੀ ਅੰਦੋਲਨ ਪੂਰੇ ਦੇਸ਼ ਅੰਦਰ ਛੇੜ ਦਿੱਤਾ ਹੈ। ਇਸੇ ਹੀ ਲੜੀ ਤਹਿਤ ਵੱਖ ਵੱਖ ਮੁੱਦਿਆ ਨੂੰ ਲੈ ਕੇ ਪੰਜਾਬ ਅੰਦਰ ਵੀ ਬਸਪਾ ਵਲੋਂ ਧਰਨੇ ਪ੍ਰਦਰਸ਼ਨ ਕਰਕੇ ਪੰਜਾਬ ਦੀ ਜਨਤਾ ਨੂੰ ਪੰਜਾਬ ਤੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਪ੍ਰਤੀ ਸੁਚੇਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੀ ਜਵਾਨੀ ਨਸ਼ਿਆਂ ਦੀ ਦਲਦਲ 'ਚ ਫਸ ਕੇ ਤਬਾਹ ਹੋ ਰਹੀ ਹੈ, ਪਰ ਸਰਕਾਰ ਇਸ ਵੱਲ ਕੋਈ ਧਿਆਨ ਨਹੀਂ ਦੇ ਰਹੀ। ਰਾਜੂ ਨੇ ਕਿਹਾ ਕਿ ਨਸ਼ਿਆਂ ਦੀ ਰੋਕਥਾਮ ਦੀ ਆੜ 'ਚ ਪੰਜਾਬ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਸਿਰਫ ਖਾਨਾਪੂਰਤੀ ਲਈ ਨੋਜਵਾਨਾਂ 'ਤੇ ਚਿੱਟੇ ਜਾਂ ਨਸ਼ੀਲੇ ਪਾਊਡਰ ਦਾ ਕੇਸ ਪਾ ਕੇ ਜ਼ੇਲ੍ਹਾਂ 'ਚ ਬੰਦ ਕਰ ਰਿਹਾ ਹੈ ਅਤੇ ਨਸ਼ੇ ਦੇ ਸੋਦਾਗਰ ਸ਼ਰੇਆਮ ਘੁੰਮ ਰਹੇ ਹਨ। ਰਾਜੂ ਨੇ ਕਿਹਾ ਕਿ ਪੰਜਾਬ ਅੰਦਰ ਬਸਪਾ ਸਰਕਾਰ ਬਨਣ 'ਤੇ ਪੰਜਾਬ ਨੂੰ ਨਸ਼ਾ ਤੇ ਭ੍ਰਿਸ਼ਟਾਚਾਰ ਮੁਕਤ ਕੀਤਾ ਜਾਵੇਗਾ ਤਾਂ ਜੋ ਪੰਜਾਬ ਦੀ ਜਵਾਨੀ ਨੂੰ ਬਰਬਾਦ ਹੋਣ ਤੋਂ ਬਚਾਇਆ ਜਾ ਸਕੇ ।

ਇੰਨ੍ਹਾਂ ਮੀਟਿੰਗਾਂ ਨੂੰ ਸ੍ਰੀ ਰਾਜੂ ਤੋਂ ਇਲਾਵਾ ਸ੍ਰਮਤੀ ਰਚਨਾ ਦੇਵੀ ਮੰਡਲ ਕੋਆਰਡੀਨੇਟਰ, ਜਰਨੈਲ ਨੰਗਲ ਸਾਬਕਾ ਜਨਰਲ ਸਕੱਤਰ, ਸੀਨੀਅਰ ਆਗੂ ਲੇਖਰਾਜ ਜਮਾਲਪੁਰ ਮੈਂਬਰ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ, ਜ਼ਿਲ੍ਹਾ ਜਨਰਲ ਸਕੱਤਰ ਪ੍ਰਮਜੀਤ ਖਲਵਾੜਾ, ਰਮੇਸ਼ ਕੋਲ ਕੌਂਸਲਰ, ਤਹਿਸੀਲ ਪ੍ਰਧਾਨ ਰਾਮ ਮੂਰਤੀ ਖੇੜਾ, ਹਰਭਜਨ ਖਲਵਾੜਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਚਰਨ ਦਾਸ ਜੱਸਲ ਤੇ ਕਾਲਾ ਪ੍ਰਭਾਕਰ ਸ਼ਹਿਰੀ ਪ੍ਰਧਾਨ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਹਰ ਫਰੰਟ 'ਤੇ ਫੇਲ ਸਾਬਤ ਹੋ ਰਹੀ ਹੈ।

# ਭਾਰਤੀ ਜਨਤਾ ਪਾਰਟੀ ਦੀਆਂ ਪੰਜ ਦੇਵੀਆਂ



ਸੰਤੋਖ ਸਿੰਘ ਸੰਧੂ
(+64) 022 071 0935

ਭਾਰਤ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਸੱਤ੍ਹਾ ਵਿੱਚ ਆਇਆਂ ਇੱਕ ਸਾਲ ਤੋਂ ਵੱਧ ਦਾ ਸਮਾਂ ਹੋ ਗਿਆ ਹੈ। ਸੱਤ੍ਹਾ ਦਾ ਇੱਕ ਸਾਲ ਪੂਰਾ ਹੋਣ ਉਤੇ ਪਾਰਟੀ ਨੇ ਜਸ਼ਨ ਮਨਾਉਣ ਅਤੇ ਆਪਣੀ ਕਾਰਗੁਜ਼ਾਰੀ ਦੇ ਗੁਣ ਗਾਉਣ ਦੀ ਸਾਰੇ ਦੇਸ਼ ਵਿੱਚ ਝੜੀ ਲਗਾ ਦਿੱਤੀ। ਫਿਰ ਛੇਤੀ ਹੀ ਇਨ੍ਹਾਂ ਜਸ਼ਨਾਂ ਉਤੇ ਕਾਲੇ ਬੱਦਲ ਛਾਉਣ ਲੱਗੇ ਜਦੋਂ ਪਾਰਟੀ ਦੀਆਂ ਪੰਜ ਮਹਿਲਾ ਆਗੂਆਂ ਦੇ ਇਕਦਮ ਅਜਿਹੇ ਕਾਰਨਾਮੇ ਸਾਹਮਣੇ ਆਏ ਕਿ ਵਿਰੋਧੀ ਪਾਰਟੀਆਂ, ਖ਼ਾਸ ਕਰਕੇ ਕਾਂਗਰਸ ਅਤੇ ਆਮ ਆਦਮੀ ਪਾਰਟੀ, ਨੇ ਜ਼ੋਰਦਾਰ ਪ੍ਰਦਰਸ਼ਨ ਕਰਕੇ ਇਨ੍ਹਾਂ ਦੇ ਅਸਤੀਫਿਆਂ ਅਤੇ ਬਰਖਾਸਤਗੀ ਦੀ ਮੰਗ ਕੀਤੀ। ਭਾਰਤੀ ਜਨਤਾ ਪਾਰਟੀ ਦੇ ਉੱਚ ਆਗੂਆਂ ਨੇ ਆਪਣੇ ਇਨ੍ਹਾਂ ਆਗੂਆਂ ਦੀ ਹਮਾਇਤ ਕਰਦਿਆਂ ਵਿਰੋਧੀ ਪਾਰ-ਟੀਆਂ ਦੀ ਕੋਈ ਮੰਗ ਮੰਨਣ ਤੋਂ ਇਨਕਾਰ ਕੀਤਾ। ਗ੍ਰਿਹ ਮੰਤਰੀ ਰਾਜਨਾਥ ਸਿੰਘ ਨੇ ਪ੍ਰੈਸ ਸੰਮੇਲਨ ਵਿੱਚ ਇੱਥੋਂ ਤੱਕ ਕਹਿ ਦਿੱਤਾ ਕਿ ਇਹ ਯੂ. ਪੀ. ਏ. ਦੀ ਸਰਕਾਰ ਨਹੀਂ ਹੈ, ਐਨ. ਡੀ. ਏ. ਦੀ ਸਰਕਾਰ ਹੈ, ਇਸ ਵਿੱਚ ਕੋਈ ਮੰਤਰੀ ਅਸਤੀਫਾ ਨਹੀਂ ਦਿੰਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਘਟਨਾ ਚੱਕਰ ਵਿੱਚ ਚੁੱਪੀ ਸਾਧੀ ਹੋਈ ਹੈ। ਸ਼ਾਇਦ ਇਸ ਕਰਕੇ ਕਿ ਉਪਰੋਕਤ ਜਸ਼ਨਾਂ ਦੌਰਾਨ ਉਨ੍ਹਾਂ ਬਿਆਨ ਦਿੱਤਾ ਸੀ ਕਿ ਬੀ. ਜੇ. ਪੀ. ਦੇ ਇੱਕ ਸਾਲ ਦੇ ਸਾਸ਼ਨ ਦੌਰਾਨ ਕੋਈ ਸਕੈਮ ਨਹੀਂ ਹੋਇਆ। ਫਿਰ ਇੱਕ ਤੋਂ ਬਾਅਦ ਇੱਕ ਬੀ. ਜੇ. ਪੀ. ਦੀਆਂ ਇਨ੍ਹਾਂ ਪੰਜ ਦੇਵੀਆਂ ਦੇ ਘੋਟਾਲਿਆਂ ਦੀ ਗੂੰਜ ਅੰਤ੍ਰਰਾਸ਼ਟਰੀ ਪੱਧਰ ਉਤੇ ਪੈਣ ਲੱਗੀ। ਆਉ ਦੇਖੀਏ ਇਹ ਘੋਟਾਲੇ ਕੀ ਹਨ :

**1. ਸੁਸ਼ਮਾ ਸਵਰਾਜ (ਵਿਦੇਸ਼ ਮੰਤਰੀ):**



ਭਾਰਤ ਵਿੱਚ 2014 ਦੀਆਂ ਲੋਕ ਸਭਾ ਦੀਆਂ ਆਮ ਚੋਣਾ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਰਿਕਾਰਡ ਤੋੜ ਜਿੱਤ ਹਾਸਿਲ ਹੋਣ ਉਤੇ ਸੱਤ੍ਹਾ 'ਤੇ ਕਾਬਜ਼ ਹੋਣ ਤੋਂ ਬਾਅਦ 26 ਮਈ 2014 ਨੂੰ ਸੁਸ਼ਮਾ ਸਵਰਾਜ ਨੇ ਵਿਦੇਸ਼ ਮੰਤਰੀ ਦਾ ਅਹੁਦਾ ਸੰਭਾਲਿਆ। ਭਾਰਤ ਵਿੱਚ ਇਹ ਅਹੁਦਾ ਹਾਸਿਲ ਕਰਨ ਵਾਲੀ ਉਹ ਦੂਜੀ ਔਰਤ ਹੈ। ਇਸਤੋਂ ਪਹਿਲਾਂ ਇੰਦਿਰਾ ਗਾਂਧੀ ਇਹ ਆਹੁਦਾ ਹਾਸਿਲ ਕਰਨ ਵਾਲੀ ਪਹਿਲੀ ਔਰਤ ਸੀ।

ਸੁਸ਼ਮਾ ਸਵਰਾਜ ਨੇ ਬ੍ਰਿਟੇਨ ਵਿੱਚ 2010 ਤੋਂ ਰਹਿ ਰਹੇ ਕ੍ਰਿਕੇਟ ਘੋਟਾਲੇ ਦੇ ਭਗੌੜੇ, ਲਲਿਤ ਮੋਦੀ ਨੂੰ ਬ੍ਰਿਟੇਨ ਤੋਂ ਪੁਰਤਗਾਲ ਜਾਣ ਵਾਸਤੇ ਵੀਜਾ ਹਾਸਿਲ ਕਰਨ ਵਿੱਚ ਮਦਦ ਕੀਤੀ। ਲਲਿਤ ਮੋਦੀ ਇੱਕ ਭਗੌੜਾ ਹੋਣ ਕਰਕੇ ਬ੍ਰਿਟਿਸ਼ ਸਰਕਾਰ ਨੇ ਉਸਨੂੰ ਵੀਜਾ ਦੇਣ ਬਾਰੇ ਭਾਰਤ ਸਰਕਾਰ ਤੋਂ ਅਗਿਆ ਅਤੇ ਸਲਾਹ ਮੰਗੀ ਸੀ। ਸੁਸ਼ਮਾ ਸਵਰਾਜ ਨੇ ਵਿਦੇਸ਼ ਮੰਤਰੀ ਹੁੰਦਿਆਂ ਲਲਿਤ ਮੋਦੀ ਨੂੰ ਇਹ ਵੀਜਾ ਦਿੱਤੇ ਜਾਣ ਲਈ ਉਕੋਈ ਇਤਰਾਜ਼ ਨਹੀਂ" ਦਾ ਪ੍ਰਮਾਣ ਪੱਤਰ ਜਾਰੀ ਕੀਤਾ। ਪੁਰਤਗਾਲ ਵਿੱਚ ਕੈਂਸਰ ਦਾ ਇਲਾਜ ਕਰਾਉਣ ਗਈ ਆਪਣੀ ਪਤਨੀ ਨੂੰ ਮਿਲਣ ਲਈ ਲਲਿਤ ਮੋਦੀ ਉਥੇ ਜਾਣਾ ਚਾਹੁੰਦਾ ਸੀ। ਇੱਥੇ ਲਲਿਤ ਮੋਦੀ ਬਾਰੇ ਜ਼ਿਕਰ ਕੀਤਾ ਜਾਣਾ ਜ਼ਰੂਰੀ ਹੋਵੇਗਾ। ਉਹ ਆਈ. ਪੀ. ਐਲ. ਦਾ ਪਹਿਲਾ ਚੇਅਰਮੈਨ ਅਤੇ ਕਮਿਸ਼ਨਰ ਹੈ। ਇਸ ਆਹੁਦੇ ਉਤੇ ਉਹ ਸੰਨ 2010 ਤੱਕ ਰਿਹਾ। ਸੰਨ 2005 ਤੋਂ 2010 ਤੱਕ ਉਹ ਬੀ. ਸੀ. ਸੀ. ਆਈ. ਦਾ ਮੀਤ ਪ੍ਰਧਾਨ ਵੀ ਰਿਹਾ। ਉਸਨੂੰ ਗਲਤ ਵਿਵਹਾਰ, ਅਨੁਸਾਸ਼ਨਹੀਣਤਾ ਅਤੇ ਵਿੱਤੀ ਹੇਰਾਫੇਰੀਆਂ ਦਾ ਦੋਸ਼ੀ ਪਾਏ ਜਾਣ ਕਰਕੇ 2010 ਵਿੱਚ ਬੀ. ਸੀ. ਸੀ. ਆਈ. ਵਿੱਚੋਂ ਮੁਅਤਲ ਕੀਤਾ ਗਿਆ ਅਤੇ ਉਸਦੇ ਵਿਰੁੱਧ ਜਾਂਚ ਸ਼ੁਰੂ ਕੀਤੀ ਗਈ ਸੀ। ਕਮੇਟੀ ਵੱਲੋਂ ਉਸਨੂੰ ਦੋਸ਼ੀ ਪਾਏ ਜਾਣ ਉਤੇ ਬੋਰਡ ਨੇ 2013 ਵਿੱਚ ਉਸ ਉਤੇ ਜੀਵਨ ਭਰ ਦਾ ਬੈਨ ਲਗਾ ਦਿੱਤਾ ਸੀ। ਫਿਰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਉਸ ਵਿਰੁੱਧ ਵਿੱਤੀ ਹੇਰਾਫੇਰੀਆਂ ਦੀ ਜਾਂਚ ਸ਼ੁਰੂ ਕੀਤੀ। ਲਲਿਤ ਮੋਦੀ 2010 ਵਿੱਚ ਲੰਡਨ ਚਲਾ ਗਿਆ ਸੀ। ਭਾਰਤ ਸਰਕਾਰ ਨੇ ਉਸਦਾ ਪਾਸਪੋਰਟ ਰੱਦ ਕਰ ਦਿੱਤਾ ਸੀ। ਹਾਈ ਕੋਰਟ ਨੇ 2014 ਵਿੱਚ ਸਰਕਾਰ ਦੇ ਇਸ ਫੈਸਲੇ ਨੂੰ ਪਲਟ ਦਿੱਤਾ ਸੀ। ਸੰਨ 2015 ਵਿੱਚ ਈ. ਡੀ. ਨੇ ਉਸਨੂੰ ਕਲੀਨ ਚਿੱਟ ਦੇ ਦਿੱਤੀ। ਫਿਰ ਇੱਕ ਭੇਤ ਖੁੱਲਿਆ ਕਿ ਦੋ ਬੀ. ਜੇ. ਪੀ. ਆਗੂਆਂ (ਜੋ ਉਸ ਵੇਲੇ ਵਿਰੋਧੀ ਧਿਰ ਵਿੱਚ ਸਨ) ਨੇ ਲਲਿਤ ਮੋਦੀ ਨੂੰ ਬ੍ਰਿਟਿਸ਼ ਸਰਕਾਰ ਤੋਂ ਯਾਤਰਾ ਦਸਤਾਵੇਜ਼ ਹਾਸਿਲ ਕਰਨ ਵਿੱਚ ਉਦੋਂ ਮਦਦ ਕੀਤੀ ਜਦੋਂ ਉਸਦਾ ਭਾਰਤੀ ਪਾਸਪੋਰਟ ਰੱਦ ਕੀਤਾ ਹੋਇਆ ਸੀ। ਇਹ ਮਸਲਾ ਜੰਗਲ ਦੀ ਅੱਗ ਵਾਂਗ ਭੜਕਿਆ ਅਤੇ ਕਾਂਗਰਸ ਪਾਰਟੀ ਨੇ ਦੋਹਾਂ ਆਗੂਆਂ (ਸੁਸ਼ਮਾ ਸਵਰਾਜ ਅਤੇ ਵਸੁੰਧਰਾ ਰਾਜੇ) ਦੇ ਅਸਤੀਫਿਆਂ ਦੀ ਮੰਗ ਲਈ ਜ਼ੋਰਦਾਰ ਮੁਜਾਹਿਰੇ ਕੀਤੇ।

**2. ਵਸੁੰਧਰਾ ਰਾਜੇ (ਰਾਜਸਥਾਨ ਦੀ ਮੁੱਖ ਮੰਤਰੀ):**

ਭਾਰਤੀ ਜਨਤਾ ਪਾਰਟੀ ਦੀ ਟਿਕਟ ਉੱਤੇ 2013 ਦੀਆਂ ਰਾਜਸਥਾਨ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਵਸੁੰਧਰਾ ਰਾਜੇ ਝਲਾਵਰ ਤੋਂ ਜਿੱਤ ਕੇ ਰਾਜ ਦੀ ਦੂਸਰੀ ਵਾਰ ਮੁੱਖ ਮੰਤਰੀ ਬਣੀ। ਬ੍ਰਿਟੇਨ ਵਿੱਚ ਲਲਿਤ ਮੋਦੀ ਦੀ ਮਦਦ ਕਰਨ ਕਰਕੇ ਵਿਰੋਧੀ ਪਾਰਟੀਆਂ, ਖਾਸ ਕਰਕੇ ਕਾਂਗਰਸ ਵੱਲੋਂ ਉਸਦੇ ਅਸਤੀਫੇ ਦੀ ਜ਼ਬਰਦਸਤ ਮੰਗ ਕੀਤੀ ਜਾ ਰਹੀ ਹੈ। ਲਲਿਤ ਮੋਦੀ ਨਾਲ ਇੱਕ ਤੋਂ ਬਾਅਦ ਇੱਕ ਮਾਮਲੇ ਵਿੱਚ ਵਸੁੰਧਰਾ ਦੀ ਸ਼ਮੂਲੀਅਤ ਦਾ ਖੁਲਾਸਾ ਕੀਤਾ ਜਾ ਰਿਹਾ ਹੈ। ਵਸੁੰਧਰਾ ਅਤੇ ਲਲਿਤ ਮੋਦੀ ਨੂੰ ਕਾਰੋਬਾਰੀ ਹਿੱਸੇਦਾਰ ਵੀ ਦੱਸਿਆ ਜਾ ਰਿਹਾ ਹੈ। ਕਾਂਗਰਸ ਦੇ ਉਘੇ ਨੇਤਾ ਜੈਰਾਮ ਰਮੇਸ਼ ਨੇ ਸੰਨ 1949 ਦੇ ਧੌਲਪੁਰ ਦੇ ਅਡ-



ਿਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਦੇ ਹੁਕਮਾਂ ਦਾ ਇੱਕ ਦਸਤਾਵੇਜ਼ ਪੇਸ਼ ਕਰਦਿਆਂ ਦੋਸ਼ ਲਾਇਆ ਹੈ ਕਿ ਵਸੁੰਧਰਾ ਰਾਜੇ, ਉਸਦੇ ਪੁੱਤਰ ਦੁਸ਼ਅੰਤ ਸਿੰਘ ਅਤੇ ਲਲਿਤ ਮੋਦੀ ਨੇ ਮਿਲਕੇ ਧੌਲਪੁਰ ਪੈਲੇਸ ਉਤੇ ਗ਼ੈਰ ਕਾਨੂੰਨੀ ਕਬਜ਼ਾ ਕਰਕੇ, ਉਸਨੂੰ ਨਿੱਜੀ ਸੰਪਤੀ ਬਣਾ ਕੇ, ਉਥੇ ਆਲੀਸ਼ਾਨ ਹੋਟਲ ਖੋਲ੍ਹ ਰੱਖਿਆ ਹੈ। ਜੈਰਾਮ ਨੇ ਦਾਅਵਾ ਕੀਤਾ ਹੈ ਕਿ ਉਕਤ ਹੁਕਮ ਵਿੱਚ ਧੌਲਪੁਰ ਪੈਲੇਸ ਦੀ ਸੰਪਤੀ ਨੂੰ ਸਰਕਾਰੀ ਸੰਪਤੀ ਐਲਾਨ ਕੀਤਾ ਗਿਆ ਹੈ। ਕਾਂਗਰਸ ਪਾਰਟੀ ਨੇ ਤਿੰਨ ਹੋਰ ਸਬੂਤ ਵੀ ਪੇਸ਼ ਕਰਕੇ ਵਸੁੰਧਰਾ ਰਾਜੇ ਨੂੰ ਘੇਰਨ ਦੀ ਭਰਸੱਕ ਕੋਸ਼ਿਸ਼ ਕੀਤੀ ਹੈ। ਇੱਕ ਦਸਤਾਵੇਜ਼ੀ ਸਬੂਤ ਪੈਲੇਸ ਦੀ ਜ਼ਮੀਨ ਦੀ ਜ਼ਮ੍ਹਾਂਬੰਦੀ ਬਾਰੇ ਹੈ ਜੋ ਕਿ ਰਾਜਸਥਾਨ ਸਰਕਾਰ ਦੇ ਨਾਂ ਹੈ। ਇੱਕ ਸਬੂਤ ਵਿੱਚ ਪੈਲੇਸ ਦੀ ਕੁਝ ਜ਼ਮੀਨ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਲਈ ਗਈ ਸੀ, ਜਿਸਦਾ ਦੋ ਕਰੋੜ ਰੁਪਏ ਦਾ ਮੁਆਵਜ਼ਾ ਦੁਸ਼ਅੰਤ ਸਿੰਘ ਵੱਲੋਂ ਲਿਆ ਗਿਆ ਹੈ। ਕਾਂਗਰਸ ਨੇ ਇਸ ਫਰਾਡ ਦੀ ਸ਼ਿਕਾਇਤ 11 ਅਪ੍ਰੈਲ 2013 ਨੂੰ ਸੀ. ਬੀ. ਆਈ. ਕੋਲ ਦਰਜ਼ ਕਰਵਾਈ ਹੋਈ ਹੈ। ਜੈਰਾਮ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਦੋਸ਼ ਲਾਇਆ ਕਿ ਉਹ ਕੁੰਭਕਰਨੀ ਨੀਂਦ ਸੁੱਤੇ ਹੋਏ ਹਨ ਅਤੇ ਆਪਣੇ ਭਰਿਸ਼ਟ ਆਗੂਆਂ ਉਤੇ ਕੋਈ ਕਾਰਵਾਈ ਨਹੀਂ ਕਰ ਰਹੇ। ਜੈਰਾਮ ਨੇ ਅੱਗੇ ਕਿਹਾ ਕਿ ਜਦ ਤੱਕ ਪ੍ਰਧਾਨ ਮੰਤਰੀ ਨੀਂਦ ਤੋਂ ਨਹੀਂ ਜਾਗਣਗੇ, ਵਸੁੰਧਰਾ ਦਾ ਅਸਤੀਫਾ ਨਹੀਂ ਲੈਣਗੇ, ਕਾਂਗਰਸ ਪਾਰਟੀ ਆਪਣਾ ਅੰ-ਦੋਲਨ ਜਾਰੀ ਰੱਖੇਗੀ ਅਤੇ ਜਨਤਾ ਸਾਹਮਣੇ ਦਸਤਾਵੇਜ਼ੀ ਸਬੂਤ ਪੇਸ਼ ਕਰਦੀ ਰਹੇਗੀ।

**3. ਸੁਮ੍ਰਿਤੀ ਇਰਾਨੀ**
**(ਮਨੁੱਖਾ ਸੋਮਿਆਂ ਦੇ ਵਿਕਾਸ ਬਾਰੇ ਕੇਂਦਰੀ ਮੰਤਰੀ):**

ਸੁਮ੍ਰਿਤੀ ਇਰਾਨੀ 2011 ਵਿੱਚ ਗੁਜਰਾਤ ਤੋਂ ਰਾਜ ਸਭਾ ਦੀ ਐਮ. ਪੀ. ਚੁਣੀ ਗਈ ਸੀ। ਸੰਨ 2014 ਵਿੱਚ ਲੋਕ ਸਭਾ ਦੀਆਂ ਆਮ ਚੋਣਾਂ ਵਿੱਚ ਉਹ ਅਮੇਠੀ ਤੋਂ ਰਾਹੁਲ ਗਾਂਧੀ ਵਿਰੁੱਧ ਚੋਣ ਲੜੀ ਸੀ, ਪਰ ਹਾਰ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਸਨੂੰ 26 ਮਈ 2014 ਨੂੰ ਮਨੁੱਖਾ ਸੋਮਿਆਂ ਦੇ ਵਿਕਾਸ ਦਾ ਮੰਤਰੀ ਬਣਾਇਆ। ਉਸ ਉਤੇ ਦੋਸ਼ ਹੈ ਕਿ ਉਸਨੇ 2004 ਦੀਆਂ ਲੋਕ ਸਭਾ ਦੀਆਂ ਆਮ ਚੋਣਾਂ ਸਮੇਂ ਨਾਮਜ਼ਦਗੀ ਪੱਤਰ ਭਰਦਿਆਂ ਆਪਣੀ ਵਿਦਿਅਕ ਯੋਗਿਤਾ ਬੀ. ਏ. ਭਰੀ ਹੈ ਜੋ ਉਸਨੇ ਦਿੱਲੀ



ਯੂਨੀਵਰਸਿਟੀ ਦੇ ਸਕੂਲ ਆਫ ਕਾਰਸਪਾਂਡਸ ਤੋਂ 1996 ਵਿੱਚ ਪਾਸ ਕੀਤੀ ਸੀ ਜਦ ਕਿ 2014 ਦੀਆਂ ਲੋਕ ਸਭਾ ਦੀਆਂ ਆਮ ਚੋਣਾਂ ਵਿੱਚ ਅਮੇਠੀ ਤੋਂ ਨਾਮਜ਼ਦਗੀ ਪੱਤਰ ਦਾਖਿਲ ਕਰਦਿਆਂ ਆਪਣੀ ਵਿਦਿਅਕ ਯੋਗਿਤਾ ਦਿੱਲੀ ਯੂਨੀਵਰਸਿਟੀ ਦੇ ਸਕੂਲ ਆਫ ਓਪਨ ਲਰਨਿੰਗ (ਕਾਰਸਪਾਂਡਸ) ਤੋਂ 1994 ਵਿੱਚ ਬੈਚਲਰ ਆਫ ਕਮਰਸ ਪਾਰਟ-1 ਦਰਜ ਕੀਤੀ ਹੈ। ਇਸ ਤਰ੍ਹਾਂ ਵਿਦਿਅਕ ਯੋਗਿਤਾ ਦੇ ਵਿਰੋਧਾਭਾਸ਼ੀ ਬਿਆਨਾਂ ਕਰਕੇ ਇੱਕ ਵਿਵਾਦ ਖੜਾ ਹੋ ਗਿਆ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਜ਼ੋਰਦਾਰ ਮੁਜਾਹਿਰੇ ਕਰਕੇ ਸੁਮ੍ਰਿਤੀ ਇਰਾਨੀ ਦੇ ਅਸਤੀਫੇ ਦੀ ਮੰਗ ਕੀਤੀ ਹੈ। ਇਸ ਦੌਰਾਨ ਇਹ ਵਿਵਾਦ ਉਸ ਸਮੇਂ ਹੋਰ ਵੀ ਗਹਿਰਾ ਗਿਆ ਜਦੋਂ ਸੁਮ੍ਰਿਤੀ ਨੇ ਇੱਕ ਹੋਰ ਬਿਆਨ ਦੇ ਦਿੱਤਾ ਕਿ ਉਸ ਕੋਲ ਅਮਰੀਕਾ ਦੀ ਯਾਲੇ ਯੂਨੀਵਰਸਿਟੀ ਦੀ ਵੀ ਇੱਕ ਡਿਗਰੀ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਸੁਮ੍ਰਿਤੀ ਇਰਾਨੀ ਸਮੇਤ ਭਾਰਤ ਦੇ 11 ਸਾਂਸਦਾਂ ਨੇ ਯਾਲੇ ਯੂਨੀਵਰਸਿਟੀ ਵਿੱਚ ਲੀਡਰਸ਼ਿੱਪ ਦੇ 6-ਦਿਨਾਂ ਕ੍ਰੈਸ਼ ਕੋਰਸ ਵਿੱਚ ਹਿੱਸਾ ਲਿਆ ਸੀ। ਇਹ ਕੋਈ ਡਿਗਰੀ ਨਹੀਂ ਹੈ, ਮਾਤਰ ਕ੍ਰੈਸ਼ ਕੋਰਸ ਵਿੱਚ ਹਿੱਸਾ ਲੈਣ ਦਾ ਪ੍ਰਮਾਣ ਪੱਤਰ ਹੈ। ਵਿਦਿਆ ਦੇ ਵਿਰੋਧਾਭਾਸ਼ੀ ਹਲਫਨਾਮਿਆਂ ਕਰਕੇ ਵਿਰੋਧੀ ਪਾਰਟੀਆਂ ਨੇ ਉਸ ਵਿਰੁਧ ਦਿੱਲੀ ਹਾਈ ਕੋਰਟ ਵਿੱਚ ਸ਼ਿਕਾਇਤ ਵੀ ਦਰਜ਼ ਕਰਵਾਈ ਹੋਈ ਹੈ।

ਉਸ ਉਤੇ ਦੂਸਰਾ ਦੋਸ਼ ਇਹ ਹੈ ਕਿ ਉਸਨੇ ਮੰਤਰੀ ਵਜੋਂ ਵਿਸ਼ਰਮ ਜਮਦਰ ਨਾਂ ਦੇ ਇੱਕ ਵਿਅਕਤੀ ਦੀ ਨਾਗਪੁਰ ਦੇ ਤਕਨੀਕੀ ਸਿੱਖਿਆ ਦੇ ਵਿਸਵੇਸਵਰਯਾ ਰਾਸ਼ਟਰੀ ਸੰਸਥਾਨ ਵਿੱਚ ਨਿਯੁਕਤੀ ਦੀ ਸਿਫਾਰਿਸ਼ ਕੀਤੀ ਸੀ। ਵਿਸ਼ਰਮ ਜਮਦਰ ਆਰ. ਐਸ. ਐਸ. ਦਾ ਮੈਂਬਰ ਅਤੇ ਖੇਤਰੀ ਸੰਘ ਪਰਿਵਾਰ ਦਾ ਆਗੂ ਹੈ।

**4. ਪੰਕਜਾ ਮੁੰਡੇ**
**(ਮਹਿਲਾ ਤੇ ਬਾਲ ਵਿਕਾਸ ਮੰਤਰੀ, ਮਹਾਂਰਾਸ਼ਟਰ):**

ਭਾਰਤੀ ਜਨਤਾ ਪਾਰਟੀ ਵਾਸਤੇ ਇੱਕ ਹੋਰ ਮੁਸੀਬਤ ਉਦੋਂ ਖੜੀ ਹੋ ਗਈ, ਜਦੋਂ ਮਹਾਂਰਾਸ਼ਟਰ ਦੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਪੰਕਜਾ ਮੁੰਡੇ ਨੇ ਇੱਕੋ ਦਿਨ ਵਿੱਚ 24 ਸਰਕਾਰੀ ਮਤੇ ਪਾਸ ਕਰਕੇ ਆਂਗਨਵਾੜੀ ਸਕੂਲਾਂ ਵਾਸਤੇ 206 ਕਰੋੜ ਰੁਪਏ ਦਾ ਸਾਮਾਨ ਖਰੀਦਣ ਲਈ ਆਰਡਰ ਦੇ ਦਿੱਤੇ। ਇਹ ਆਰਡਰ ਜਾਰੀ ਕਰਦਿਆਂ ਨਿਯਮਾਂ ਦੀ ਪਾਲਣਾਂ ਨਹੀਂ ਕੀਤੀ ਗਈ। ਨਿਯਮਾਂ ਅਨੁਸਾਰ ਤਿੰਨ ਲੱਖ ਰੁਪਏ ਤੋਂ ਵੱਧ ਦੀਆਂ ਖਰੀਦਾਰੀਆਂ ਈ-ਟੈਂਡਰਾਂ ਰਾਹੀਂ ਕੀਤੀਆਂ ਜਾਂਦੀਆਂ ਹਨ। ਮਹਾਂਰਾਸ਼ਟਰ ਵਿੱਚ ਦਿਵੇਂਦਰ ਫਡਨਾਵਸ ਦੀ ਅਗਵਾਈ ਹੇਠ ਗਠਿਤ ਬੀ. ਜੇ. ਪੀ. ਦੀ ਸਰਕਾਰ ਦੇ ਇਸ ਸਕੈਂਡਲ ਦਾ ਉਸ



ਸਮੇਂ ਪਤਾ ਲੱਗਿਆ ਜਦੋਂ ਅਹਿ-ਮਦਨਗਰ ਜ਼ਿਲ੍ਹਾ ਪ੍ਰੀਸ਼ਦ ਦੇ ਪ੍ਰਧਾਨ ਨੇ ਮੰਤਰੀ ਨੂੰ ਲਿਖਿਤ ਸ਼ਿਕਾਇਤ ਕੀਤੀ ਕਿ ਸਮੂਹਿਕ ਬੱਚਾ ਵਿਕਾਸ ਸੇਵਾਵਾਂ ਅਧੀਨ ਕਬਾਇਲੀ ਵਿਦਿਆਰਥੀਆਂ ਨੂੰ ਦਿੱਤੀ ਗਈ ਚਿੱਕੀ ਦਾ ਮਿਆਰ ਬੜਾ ਘਟੀਆ ਹੈ। ਇਸ ਘੁਟਾਲੇ ਨੂੰ ਚਿੱਕੀ ਸਕੈਂਡਲ ਦਾ ਨਾਂ ਦਿੱਤਾ ਗਿਆ ਹੈ। ਪੰਕਜਾ ਮੁੰਡੇ ਸਵਰਗਵਾਸੀ ਬੀ. ਜੇ. ਪੀ. ਆਗੂ ਗੋਪੀ ਨਾਥ ਮੁੰਡੇ ਦੀ ਪੁੱਤਰੀ ਹੈ।

ਕਾਂਗਰਸੀ ਨੇਤਾ ਸਚਿਨ ਸਾਮੰਤ ਨੇ ਕਿਹਾ ਹੈ ਕਿ ਨਿਰਧਾਰਿਤ ਜ਼ਾਬਤੇ ਦੀ ਉਲੰਘਣਾ ਕਰਕੇ ਸਾਮਾਨ ਦੀ ਖਰੀਦ ਲਈ 24 ਠੇਕੇਦਾਰ ਪ੍ਰਵਾਨ ਕੀਤੇ ਗਏ। ਇਸ ਸੰਬੰਧ ਵਿੱਚ ਐਂਟੀ ਕੁਰੱਪਸ਼ਨ ਬਿਓਰੋ ਕੋਲ ਜਾਂਚ ਲਈ ਸ਼ਿਕਾਇਤ ਦਰਜ਼ ਕਰਵਾਈ ਗਈ ਹੈ। ਕਾਂਗਰਸ ਪਾਰਟੀ ਦੇ ਬੁਲਾਰੇ ਅਜੈ ਮਾਕਨ ਨੇ ਇਸ ਮਾਮਲੇ ਦੀ ਹਾਈ ਕੋਰਟ ਵਲੋਂ ਨਿਆਂਇਕ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ।

ਉਧਰ ਪੰਕਜਾ ਮੁੰਡੇ ਨੇ ਲੰਡਨ ਤੋਂ ਪਰਤ ਕੇ ਛਤਰਪਤੀ ਸ਼ਿਵਾ ਜੀ ਅੰਤ੍ਰਰਾਸ਼ਟਰੀ ਹਵਾਈ ਅੱਡੇ ਉਤੇ ਆਪਣੇ ਹਮਾਇਤੀਆਂ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਉਹ ਉਸ ਵਿਰੁੱਧ ਕੀਤੀ ਜਾ ਰਹੀ ਇਸ ਸਾਜਿਸ਼ ਦਾ ਪਰਦਾਫਾਸ਼ ਕਰੇਗੀ। ਮੁੱਖ ਮੰਤਰੀ ਦਿਵੇਂਦਰ ਫਡਨਾਵਸ ਨੇ ਪ੍ਰਧਾਨ ਮੰਤਰੀ ਨਾਲ ਇਸ ਸੰਬੰਧ ਵਿੱਚ ਮੁਲਾਕਾਤ ਕਰਕੇ ਦੱਸਿਆ ਹੈ ਕਿ ਇਸ ਵਿੱਚ ਇਸੇ ਕਿਸਮ ਦੀ ਗਲਤ ਕਾਰਵਾਈ ਦਾ ਕੋਈ ਸਬੂਤ ਨਹੀਂ ਹੈ।

**5. ਸਾਧਵੀ ਪ੍ਰਾਚੀ**
**(ਅਧਿਆਤਮਕ ਬਾਣਾ- ਦੁਰਭਾਸ਼ੀ ਜ਼ੁਬਾਨ):**

21 ਜੂਨ, 2015 ਨੂੰ ਦੁਨੀਆਂ ਭਰ ਵਿੱਚ ਯੋਗ ਦਿਵਸ ਮਨਾਇਆ ਗਿਆ। ਇਸ ਦਿਨ 193 ਮੁਲਕਾਂ ਨੇ ਯੋਗਾ ਕਰਕੇ ਇਹ ਦਿਨ ਮਨਾਇਆ। ਸੰਯੁਕਤ ਰਾਸ਼ਟਰ ਸੰਘ ਨੇਂ ਯੋਗਾ ਨੂੰ ਪ੍ਰਵਾਨਗੀ ਦਿੰਦਿਆਂ ਇਹ ਯੋਗ-ਦਿਵਸ ਮਨਾਏ ਜਾਣ ਲਈ ਕਿਹਾ ਸੀ। ਦਿੱਲੀ ਵਿੱਚ ਰਾਜਪੱਥ ਵਿਖੇ ਲਗਭਗ 40,000 ਵਿਅਕਤੀਆਂ ਨੇ ਇਕੱਠੇ ਹੋ ਕੇ ਯੋਗਾ ਕੀਤਾ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਮੇਤ ਉਨ੍ਹਾਂ ਦੀ ਸਰਕਾਰ ਦੇ ਬਹੁਤ ਸਾਰੇ ਮੰਤਰੀ ਤੇ ਅਧਿਕਾਰੀ, ਦਿੱਲੀ ਸਰਕਾਰ ਦੇ ਮੰਤਰੀ ਤੇ ਅਧਿਕਾਰੀ ਸ਼ਾਮਿਲ ਹੋਏ ਸਨ। ਯੋਗਾ ਦੀ ਵਿਰੋਧਤਾ ਕਰਦਿਆਂ 'ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ' ਨੇ ਇਸਨੂੰ ਹਿੰਦੂਤਵ ਦਾ ਨਾਂ ਦਿੱਤਾ ਸੀ। ਬੋਰਡ ਦੇ ਕਾਰ-ਜਕਾਰੀ ਜਨਰਲ ਸਕੱਤਰ, ਮੌਲਾਨਾ ਵਲੀ ਰਹਿਮਾਨੀ ਨੇ ਮੁਸਲਿਮ



ਸੰਗਠਨਾਂ, ਸੰਸਥਾਵਾਂ ਅਤੇ ਇਮਾਮਾਂ ਨੂੰ ਇੱਕ ਚਿੱਠੀ ਭੇਜ ਕੇ ਕਿਹਾ ਸੀ ਕਿ ਇਹ ਕਾਰਵਾਈ ਇਸਲਾਮੀ ਵਿਸ਼ਵਾਸ ਨੂੰ ਨੁਕਸਾਨ ਪਹੁੰਚਾਉਣ ਵਾਲੀ ਅਤੇ ਬ੍ਰਾਹਮਣ ਧਰਮ ਤੇ ਵੈਦਿਕ ਸੰਸਕ੍ਰਿਤੀ ਦੇ ਪ੍ਰਭਾਵ ਨੂੰ ਵਧਾਉਣ ਵਾਲੀ ਹੈ। ਇਸ ਕਰਕੇ ਮੁਸਲਮਾਨਾਂ ਨੂੰ ਇਸ ਵਿੱਚ ਸ਼ਮੂਲੀਅਤ ਨਹੀਂ ਕਰਨੀ ਚਾਹੀਦੀ।

ਬੀ. ਜੇ. ਪੀ. ਦੀ ਸਹਿਯੋਗੀ ਸੰਸਥਾ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਨੇਤਾ ਸਾਧਵੀ ਪ੍ਰਾਚੀ ਨੇ ਇਸ ਉਤੇ ਪ੍ਰਤੀਕ੍ਰਿਆ ਕਰਦਿਆਂ ਕਿਹਾ ਕਿ ਜਿਹੜੇ ਲੋਕ ਯੋਗਾ ਦੀ ਵਿਰੋਧਤਾ ਕਰਦੇ ਹਨ, ਉਨ੍ਹਾਂ ਨੂੰ ਹਿੰਦੁਸਤਾਨ ਛੱਡ ਕੇ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਸਾਧਵੀ ਪ੍ਰਾਚੀ ਕੱਟੜਤਾ ਅਤੇ ਕੌੜੇ ਬੋਲਾਂ ਲਈ ਮਸ਼ਹੂਰ ਹੈ। ਉਸਨੇ ਉਪ ਰਾਸ਼ਟਰਪਤੀ ਹਾਮਿਦ ਅਨੁਸਾਰੀ ਨੂੰ ਵੀ ਨਹੀਂ ਬਖ਼ਸ਼ਿਆ ਅਤੇ ਕਿਹਾ ਕਿ ਰਾਜਪੱਥ ਵਿਖੇ ਪਹਿਲਾ ਯੋਗ ਦਿਵਸ ਮਨਾਉਣਾ ਕਿਸੇ ਸਿਆਸੀ ਆਗੂ ਦੀ ਲੜਕੀ ਦੀ ਸ਼ਾਦੀ ਨਹੀਂ ਹੈ ਕਿ ਉਨ੍ਹਾਂ ਨੂੰ ਨਿਮੰਤ੍ਰਣ ਪੱਤਰ ਭੇਜਿਆ ਜਾਵੇ। ਦੇਸ਼ ਦੇ ਕਈ ਆਗੂਆਂ ਨੇ ਉਸਦੇ ਇਸ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਯੋਗਾ ਨੂੰ ਕਿਸੇ ਉਤੇ ਠੋਸਿਆ ਨਹੀਂ ਜਾ ਸਕਦਾ। ਯੋਗਾ ਕਰਨਾ ਜਾਂ ਨਾ ਕਰਨਾ ਹਰੇਕ ਵਿਅਕਤੀ ਦੀ ਆਪਣੀ ਮਰਜ਼ੀ ਹੈ।

ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ।
ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।
ਹੋਰ ਜਾਣਕਾਰੀ ਲਈ ਸੰਪਰਕ ਕਰੋ
209-479-0242

## ਭਾਈ ਮਨੀ ਸਿੰਘ ਜੀ ਦੇ ਪਵਿੱਤਰ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# 'ਮੇਰਾ ਸਿਰ ਜਾਵੇ ਤਾਂ ਜਾਵੇ, ਪਰ ਮੇਰੀ ਸਿੱਖੀ ਸਿਦਕ ਨਾ ਜਾਵੇ'



ਪ੍ਰੋ: ਐਚ. ਐਲ. ਕਪੂਰ
01- 916- 587-4002

**ਭਾਈ** ਮਨੀ ਸਿੰਘ ਜੀ ਪੰਜਾਬ ਦੇ ਸਿੱਖ ਇਤਿਹਾਸ 'ਚ 18ਵੀਂ ਸਦੀ ਦੇ ਇਕ ਮਹਾਨ ਸ਼ਹੀਦ ਤੇ ਸਿੱਖ ਚਿੰਤਕ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਸਨ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ 'ਖਾਲਸਾ ਪੰਥ' ਦੀ ਸਾਜਨਾ ਕੀਤੀ ਤਾਂ ਉਹਨਾਂ ਨੇ ਵੀ ਅੰਮ੍ਰਿਤ ਛਕਿਆ। ਉਹ ਸਿੱਖ ਸਿਧਾਂਤਾਂ ਦੇ ਪੱਕੇ ਪੈਰੋਕਾਰ ਸਨ। ਇਸ ਤੋਂ ਉਪਰੰਤ ਛੇਤੀ ਹੀ ਗੁਰੂ ਸਾਹਿਬ ਨੇ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਨਿਗਰਾਨ ਤੇ ਪ੍ਰਬੰਧਕ ਵਜੋਂ ਨਿਯੁਕਤ ਕਰਕੇ ਅੰਮ੍ਰਿਤਸਰ ਭੇਜਿਆ ਕਿਉਂਕਿ 1696 ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਕੋਈ ਪ੍ਰਬੰਧਕ ਨਹੀਂ ਸੀ, ਤੇ ਇਸ 'ਤੇ ਮੀਣਿਆਂ ਨੇ ਕਬਜ਼ਾ ਕੀਤਾ ਹੋਇਆ ਸੀ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਸ ਸਮੇਂ ਸੰਭਾਲਿਆ ਜਦੋਂ ਸਿੱਖ ਇਤਿਹਾਸ ਇਕ ਬੜੇ ਨਾਜ਼ੁਕ ਮੋੜ ਤੋਂ ਗੁਜ਼ਰ ਰਿਹਾ ਸੀ।

ਭਾਈ ਮਨੀ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ, ਇਕ ਸੱਚੇ-ਸੁੱਚੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਸਿੰਘ, ਸਿੱਖ ਧਰਮ ਨੂੰ ਵਧੀਆ ਅਗਵਾਈ ਦੇਣ ਵਾਲੇ ਨੇਤਾ, ਬੜੇ ਉੱਚੇ ਚਰਿੱਤਰ ਦੇ ਮਾਲਕ ਤੇ ਇਕ ਨੇਕ ਦਿਲ ਇਨਸਾਨ ਸਨ। ਉਹਨਾਂ ਨੇ ਸਿੱਖ ਧਰਮ ਦੀ ਆਨ ਤੇ ਸ਼ਾਨ ਦੀ ਚੜ੍ਹਦੀ ਕਲਾ ਬਣਾਈ ਰੱਖਣ ਲਈ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਉਹਨਾਂ ਨੇ ਸਿੱਖ ਧਰਮ ਨੂੰ ਭਾਰਤ ਦੀ ਕੌਮੀ ਪੱਧਰ 'ਤੇ ਲਿਆਉਣ ਲਈ ਸਿਰਤੋੜ ਯਤਨ ਕੀਤੇ। ਉਹਨਾਂ ਦੀ ਇਸ ਘਾਲਣਾ ਬਦਲੇ ਉਹਨਾਂ ਨੂੰ ਇਸ ਦਾ ਬੜਾ ਵੱਡਾ ਮੁੱਲ ਵੀ ਚੁਕਾਉਣਾ ਪਿਆ ਤੇ ਉਹਨਾਂ ਨੂੰ ਲਾਹੌਰ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਉਹਨਾਂ ਦੀ ਏਡੀ ਵੱਡੀ ਕੁਰਬਾਨੀ ਕਰਕੇ ਹੀ ਸਿੱਖ ਧਰਮ ਦੀ ਰੋਜ਼ਾਨਾ ਜ਼ਿੰਦਗੀ ਦੀ ਅਰਦਾਸ 'ਚ ਉਹਨਾਂ ਦਾ ਨਾਮ ਦਰਜ ਹੈ ਤੇ ਉਹ ਪੂਜਣ ਯੋਗ ਬਣ ਗਏ ਹਨ।

ਭਾਈ ਮਨੀ ਸਿੰਘ ਜੀ ਦਾ ਪਰਿਵਾਰਕ ਪਿਛੋਕੜ ਇਕ ਸ਼ਾਹੀ ਰਾਜ ਘਰਾਣੇ 'ਰਾਜਪੂਤ' ਖਾਨਦਾਨ ਨਾਲ ਸਬੰਧ ਜੁੜਦਾ ਹੈ। ਉਨ੍ਹਾਂ ਦੇ ਵੱਡੇ-ਵਡੇਰੇ ਬਹੁਤ ਹੀ ਸਿਆਣੇ ਤੇ ਕਾਬਲ ਰਾਜੇ-ਮਹਾਰਾਜੇ ਸਨ। ਉਹਨਾਂ ਨੂੰ ਇਹ ਵਡੱਪਣ ਤੇ ਉੱਚਾ ਵਿਅੱਕਤਿੱਤਵ ਆਪਣੇ ਵਿਰਸੇ 'ਚੋਂ ਹੀ ਮਿਲਿਆ। ਉਹਨਾਂ ਦੇ ਅਮੀਰ ਵਿਰਸੇ ਬਾਰੇ ਸਾਨੂੰ ਜਾਣਕਾਰੀ ਸਿੱਖ ਧਰਮ ਦੇ ਪੁਰਾਣੇ ਇਤਿਹਾਸਕ ਗ੍ਰੰਥਾਂ ਜਿਵੇਂ: ਸ੍ਰੀ 'ਸੂਰਜ ਪ੍ਰਕਾਸ਼ ਗ੍ਰੰਥ' 'ਚੋਂ ਬੜੀ ਅਸਾਨੀ ਨਾਲ ਮਿਲ ਜਾਂਦੀ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਚ ਦਰਜ 'ਭੱਟਾਂ ਦੀ ਬਾਣੀ' ਦਰਜ ਹੈ। ਇਹਨਾਂ ਭੱਟਾਂ ਦਾ ਭਾਈ ਮਨੀ ਸਿੰਘ ਜੀ ਦੇ ਪੂਰਵਜਾਂ ਭਾਵ ਸ਼ਾਹੀ ਘਰਾਣੇ ਨਾਲ ਬਹੁਤ ਨੇੜੇ ਦਾ ਸਬੰਧ ਸੀ। ਇਹ ਭੱਟ ਰਾਜਪੂਤ ਰਾਜਿਆਂ ਦੇ ਪ੍ਰੋਹਿਤ ਅਖਵਾਉਂਦੇ ਸਨ ਤੇ ਇਹਨਾਂ ਭੱਟਾਂ ਦੇ ਰਾਜਪੂਤ ਰਾਜਿਆਂ ਨਾਲ ਸਹਿਯੋਗੀਆਂ ਵਾਲੇ ਬੜੇ ਨੇੜਲੇ ਪਰਿਵਾਰਕ ਤੇ ਬੜੇ ਪੁਰਾਣੇ ਸਬੰਧ ਸਨ। ਇਕ ਪ੍ਰਸਿੱਧ ਇਤਿਹਾਸਕਾਰ ਨਿਸਫੀਲਡ ਆਪਣੀ ਪੁਸਤਕ 'ਡਬਲਿਊ ਕਰੁਕ' 1896 'ਚ, ਇਸ ਦੇ ਹਵਾਲੇ ਦਿੰਦਾ ਹੋਇਆ ਲਿਖਦਾ ਹੈ ਕਿ ਉਤਰੀ-ਪੱਛਮੀ ਭਾਰਤ ਦੇ ਕਬੀਲੇ ਅਤੇ ਜਾਤਾਂ, ਖਾਸ ਤੌਰ 'ਤੇ ਉਨ੍ਹਾਂ 'ਚ ਭੱਟ ਬੜੀ ਆਸਾਨੀ ਨਾਲ, ਉਸ ਸਮੇਂ ਦੇ ਰਾਜਿਆਂ ਦੇ ਦਰਬਾਰਾਂ, ਫੌਜੀ ਕੈਂਪਾਂ ਤੇ ਆਮ ਜਨਤਾ 'ਚ ਉਹਨਾਂ ਦੇ ਗੁਣ ਗਾਉਂਦੇ ਤੇ ਆਪਣੀਆਂ ਕਿਤਾਬਾਂ 'ਚ ਰਾਜਿਆਂ ਦੇ ਖ਼ਾਨਦਾਨਾਂ ਦਾ ਸਾਰਾ ਵੇਰਵਾ, ਪੀੜ੍ਹੀ ਦਰ ਪੀੜ੍ਹੀ ਇਕੱਠਾ ਕਰਕੇ ਰੱਖਦੇ ਸਨ।

ਭਾਈ ਮਨੀ ਸਿੰਘ ਜੀ ਦੇ ਪਰਿਵਾਰਕ ਪਿਛੋਕੜ ਦੀਆਂ ਸ਼ਾਖਾਵਾਂ ਦਾ ਘੇਰਾ ਬੜਾ ਵਿਸ਼ਾਲ ਹੈ। ਮਹਾਰਾਜਾ ਵਿਕਰਮਾਦਿੱਤ 911 ਏ. ਡੀ. ਨੂੰ ਤਖਤ ਤੇ ਬੈਠਾ ਤੇ ਉਦੋਂ ਤੋਂ ਲੈ ਕੇ ਭਾਈ ਮਨੀ ਸਿੰਘ ਜੀ ਤੱਕ ਉਨ੍ਹਾਂ ਦੇ 23 ਵੱਡੇ-ਵਡੇਰੇ ਰਾਜ ਸਿੰਘਾਸਨ 'ਤੇ ਬੈਠੇ, ਜਿਹਨਾਂ ਦੇ ਨਾਮ ਕ੍ਰਮਵਾਰ ਇਸ ਤਰ੍ਹਾਂ ਹਨ: ਰਾਜਾ ਸੰਨਤਲ, ਰਾਜਾ ਮਾਘ (950 AD ਨੂੰ ਤਖਤ 'ਤੇ ਬੈਠਾ), ਰਾਜਾ ਮੁੰਨਜਾ (ਤਖਤ 'ਤੇ 974 AD ਨੂੰ ਬੈਠਾ), ਰਾਜਾ ਭੋਜਾ ਜਿਹੜਾ ਕਿ ਇਕ ਬਹੁਤ ਵੱਡਾ ਵਿਦਵਾਨ ਸੀ ਤੇ ਬਹੁ-ਸਾਸਤਰ ਗਿਆਤਾ ਵੀ ਸੀ ਤੇ ਉਹ ਭਾਰਤ ਦਾ ਰਾਜਾ ਸੀ ਤੇ 1018 AD ਨੂੰ ਤਖਤ 'ਤੇ ਬੈਠਾ ਸੀ। ਰਾਜਾ ਜੈ ਸਿੰਘ (1060 AD ਨੂੰ ਤਖਤ 'ਤੇ ਬੈਠਾ), ਰਾਜਾ ਸਪਤਾ ਮੁਕਤ (1108 AD ਨੂੰ ਤਖਤ 'ਤੇ ਬੈਠਾ), ਰਾਜਾ ਚੱਤਰਾ ਮੁਕਤ (ਤਖਤ 'ਤੇ 1152 AD 'ਚ ਬੈਠਾ), ਰਾਜਾ ਉਦੈਦੀਪ ਜਿਹੜਾ ਬਹੁਤ ਗਿਆਨਦਾਤਾ ਸੀ ਤੇ ਉਹ 1198 AD ਨੂੰ ਤਖਤ 'ਤੇ ਬੈਠਾ, ਰਾਜਾ ਰਨਧਾਵਲ (1230 AD ਨੂੰ ਤਖਤ 'ਤੇ ਬੈਠਾ), ਰਾਜਾ ਉਧਰ (ਤਖਤ 'ਤੇ 1256 AD ਨੂੰ ਬੈਠਾ), ਰਾਜਾ ਅੰਬ ਚਰਨ (ਤਖਤ 'ਤੇ 1297 AD ਨੂੰ ਬੈਠਾ), ਰਾਜਾ ਲੋਈਆ ਜੀ (ਤਖਤ 'ਤੇ 1339 AD ਨੂੰ ਬੈਠਾ), ਰਾਜਾ ਸ਼ਾਹ (ਤਖਤ 'ਤੇ 1400 AD ਨੂੰ ਬੈਠਾ), ਰਾਜਾ ਸੋਮ (ਤਖਤ 'ਤੇ 1434 AD ਨੂੰ ਬੈਠਾ), ਰਾਜਾ ਧਰਨਾ (ਤਖਤ 'ਤੇ 1438 AD ਨੂੰ ਬੈਠਾ), ਰਾਜਾ ਦੇਸ ਰਾਏ (ਤਖਤ 'ਤੇ 1445 AD ਨੂੰ ਬੈਠਾ), ਰਾਜਾ ਰਾਧਾ (ਤਖਤ 'ਤੇ 1457 AD ਨੂੰ ਬੈਠਾ), ਰਾਜਾ ਕਲੂ ਰਾਏ (ਤਖਤ 'ਤੇ 1482 AD ਨੂੰ ਬੈਠਾ), ਰਾਜਾ ਆਸਲ (ਤਖਤ 'ਤੇ 1502 AD ਨੂੰ ਬੈਠਾ), ਰਾਜਾ ਜੱਲ੍ਹਾ (ਤਖਤ 'ਤੇ 1541 AD ਨੂੰ ਬੈਠਾ), ਰਾਜਾ ਨਰ ਸਿੰਘ (ਤਖਤ 'ਤੇ 1553 AD ਨੂੰ ਬੈਠਾ)। ਇਸ ਰਾਜੇ ਕੋਲੋਂ ਮੁਗਲਾਂ ਨੇ ਸਖ਼ਤ ਮੁਕਾਬਲਾ ਕਰਕੇ ਰਾਜ ਖੋਹ ਲਿਆ ਸੀ। ਇਸ ਤੋਂ ਬਾਅਦ ਰਾਓ ਹਾਫਾ, ਰਾਓ ਚਾਹਦ, ਰਾਓ ਬੂਡਾ, ਰਾਓ ਮੂਲ਼ਾ ਤੇ ਰਾਓ ਬੱਲੂ ਦੇ ਨਾਮ ਵਰਣਨਯੋਗ ਹਨ।

ਰਾਓ ਬੱਲੂ ਜਿਹੜਾ ਕਿ ਭਾਈ ਮਨੀ ਸਿੰਘ ਜੀ ਦਾ ਦਾਦਾ ਸੀ ਤੇ ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ 'ਚ ਇਕ ਸਿੱਖ ਜਰਨੈਲ ਦੀ ਪਦਵੀ ਤੇ ਨਿਯੁਕਤ ਸੀ। ਉਨ੍ਹਾਂ ਬਾਰੇ ਸਿੱਖ ਇਤਿਹਾਸ 'ਚ ਇਸ ਤਰ੍ਹਾਂ ਹਵਾਲਾ ਆਉਂਦਾ ਹੈ- 'ਰਾਓ ਬੱਲੂ ਏਕ ਵੀਰ ਬਹਾਦਰ, ਖ਼ਾਸਥਮ ਗੁਰੂ ਕੇ ਰਹਿਓ ਸਾਦਰ'। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਹਥਿਆਰਬੰਦ ਸੈਨਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਰਾਓ ਬੱਲੂ ਮੁਗਲ ਸਮਰਾਟ ਅਕਬਰ ਦੇ ਬਹੁਤ ਨਜ਼ਦੀਕੀ ਸਨ ਤੇ 1635 'ਚ ਚੋਖਾ ਭੱਟ ਦੇ ਹਵਾਲੇ ਅਨੁਸਾਰ ਰਾਓ ਬੱਲੂ ਮੁਗਲ ਫੌਜ 'ਚ ਇਕ ਬਹੁਤ ਹੀ ਤਾਕਤਵਰ ਜਰਨੈਲ ਸੀ ਤੇ ਉਸ ਬਾਰੇ ਇਸ ਤਰ੍ਹਾਂ ਕਿਹਾ ਜਾਂਦਾ ਸੀ- 'ਬੱਲੂ ਤੂੰ ਭਾਰਤ ਕੇ ਭੀਮ ਜੈਸਾ, ਤੁਝੇ ਜਾਨੇ ਸ਼ਾਹ ਚੁਗਾਤਾਰ (ਭਾਵ ਮੁਗਲ ਸਮਰਾਟ)।

ਰਾਓ ਮਾਈ ਦਾਸ ਜੀ ਜੋ ਕਿ ਭਾਈ ਮਨੀ ਸਿੰਘ ਜੀ ਦੇ ਪਿਤਾ ਸਨ ਤੇ ਉਹ ਬਾਦਸ਼ਾਹ ਸ਼ਾਹ ਜਹਾਨ ਦੀ ਕਚਹਿਰੀ 'ਚ ਇਕ ਉੱਚ ਅਹੁਦੇ 'ਤੇ ਨਿਯੁਕਤ ਸਨ ਤੇ ਉਹਨਾਂ ਬਾਰੇ ਇਸ ਤਰ੍ਹਾਂ ਕਿਹਾ ਜਾਂਦਾ ਸੀ- 'ਮਾਈ ਦਾਸ ਸ਼ਾਹ ਜਹਾਨ ਕੋ ਮਿਲਿਆ, ਦੇਖੇ ਹਿੰਦੂ ਮੁਸਲਮਾਨ।'

ਭਾਈ ਮਨੀ ਸਿੰਘ ਜੀ ਦੇ ਪਰਿਵਾਰ 'ਚ ਬੜੇ ਵੱਡੇ-ਵੱਡੇ ਯੋਧੇ ਹੋਏ ਹਨ। ਖਾਸ ਤੌਰ ਤੇ ਉਹਨਾਂ ਦੇ ਚਚੇਰੇ ਭਾਈ ਜਿਹਨਾਂ ਦਾ ਨਾਮ ਸਰਦਾਰ ਭਗਵਾਨ ਸਿੰਘ 'ਭੰਗੇਸ਼ਵਰ' ਸੀ। ਉਹ ਔਰੰਗਜ਼ੇਬ ਦੇ ਰਾਜ ਸਮੇਂ ਇਕ ਰਾਜਪੂਤ ਪ੍ਰਸ਼ਾਸਕ ਸੀ। ਭਾਈ ਮਨੀ ਸਿੰਘ ਜੀ ਇਕ ਅਜਿਹੇ ਹੀ ਪਰਿਵਾਰ 'ਚ ਪੈਦਾ ਹੋਇਆ ਇਕ ਮਹਾਨ ਸੂਰਬੀਰ ਸਿੱਖ ਯੋਧਾ ਸੀ। ਉਹਨਾਂ ਦਾ ਭਰਾ ਭਾਈ ਦਿਆਲਾ ਜੀ ਵੀ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਨਾਲ ਹੀ ਦਿੱਲੀ ਵਿਖੇ ਸ਼ਹੀਦ ਹੋਏ ਸਨ। ਭਾਈ ਮਨੀ ਸਿੰਘ ਜੀ ਦੇ 11 ਭਰਾ ਤੇ ਉਹਨਾਂ ਦੇ 10 ਬੱਚਿਆਂ 'ਚੋਂ 7 ਨੂੰ, ਉਸ ਸਮੇਂ ਦੀ ਜ਼ਾਲਮ ਮੁਗਲ ਹਕੂਮਤ ਨੇ ਸ਼ਹੀਦ ਕਰ ਦਿੱਤਾ ਸੀ।

ਭਾਈ ਮਨੀ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਕਾਫ਼ੀ ਸਮਾਂ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਨਿਭਾਉਂਦਿਆਂ ਬਤੀਤ ਕੀਤਾ। ਉਹ ਮਾਈ ਦਾਸ ਜੀ ਦੇ 12 ਪੁੱਤਰਾਂ 'ਚੋਂ ਇਕ ਸਨ। ਉਨ੍ਹਾਂ ਦੇ ਦਾਦਾ ਜੀ ਰਾਓ ਬੱਲੂ ਸਨ, ਜਿਹੜੇ ਕਿ ਇਕ ਮੰਨੇ-ਪ੍ਰਮੰਨੇ ਸੂਰਬੀਰ ਯੋਧਾ ਸਨ। ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸੈਨਾ 'ਚ ਜਨਰਲ ਦੇ ਅਹੁਦੇ 'ਤੇ ਨਿਯੁਕਤ ਸਨ। ਉਹਨਾਂ ਨੇ ਗੁਰੂ ਸਾਹਿਬ ਨਾਲ ਮਿਲ ਕੇ, ਮੁਗ਼ਲਾਂ ਨਾਲ ਸਭ ਲੜਾਈਆਂ ਲੜੀਆਂ ਤੇ ਇਨ੍ਹਾਂ ਲੜਾਈਆਂ 'ਚ ਲਾਹੌਰ ਦੇ ਗਵਰਨਰ ਮੁਰਤਜ਼ਾ ਖ਼ਾਨ ਨੂੰ ਮਾਰ ਮੁਕਾਇਆ। ਇਹ ਉਹੀ ਮੁਰਤਜ਼ਾ ਖਾਨ ਹੈ ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ ਸੀ। ਭਾਈ ਮਨੀ ਸਿੰਘ ਜੀ, ਉਨ੍ਹਾਂ ਦੇ ਦਾਦਾ ਜੀ, 11 ਉਹਨਾਂ ਦੇ ਭਰਾ ਤੇ 10 'ਚੋਂ ਸੱਤ, ਉਹਨਾਂ ਦੇ ਲੜਕੇ, ਗੁਰੂ ਸਾਹਿਬ ਜੀ ਵੱਲੋਂ ਲੜੀਆਂ ਗਈਆਂ ਲੜਾਈਆਂ 'ਚ ਮਾਰੇ ਗਏ ਸਨ।

ਰਾਓ ਮਾਈ ਦਾਸ ਦੀ ਪਤਨੀ ਮਾਦਰੀ ਬਾਈ ਜੀ ਦੀ ਕੁੱਖੋਂ ਸੱਤ ਪੁੱਤਰਾਂ ਨੇ ਜਨਮ ਲਿਆ ਤੇ ਉਹਨਾਂ ਦੇ ਨਾਮ ਇਸ ਤਰ੍ਹਾਂ ਹਨ: ਭਾਈ ਜੇਠਾ ਸਿੰਘ ਜਿਹੜੇ ਕਿ 1711 'ਚ ਆਲੋਵਾਲ ਵਿਖੇ ਸ਼ਹੀਦ ਹੋਏ, ਭਾਈ ਮਨੀ ਸਿੰਘ 1734 'ਚ ਲਾਹੌਰ ਵਿਖੇ ਸ਼ਹੀਦ ਹੋਏ, ਭਾਈ ਦਾਨ ਸਿੰਘ 1795 'ਚ ਚਮਕੌਰ ਸਾਹਿਬ ਦੀ ਲੜਾਈ 'ਚ ਸ਼ਹੀਦ ਹੋਏ, ਭਾਈ ਮਾਨ ਸਿੰਘ 1708 'ਚ ਚਿਤੌੜਗੜ੍ਹ ਦੀ ਲੜਾਈ 'ਚ ਸ਼ਹੀਦ ਹੋਏ, ਭਾਈ ਅਮਰ ਚੰਦ ਬਚਪਨ 'ਚ ਹੀ ਸਵਰਗਵਾਸ ਹੋ ਗਏ, ਭਾਈ ਰੂਪ ਸਿੰਘ ਜੀ ਆਪਣੇ ਵੱਡੇ ਭਰਾ ਜੇਠਾ ਸਿੰਘ ਜੀ ਨਾਲ ਹੀ 1711 'ਚ ਆਲੋਵਾਲ 'ਚ ਸ਼ਹੀਦ ਹੋਏ।

ਰਾਓ ਮਾਈ ਦਾਸ ਦੇ ਬਾਕੀ ਪੰਜ ਪੁੱਤਰਾਂ ਨੇ ਉਹਨਾਂ ਦੀ ਦੂਜੀ ਪਤਨੀ ਲਾਡੀਕੀ ਬਾਈ ਜੀ ਦੀ ਕੁੱਖੋਂ ਜਨਮ ਲਿਆ ਤੇ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ: ਭਾਈ ਜਗਤ ਸਿੰਘ ਜੀ 1734 'ਚ ਲਾਹੌਰ ਵਿਖੇ ਹੀ, ਭਾਈ ਮਨੀ ਸਿੰਘ ਜੀ ਨਾਲ ਸ਼ਹੀਦ ਹੋਏ, ਭਾਈ ਸੋਹਣ ਚੰਦ 1691 'ਚ ਨਾਦੌਣ ਦੀ ਜੰਗ 'ਚ ਸ਼ਹੀਦ ਹੋਏ, ਭਾਈ ਲਹਿਣਾ ਜੀ 1696 'ਚ ਗੁਲੇਰ ਦੀ ਜੰਗ 'ਚ ਸ਼ਹੀਦ ਹੋਏ, ਭਾਈ ਰਾਏ ਸਿੰਘ 1705 'ਚ ਮੁਕਤਸਰ ਦੀ ਲੜਾਈ 'ਚ ਸ਼ਹੀਦ ਹੋਏ ਤੇ ਭਾਈ ਹੱਟੀ ਚੰਦ 1688 'ਚ ਭੰਗਾਣੀ ਦੇ ਯੁੱਧ 'ਚ ਸ਼ਹੀਦ ਹੋਏ।

ਭਾਈ ਮਨੀ ਸਿੰਘ ਜੀ ਦੀ ਸ਼ਾਦੀ ਸੀਤੋ ਬਾਈ ਜੀ ਨਾਲ 15 ਸਾਲ ਦੀ ਉਮਰ 'ਚ ਹੋਈ ਜੋ ਕਿ ਲੱਖੀ ਰਾਏ ਯਾਦੋ ਬੰਸੀ ਰਾਓ ਦੀ ਪੁੱਤਰੀ ਸੀ ਜੋ ਕਿ ਖ਼ੈਰਪੁਰ ਦੇ ਰਹਿਣ ਵਾਲੇ ਸਨ। ਭਾਈ ਮਨੀ ਸਿੰਘ ਜੀ ਨੇ ਆਪਣੀ ਸ਼ਾਦੀ ਦੇ ਬਾਅਦ ਥੋੜ੍ਹਾ ਸਮਾਂ ਆਪਣੇ ਪਿੰਡ ਅਲੀਪੁਰ ਵਿਖੇ ਬਿਤਾਇਆ। ਭਾਈ ਮਨੀ ਸਿੰਘ ਜੀ ਦੇ ਪੁੱਤਰਾਂ ਦੇ ਨਾਮ ਇਸ ਤਰ੍ਹਾਂ ਹਨ: ਚਿੱਤਰ ਸਿੰਘ, ਭਾਈ ਮਨੀ ਸਿੰਘ ਜੀ ਦੇ ਨਾਲ ਹੀ 1734 'ਚ ਲਾਹੌਰ ਵਿਖੇ ਸ਼ਹੀਦ ਹੋਏ, ਬਚਿੱਤਰ ਸਿੰਘ 1704 'ਚ ਆਨੰਦਪੁਰ ਸਾਹਿਬ ਨੇੜੇ ਨਾਹਨ ਵਿਖੇ ਹੋਈ ਲੜਾਈ 'ਚ ਸ਼ਹੀਦ ਹੋਏ, ਉਦੈ ਸਿੰਘ ਵੀ ਆਨੰਦਪੁਰ ਸਾਹਿਬ ਨੇੜੇ 1704 'ਚ ਸ਼ਾਹੀ ਟਿੱਬੀ ਵਿਖੇ ਲੜਾਈ 'ਚ ਸ਼ਹੀਦ ਹੋਏ, ਅਨੇਕ ਸਿੰਘ 1704 'ਚ ਚਮਕੌਰ ਸਾਹਿਬ ਦੀ ਲੜਾਈ 'ਚ ਸ਼ਹੀਦ ਹੋਏ, ਅਜਬ ਸਿੰਘ ਵੀ 1704 'ਚ ਚਮਕੌਰ ਸਾਹਿਬ ਦੀ ਲੜਾਈ 'ਚ ਸ਼ਹੀਦ ਹੋਏ, ਅਜਾਇਬ ਸਿੰਘ ਵੀ 1704 'ਚ ਚਮਕੌਰ ਸਾਹਿਬ ਦੀ ਲੜਾਈ 'ਚ ਸ਼ਹੀਦ ਹੋਏ, ਗੁਰਬਖਸ਼ ਸਿੰਘ 1734 'ਚ ਭਾਈ ਮਨੀ ਸਿੰਘ ਜੀ ਨਾਲ ਹੀ ਲਾਹੌਰ ਵਿਖੇ ਸ਼ਹੀਦ ਹੋਏ, ਭਗਵਾਨ ਸਿੰਘ, ਬਲਰਾਮ ਸਿੰਘ, ਦੇਸਾ ਸਿੰਘ ਜੀ ਜੋ ਕਿ 'ਖ਼ਾਲਸੇ ਦਾ ਰਹਿਤਨਾਮਾ' ਦੇ ਰਚਾਇਤਾ ਸਨ। ਭਾਈ ਮਨੀ ਸਿੰਘ ਜੀ ਦੇ ਸੱਤ ਪੁੱਤਰ ਉਹਨਾਂ ਦੀ ਪਹਿਲੀ ਪਤਨੀ ਸ੍ਰੀਮਤੀ ਸੀਤਾ ਬਾਈ ਜੀ ਦੀ ਕੁੱਖੋਂ ਪੈਦਾ ਹੋਏ ਅਤੇ ਬਾਕੀ ਦੇ ਪੁੱਤਰਾਂ ਨੇ ਉਹਨਾਂ ਦੀ ਦੂਸਰੀ ਪਤਨੀ ਸ੍ਰੀਮਤੀ ਖੇਮੀ ਬਾਈ ਜੀ ਦੀ ਕੁੱਖੋਂ ਜਨਮ ਲਿਆ।



ਜਦੋਂ ਭਾਈ ਮਨੀ ਸਿੰਘ ਜੀ 13 ਸਾਲ ਦੇ ਸਨ ਤਾਂ ਉਹਨਾਂ ਦੇ ਪਿਤਾ ਸ੍ਰੀ ਰਾਓ ਮਾਈਦਾਸ ਜੀ ਉਹਨਾਂ ਨੂੰ ਕੀਰਤਪੁਰ ਸਾਹਿਬ ਵਿਖੇ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਦਰਸ਼ਨ ਕਰਾਉਣ ਲਈ ਆਪਣੇ ਨਾਲ ਲਿਆਏ। ਜਦੋਂ ਭਾਈ ਮਨੀ ਸਿੰਘ ਜੀ ਨੇ ਨਿਮਰਤਾ ਸਹਿਤ ਗੁਰੂ ਸਾਹਿਬ ਨੂੰ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਇਸ ਬਾਲਕ ਭਾਈ ਮਨੀ ਸਿੰਘ ਜੀ ਬਾਰੇ ਆਪਣੀ ਭਵਿੱਖਬਾਣੀ ਕੀਤੀ ਕਿ, "ਇਹ ਬਾਲਕ ਜੋ ਸੇਵਾ ਭਾਵਨਾ ਨਾਲ ਭਰਿਆ ਪਿਆ ਹੈ, ਜ਼ਰੂਰ ਸੰਸਾਰ ਪ੍ਰਸਿੱਧੀ ਪ੍ਰਾਪਤ ਕਰੇਗਾ।" ਭਾਈ ਮਨੀ ਸਿੰਘ ਜੀ ਨੇ ਕੀਰਤਪੁਰ ਸਾਹਿਬ ਵਿਖੇ ਕੋਈ ਦੋ ਸਾਲ ਗੁਜ਼ਾਰੇ ਤੇ ਸ੍ਰੀ ਗੁਰੂ ਹਰਿਰਾਏ ਸਾਹਿਬ ਤੇ ਜਨਤਾ ਦੀ ਖੂਬ ਸੇਵਾ ਕੀਤੀ। ਉਹ ਗੁਰੂ ਸਾਹਿਬ ਦੀ ਰਸੋਈ 'ਚ ਰੋਜ਼ ਭਾਂਡੇ, ਕੱਪੜੇ ਲੀੜੇ ਤੇ ਹੋਰ ਘਰ ਦਾ ਨਿੱਕਾ ਮੋਟਾ ਕੰਮ ਬੜੀ ਤਨਦੇਹੀ ਨਾਲ ਕਰਦੇ ਸਨ। ਆਪਣੇ ਇਹ ਕੰਮ ਨਿਪਟਾ ਕੇ ਫਿਰ ਉਹ ਦੂਸਰੇ ਕੰਮ ਜਿਵੇਂ- ਗੁਰਬਾਣੀ ਯਾਦ ਕਰਨਾ ਤੇ ਇਸ ਦੀ ਵਿਆਖਿਆ ਦਾ ਅਭਿਆਸ ਕਰਨ ਆਦਿ ਵੱਲ ਰੁਚਿਤ ਹੋ ਜਾਂਦੇ। ਉਹ ਪ੍ਰਮਾਤਮਾ ਦੀ ਬੰਦਗੀ 'ਚ ਬੜੀ ਲਗਨ ਨਾਲ ਸ਼ਾਮਲ ਹੁੰਦੇ ਸਨ।

ਜਦੋਂ ਭਾਈ ਮਨੀ ਸਿੰਘ ਜੀ 15 ਸਾਲਾਂ ਦੇ ਹੋਏ ਤਾਂ ਉਹਨਾਂ ਦੇ ਪਿਤਾ ਜੀ ਨੇ ਗੁਰੂ ਹਰਿਰਾਏ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਭਾਈ ਮਨੀ ਸਿੰਘ ਜੀ ਨੂੰ ਕੁਝ ਦਿਨਾਂ ਦੀ ਛੁੱਟੀ ਦਿੱਤੀ ਜਾਵੇ ਤਾਂ ਗੁਰੂ ਸਾਹਿਬ ਨੇ ਤੁਰੰਤ ਹਾਂ ਕਰ ਦਿੱਤੀ। ਫਿਰ ਇਸ ਉਪਰੰਤ ਉਹ ਆਪਣੇ ਪਿਤਾ ਜੀ ਨਾਲ ਆਪਣੇ ਪਿੰਡ ਅਲੀਪੁਰ ਵਿਖੇ ਆ ਗਏ ਤੇ ਫਿਰ ਉਹਨਾਂ ਦੀ ਬੀਬੀ ਸੀਤੋਵਾਈ ਨਾਲ ਸ਼ਾਦੀ ਕਰ ਦਿੱਤੀ।

ਥੋੜ੍ਹਾ ਸਮਾਂ ਆਪਣੇ ਪਿੰਡ ਗੁਜ਼ਾਰਨ ਤੋਂ ਬਾਅਦ ਉਹ ਫਿਰ ਆਪਣੇ ਵੱਡੇ ਭਰਾ ਭਾਈ ਜੇਠਾ ਸਿੰਘ ਤੇ ਭਾਈ ਦਿਆਲ ਦਾਸ ਨਾਲ ਕੀਰਤਪੁਰ ਸਾਹਿਬ ਵਿਖੇ ਗੁਰੂ ਹਰਿਰਾਏ ਸਾਹਿਬ ਜੀ ਪਾਸ ਆ ਗਏ ਤੇ ਮੁੜ ਆਪਣੀ ਪਹਿਲੀ ਸੇਵਾ ਆਰੰਭ ਕਰ ਦਿੱਤੀ। ਭਾਈ ਮਨੀ ਸਿੰਘ ਜੀ ਦੀ ਦਿਲੀ ਇੱਛਾ ਸੀ ਕਿ ਉਹ ਆਪਣੀ ਸਾਰੀ ਉਮਰ ਗੁਰੂ ਸਾਹਿਬ ਦੀ ਸੇਵਾ 'ਚ ਅਰਪਣ ਕਰ ਦੇਣ।

ਗੁਰੂ ਹਰਿਰਾਏ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਜੀ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੀ ਉਸੇ ਲਗਨ ਨਾਲ ਸੇਵਾ ਆਰੰਭ ਕਰ ਦਿੱਤੀ। ਜਦੋਂ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਨੂੰ ਰਵਾਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਵੀ ਦੂਸਰੇ ਸਿੱਖਾਂ ਸਮੇਤ ਗੁਰੂ ਸਾਹਿਬ ਦੇ ਨਾਲ ਹੀ ਦਿੱਲੀ ਆ ਗਏ।

ਗੁਰੂ ਹਰਿਕ੍ਰਿਸ਼ਨ ਜੀ 30 ਮਾਰਚ 1664 ਈਸਵੀ ਨੂੰ ਦਿੱਲੀ ਵਿਖੇ ਹੀ ਜੋਤੀ-ਜੋਤ ਸਮਾ ਗਏ। ਭਾਈ ਮਨੀ ਸਿੰਘ ਜੀ ਗੁਰੂ ਹਰਿਕ੍ਰਿਸ਼ਨ ਜੀ ਦੇ ਮਾਤਾ ਜੀ, ਮਾਤਾ ਸੁਲੱਖਣੀ ਦੇ ਇਕ ਅੰਗ-ਰੱਖਿਅਕ ਵਜੋਂ ਉਹਨਾਂ ਨਾਲ ਬਾਬਾ ਬਕਾਲਾ ਆ ਗਏ ਤੇ ਭਾਈ ਮਨੀ ਸਿੰਘ ਜੀ ਨੇ ਗੁਰੂ ਤੇਗ਼ ਬਹਾਦਰ ਜੀ ਦੇ ਸਨਮੁਖ ਹੋ ਕੇ, ਆਪਣੇ ਆਪ ਨੂੰ ਉਹਨਾਂ ਦੀ ਸੇਵਾ ਲਈ ਅਰਪਿਤ ਕੀਤਾ। ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਭਾਈ ਜੇਠਾ ਸਿੰਘ ਤੇ ਭਾਈ ਦਿਆਲਾ ਦਾਸ ਜੀ ਵੀ ਗੁਰੂ ਸਾਹਿਬ ਜੀ ਦੀ ਸੇਵਾ ਲਈ, ਬਕਾਲਾ ਆ ਗਏ। ਭਾਈ ਮਨੀ ਸਿੰਘ ਜੀ ਦੀ ਉਸ ਸਮੇਂ ਉਮਰ 20 ਸਾਲ ਦੀ ਸੀ। ਕੁਝ ਸਮਾਂ ਗੁਰੂ ਤੇਗ਼ ਬਹਾਦਰ ਜੀ ਦੀ ਸੇਵਾ ਕਰਨ ਉਪਰੰਤ ਗੁਰੂ ਸਾਹਿਬ ਤੋਂ ਆਗਿਆ ਲੈ ਕੇ, ਆਪਣੇ ਪਿੰਡ ਅਲੀਪੁਰ ਆ ਗਏ।

ਕੁਝ ਸਮੇਂ ਬਾਅਦ ਭਾਈ ਮਨੀ ਸਿੰਘ ਜੀ ਆਪਣੇ ਪਰਿਵਾਰ ਸਮੇਤ ਵਿਸਾਖੀ 'ਤੇ ਫਿਰ ਆਨੰਦਪੁਰ ਸਾਹਿਬ ਆ ਗਏ। ਉਸ ਸਮੇਂ ਗੁਰੂ ਤੇਗ਼ ਬਹਾਦਰ ਜੀ ਅਜੇ ਆਨੰਦਪੁਰ ਸਾਹਿਬ, ਆਪਣੀ ਪੂਰਬ ਦੀ ਸਿੱਖ ਧਰਮ ਦੇ ਪ੍ਰਚਾਰ ਲਈ ਯਾਤਰਾ ਤੋਂ ਪਰਤੇ ਹੀ ਸਨ। ਇਹ 1672 ਦੀ ਗੱਲ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਨਿਗਰਾਨੀ 'ਚ ਰਹਿੰਦਿਆਂ ਭਾਈ ਮਨੀ ਸਿੰਘ ਜੀ ਨੇ ਆਪਣੀ ਤਨਦੇਹੀ ਨਾਲ ਸੇਵਾ ਆਰੰਭ ਰੱਖੀ ਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਗੁਰਬਾਣੀ ਦੀਆਂ ਛੋਟੀਆਂ ਪੋਥੀਆਂ ਦੇ ਉਤਾਰੇ ਵੀ ਕੀਤੇ।

ਜਦੋਂ ਗੁਰੂ ਤੇਗ਼ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੀ ਬੇਨਤੀ ਬੜੇ ਗਹੁ ਨਾਲ ਸੁਣੀ ਕਿ ਉਹ ਹਿੰਦੂ ਧਰਮ ਦੀ ਰੱਖਿਆ ਲਈ ਉਹਨਾਂ ਦੀ ਮਦਦ ਕਰਨ, ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਨੂੰ ਜਾਣ ਦਾ ਤੁਰੰਤ ਫੈਸਲਾ ਕਰ ਲਿਆ। ਭਾਈ ਜੇਠਾ ਜੀ, ਭਾਈ ਮਨੀ ਸਿੰਘ ਜੀ ਤੇ ਕੁਝ ਹੋਰ ਸਿੱਖਾਂ ਨੂੰ ਪਿੱਛੇ ਆਨੰਦਪੁਰ ਸਾਹਿਬ ਵਿਖੇ ਰਹਿਣ ਦਾ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਦਾ ਆਦੇਸ਼ ਦਿੱਤਾ। ਭਾਈ ਮਤੀ ਦਾਸ, ਭਾਈ ਸਤੀਦਾਸ ਤੇ ਭਾਈ ਦਿਆਲ ਦਾਸ ਜੀ, ਗੁਰੂ ਤੇਗ਼ ਬਹਾਦਰ ਸਾਹਿਬ ਜੀ ਨਾਲ ਦਿੱਲੀ ਚਲੇ ਗਏ ਤੇ ਰਸਤੇ 'ਚ ਹੀ ਇਨ੍ਹਾਂ ਤਿੰਨਾਂ ਨੂੰ, ਗੁਰੂ ਤੇਗ਼ ਬਹਾਦਰ ਜੀ ਦੇ ਨਾਲ ਹੀ ਗ੍ਰਿਫ਼ਤਾਰ ਕਰਕੇ ਦਿੱਲੀ ਲਿਜਾਇਆ ਗਿਆ ਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮਾਂ ਨਾਲ ਸਖ਼ਤ ਤਸੀਹੇ ਦੇ ਕੇ, ਦਿੱਲੀ ਦੇ ਚਾਂਦਨੀ ਚੌਂਕ 'ਚ ਸ਼ਹੀਦ ਕਰ ਦਿੱਤਾ ਗਿਆ। ਭਾਈ ਦਿਆਲ ਦਾਸ ਜੀ ਜੋ ਕਿ ਭਾਈ ਮਨੀ ਸਿੰਘ ਜੀ ਦੇ ਵੱਡੇ ਭਰਾ ਸਨ ਨੇ ਪਹਿਲਾਂ ਹੀ, ਇਸ ਤਰ੍ਹਾਂ ਹੋਣ ਦੀ ਭਵਿੱਖਬਾਣੀ ਕਰ ਦਿੱਤੀ ਸੀ, ਜਦੋਂ ਕਿ ਮਤੀ ਦਾਸ ਜੀ ਤੇ ਸਤੀ ਦਾਸ ਜੀ, ਭਾਈ ਪਰਾਗ ਦਾਸ ਜਾਂ ਭਾਈ ਪਿਰਾਗਾ ਦੇ ਪੋਤਰੇ ਸਨ ਤੇ ਇਹਨਾਂ ਦੀ ਪ੍ਰਸਿੱਧੀ ਛਿੱਬਰ ਕਬੀਲੇ ਦੇ ਬ੍ਰਾਹਮਣ ਵਜੋਂ ਬਹੁਤ ਸੀ, ਜਿਹੜੇ ਕਿ ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਦੇ ਕਰਿਆਲਾ ਪਿੰਡ ਦੇ ਸਨ। ਇਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖ ਬਣੇ ਸਨ ਤੇ ਬਾਅਦ 'ਚ ਗੁਰੂ ਹਰਿਗੋਬਿੰਦ ਸਾਹਿਬ ਦੀ ਸੈਨਾ 'ਚ ਭਰਤੀ ਹੋ ਕੇ ਯੋਧੇ ਬਣ ਗਏ ਸਨ, ਖਾਸ ਤੌਰ 'ਤੇ ਰੋਹੀਲਾ ਤੇ ਅੰਮ੍ਰਿਤਸਰ ਦੀਆਂ ਜੰਗਾਂ 'ਚ ਆਪਣੀ ਬਹਾਦਰੀ ਦੇ ਜੌਹਰ ਦਿਖਾਉਣ ਕਰਕੇ।

ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਉਮਰ ਦੇ ਹਾਣੀ ਨਹੀਂ ਸਨ (ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਗੋਬਿੰਦ ਰਾਏ ਸੀ) ਤੇ ਉਹ ਗੁਰੂ ਸਾਹਿਬ ਤੋਂ ਉਮਰ ਦੇ ਲਿਹਾਜ਼ ਨਾਲ ਕਾਫ਼ੀ ਵੱਡੇ ਸਨ।

ਭਾਈ ਮਨੀ ਸਿੰਘ ਜੀ ਗੁਰੂ ਸਾਹਿਬ ਜੀ ਨਾਲ 'ਗੁਰਗੱਦੀ' 'ਤੇ ਬੈਠਣ ਤੋਂ ਵੀ ਕਾਫ਼ੀ ਸਮਾਂ ਬਾਅਦ ਤੱਕ ਨਾਲ ਰਹੇ। ਭਾਈ ਮਨੀ ਸਿੰਘ ਜੀ ਨੂੰ, ਗੁਰੂ ਗੋਬਿੰਦ ਸਿੰਘ ਜੀ ਆਪਣੇ ਨਾਲ, ਆਪਣੇ ਇਕਾਂਤਵਾਸ ਸਮੇਂ, ਪਾਉਂਟਾ ਸਾਹਿਬ ਲੈ ਗਏ। ਇੱਥੇ ਗੁਰੂ ਸਾਹਿਬ ਨੇ ਕੋਈ ਤਿੰਨ ਸਾਲ ਦਾ ਸਮਾਂ ਗੁਜ਼ਾਰਿਆ ਤੇ ਇੱਥੇ ਰਹਿ ਕੇ ਕਾਫ਼ੀ ਸਾਹਿਤ ਰਚਨਾ ਕੀਤੀ।

ਭਾਈ ਮਨੀ ਸਿੰਘ ਜੀ ਸਿਰਫ ਇਕ ਮਹਾਨ ਸਿੱਖ ਚਿੰਤਕ ਹੀ ਨਹੀਂ ਸਨ, ਜਿਹਨਾਂ ਨੇ ਸਿੱਖੀ ਤੇ ਕਈ ਗ੍ਰੰਥ ਵੀ ਲਿਖੇ, ਇਸ ਦੇ ਨਾਲ ਉਹ ਇਕ ਮਹਾਨ ਯੋਧਾ ਵੀ ਸਨ, ਜਿਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਗ-ਰੱਖਿਅਕ ਵਜੋਂ ਵੀ ਕਈ ਮੌਕਿਆਂ 'ਤੇ ਕੰਮ ਕੀਤਾ।

ਉਹਨਾਂ ਨੇ ਕਈ ਲੜਾਈਆਂ 'ਚ ਆਪਣੀ ਬਹਾਦਰੀ ਦੇ ਜੌਹਰ ਵੀ ਦਿਖਾਏ ਤੇ ਆਪਣੇ ਆਪ ਨੂੰ ਇਕ ਮਹਾਨ ਯੋਧਾ ਵੀ ਸਾਬਤ ਕੀਤਾ। ਗੁਰੂ ਸਾਹਿਬਾਨ ਵੱਲੋਂ ਲਗਾਏ ਜਾਂਦੇ ਦੀਵਾਨਾਂ 'ਚ ਵੀ ਆਪਣੀ ਵਿਦਵਤਾ ਦੀ ਛਾਪ ਛੱਡੀ ਤੇ ਸਿੱਖ ਧਰਮ ਨੂੰ ਸਥਾਪਤ ਕਰਨ 'ਚ ਬੜਾ ਯੋਗਦਾਨ ਵੀ ਪਾਇਆ। ਫਿਰ ਵੀ ਉਹਨਾਂ ਨੇ ਗੁਰੂ ਸਾਹਿਬ ਦੀ ਅਗਵਾਈ

(ਬਾਕੀ ਅਗਲੇ ਸਫੇ ਤੇ)

# 'ਮੇਰਾ ਸਿਰ ਜਾਵੇ ਤਾਂ ਜਾਵੇ, ਪਰ ਮੇਰੀ ਸਿੱਖੀ ਸਿਦਕ ਨਾ ਜਾਵੇ'

'ਚ ਕਈ ਗ੍ਰੰਥਾਂ ਦਾ ਅਧਿਐਨ ਕੀਤਾ ਤੇ ਇਕ ਨਿਪੁੰਨ ਬ੍ਰਹਮ ਗਿਆਨੀ ਬਣ ਗਏ। ਉਹਨਾਂ ਨੇ ਗੁਰਬਾਣੀ ਨੂੰ ਸਮਝਣ ਲਈ ਉਸ ਦਾ ਬਹੁਤ ਡੂੰਘਾਈ 'ਚ ਵਿਸ਼ਲੇਸ਼ਣ ਕਰਕੇ ਗਿਆਨ ਪ੍ਰਾਪਤ ਕੀਤਾ ਤੇ ਇਸ ਗਿਆਨ ਦਾ ਇਕ ਵਧੀਆ ਕਥਾਵਾਚਕ ਵਜੋਂ ਆਨੰਦਪੁਰ ਸਾਹਿਬ ਤੇ ਪਿੱਛੋਂ ਹਰਿਮੰਦਰ ਸਾਹਿਬ ਵਿਖੇ ਪ੍ਰਗਟਾ ਵੀ ਕੀਤਾ।

1685 'ਚ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਾਹਨ ਦੇ ਰਾਜਾ ਮੇਦਨੀ ਪ੍ਰਕਾਸ਼ ਦੇ ਸੱਦੇ 'ਤੇ ਨਾਹਨ ਵਿਖੇ ਗਏ ਤਾਂ ਉਹਨਾਂ ਨਾਲ ਪ੍ਰਮੁੱਖ ਤੌਰ 'ਤੇ ਭਾਈ ਮਨੀ ਸਿੰਘ ਜੀ ਤੇ ਹੋਰ ਸਿੱਖ ਵੀ ਨਾਲ ਗਏ।

1687 'ਚ ਜਦੋਂ ਗੁਰੂ ਜੀ ਨੇ ਬਾਬਾ ਰਾਮ ਰਾਏ ਦੀ ਵਿਧਵਾ ਪਤਨੀ ਦੀ ਬੇਨਤੀ 'ਤੇ ਉਸ ਦੀ ਮਦਦ ਕਰਨ ਲਈ, ਦੇਹਰਾਦੂਨ ਗਏ ਕਿਉਂਕਿ ਉਥੋਂ ਦੇ ਮਸੰਦ ਉਨ੍ਹਾਂ ਨਾਲ ਦੁਰਵਿਵਹਾਰ ਕਰਦੇ ਸਨ, ਨਾਲ ਭਾਈ ਮਨੀ ਸਿੰਘ ਵੀ ਸਨ। ਉਹਨਾਂ ਨੇ ਮਸੰਦਾਂ ਨੂੰ ਖੂਬ ਸਬਕ ਸਿਖਾਇਆ ਅਤੇ ਉਹਨਾਂ ਨੂੰ ਸਿੱਧੇ ਰਸਤੇ 'ਤੇ ਲੈ ਆਂਦਾ।

1688 'ਚ ਬਾਬਾ ਰਾਮਰਾਏ ਜੀ ਦੀ ਬਰਸੀ 'ਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਅਗਵਾਈ 'ਚ 50 ਸਿੱਖਾਂ ਦਾ ਜਥਾ ਭੇਜ ਕੇ ਬਰਸੀ 'ਚ ਸ਼ਾਮਲ ਹੋਣ ਲਈ ਕਿਹਾ।

ਭਾਈ ਮਨੀ ਸਿੰਘ ਜੀ ਉਸ ਸਮੇਂ ਵੀ ਗੁਰੂ ਗੋਬਿੰਦ ਸਿੰਘ ਜੀ ਨਾਲ ਗਏ ਜਦੋਂ ਉਹਨਾਂ ਨੇ ਜਮਨਾ ਨਦੀ ਨੂੰ ਪਾਰ ਕਰਕੇ ਹਿਮਾਚਲ ਪ੍ਰਦੇਸ਼ ਸਥਿਤ ਪਾਉਂਟਾ ਸਾਹਿਬ ਵਿਖੇ ਜਾਣਾ ਸੀ। ਭਾਈ ਮਨੀ ਸਿੰਘ ਜੀ ਨੇ ਭੰਗਾਣੀ ਦਾ ਯੁੱਧ ਵੀ 1688 'ਚ ਲੜਿਆ ਕਿਉਂਕਿ ਸਭ ਪਹਾੜੀ ਰਾਜੇ ਇਕੱਠੇ ਹੋ ਕੇ ਪਾਉਂਟਾ ਸਾਹਿਬ 'ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਭਾਈ ਮਨੀ ਸਿੰਘ ਜੀ ਨੇ ਇਸ ਲੜਾਈ 'ਚ ਆਪਣੀ ਤਲਵਾਰ ਦੇ ਜੌਹਰ ਦਿਖਾਏ। ਇਸ ਲੜਾਈ 'ਚ ਉਹਨਾਂ ਦਾ ਛੋਟਾ ਭਰਾ ਹਟੀ ਚੰਦ ਮਾਰਿਆ ਗਿਆ ਸੀ।

1690 'ਚ ਨਦੌਂਣ ਦੀ ਜੰਗ 'ਚ ਵੀ ਭਾਈ ਮਨੀ ਸਿੰਘ ਨੇ ਆਪਣੀ ਤਲਵਾਰ ਦੇ ਜੌਹਰ ਦਿਖਾਏ ਤੇ ਇੱਥੇ ਵੀ ਜਿੱਤ ਪ੍ਰਾਪਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਦੀ ਇਸ ਜਿੱਤ ਤੋਂ ਖੁਸ਼ ਹੋ ਕੇ ਉਹਨਾਂ ਨੂੰ 'ਦੀਵਾਨ' ਦੇ ਖਿਤਾਬ ਨਾਲ ਨਿਵਾਜਿਆ।

1699 'ਚ ਵਿਸਾਖੀ ਵਾਲੇ ਦਿਨ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸਾ ਪੰਥ' ਦੀ ਸਥਾਪਨਾ ਕੀਤੀ ਤਾਂ ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਨਾਲ ਖੁਦ ਅੰਮ੍ਰਿਤ ਛਕਿਆ ਤੇ ਉਹ ਮਨੀ ਰਾਮ (ਮਨੀਆ) ਤੋਂ ਭਾਈ ਮਨੀ ਸਿੰਘ ਜੀ ਬਣ ਗਏ। ਇਸੇ ਹੀ ਦਿਨ ਭਾਈ ਮਨੀ ਸਿੰਘ ਜੀ ਦੇ ਭਰਾਵਾਂ, ਜਿਹਨਾਂ 'ਚ ਰਾਏ ਸਿੰਘ, ਰੂਪ ਸਿੰਘ ਤੇ ਮਾਨ ਸਿੰਘ ਨੇ ਵੀ ਤੇ ਉਹਨਾਂ ਦੇ ਪੰਜ ਪੁੱਤਰਾਂ, ਜਿਹਨਾਂ ਦੇ ਨਾਮ ਬਚਿੱਤਰ ਸਿੰਘ, ਉਦੈ ਸਿੰਘ, ਇਨਾਇਕ ਸਿੰਘ, ਅਜਾਬ ਸਿੰਘ ਤੇ ਅਜਾਇਬ ਸਿੰਘ ਨੇ ਵੀ ਅੰਮ੍ਰਿਤ ਛਕਿਆ ਤੇ ਸਿੰਘ ਸਜ ਗਏ।

1699 'ਚ ਖਾਲਸਾ ਪੰਥ ਦੀ ਸਥਾਪਨਾ ਬਾਅਦ ਬਹੁਤ ਸਾਰੇ ਸਿੱਖ ਸ਼ਰਧਾਲੂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਤੇ ਗੁਰੂ ਸਾਹਿਬ ਨੇ ਇਸ ਸਮੇਂ 'ਰਹਿਤ ਮਰਿਆਦਾ' 'ਚ ਰਹਿਣ ਦੇ, ਸਭ ਸਿੰਘਾਂ ਨੂੰ ਆਦੇਸ਼ ਦਿੱਤੇ। ਇਸ ਤੋਂ ਕੁਝ ਦਿਨ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਤੇ ਪੰਜ ਸਿੰਘਾਂ ਨੂੰ ਹਦਾਇਤ ਦੇ ਕੇ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਦਾ ਕਬਜ਼ਾ ਲੈਣ ਲਈ ਭੇਜਿਆ। ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ, ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਤੋਂ ਬਾਅਦ ਹਰਿਮੰਦਰ ਸਾਹਿਬ ਦੇ ਤੀਸਰੇ ਮੁੱਖ ਗ੍ਰੰਥੀ ਬਣੇ। ਭਾਈ ਮਨੀ ਸਿੰਘ ਜੀ ਨੇ ਪੂਜਾ-ਪਾਠ ਦੀਆਂ ਸਭ ਹਿੰਦੂ ਵਿਧਾਵਾਂ ਨੂੰ ਹਰਿਮੰਦਰ ਸਾਹਿਬ 'ਚੋਂ ਖਤਮ ਕੀਤਾ ਤੇ ਨਾਲ-ਨਾਲ ਰੋਜ਼ਾਨਾ ਭਾਈ ਮਨੀ ਸਿੰਘ ਜੀ, ਗੁਰਬਾਣੀ ਦੀ ਕਥਾ ਕਰਦੇ ਸਨ ਜਿਹੜੀ ਕਿ ਸਿੱਖ ਧਰਮ ਦੇ ਪ੍ਰਸਾਰ ਲਈ ਬਹੁਤ ਹੀ ਜਲਦ ਆਪਣੀ ਚਰਮ ਸੀਮਾ 'ਤੇ ਪਹੁੰਚ ਗਈ। ਕਥਾ, ਕੀਰਤਨ ਦੇ ਨਾਲ, ਸਿੱਖ ਸੰਗਤ ਨੂੰ ਰਹਿਤ ਮਰਿਆਦਾ ਦੀਆਂ ਹਦਾਇਤਾਂ ਵੀ ਦਿੱਤੀਆਂ ਜਾਂਦੀਆਂ ਤੇ ਇਸ ਦੇ ਨਾਲ, ਸਿੱਖ ਧਰਮ 'ਚ ਸ਼ਾਮਲ ਹੋਣ ਵਾਲੇ, ਨਵੇਂ ਸ਼ਰਧਾਲੂਆਂ ਨੂੰ ਖੰਡੇ-ਬਾਟੇ ਦਾ ਪਾਹੁਲ ਵੀ ਦਿੱਤਾ ਜਾਂਦਾ ਤੇ ਸਿੰਘ ਸਜਾਇਆ ਜਾਂਦਾ। ਇਸ ਤਰ੍ਹਾਂ ਭਾਈ ਮਨੀ ਸਿੰਘ ਜੀ ਦੀਆਂ ਕੋਸ਼ਿਸ਼ਾਂ ਨਾਲ ਉੱਤਰੀ ਪੰਜਾਬ ਦੇ ਜੱਟ, ਕਿਸਾਨ ਵਰਗ ਦੇ ਵੱਡੀ ਗਿਣਤੀ 'ਚ ਲੋਕ, ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਇਸ ਤਰ੍ਹਾਂ ਇਸ ਵਰਗ ਦੇ ਲੋਕਾਂ ਦੀ ਦਿਨ-ਪ੍ਰਤੀ-ਦਿਨ ਸਿੱਖ ਧਰਮ 'ਚ ਗਿਣਤੀ ਵਧਣ ਲੱਗੀ। ਇਸ ਤਰ੍ਹਾਂ ਜਦੋਂ ਇਹ ਲੋਕ ਅੰਮ੍ਰਿਤ ਛਕ ਕੇ ਆਪਣੇ ਪਿੰਡਾਂ 'ਚ ਵਾਪਸ ਜਾਂਦੇ ਤਾਂ ਉਹ ਅੰਮ੍ਰਿਤ ਛਕਣ ਤੇ ਸਿੰਘ ਸਜਣ ਦੀ ਪ੍ਰੇਰਨਾ, ਦੂਸਰੇ ਲੋਕਾਂ ਨੂੰ ਵੀ ਦਿੰਦੇ। ਇਸ ਤਰ੍ਹਾਂ ਸਮੇਂ-ਸਮੇਂ 'ਤੇ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਨੂੰ, ਸਤਿਕਾਰ ਦੇਣ ਲਈ ਆਨੰਦਪੁਰ ਸਾਹਿਬ ਜਾਂਦੇ ਰਹਿੰਦੇ ਤੇ ਅੰਮ੍ਰਿਤਸਰ ਦੀਆਂ ਸਾਰੀਆਂ ਗਤੀਵਿਧੀਆਂ ਦੀ ਜਾਣਕਾਰੀ ਵੀ ਗੁਰੂ ਸਾਹਿਬ ਨੂੰ ਦਿੰਦੇ ਰਹਿੰਦੇ ਸਨ।

1699 'ਚ ਖਾਲਸਾ ਪੰਥ ਦੀ ਸਾਜਨਾ ਉਪਰੰਤ ਰਾਜਾ ਅਜਮੇਰ ਚੰਦ ਤੇ ਉਸ ਦੇ ਮੁਗ਼ਲ ਮਦਦਗਾਰਾਂ ਵਿਰੁੱਧ, ਲੜੀ ਗਈ ਪਹਿਲੀ ਲੜਾਈ 'ਚ ਭਾਈ ਮਨੀ ਸਿੰਘ ਜੀ ਤੇ ਉਹਨਾਂ ਦੇ ਪੁੱਤਰ, ਗੁਰ ਸਾਹਿਬ ਦੀਆਂ ਫੌਜਾਂ 'ਚ, ਮੈਦਾਨ-ਏ-ਜੰਗ 'ਚ ਮੋਹਰਲੀ ਕਤਾਰ 'ਚ ਸ਼ਾਮਲ ਸਨ। ਗੁਰੂ ਗੋਬਿੰਦ ਸਿੰਘ ਜੀ, ਭਾਈ ਮਨੀ ਸਿੰਘ ਤੇ ਉਹਨਾਂ ਦੇ ਪੁੱਤਰਾਂ 'ਤੇ ਖ਼ਾਲਸੇ ਨੂੰ ਹੋਈ ਜਿੱਤ ਉਪਰੰਤ, ਬਹੁਤ ਪ੍ਰਸੰਨ ਸਨ। ਗੁਰੂ ਜੀ ਨੇ ਇਹਨਾਂ ਦੀ ਪ੍ਰਸ਼ੰਸਾ ਕਰਨ ਲਈ ਉਚੇਚਿਆਂ ਤੌਰ 'ਤੇ, ਇਕ ਹੁਕਮਨਾਮਾ ਜਾਰੀ ਕੀਤਾ। ਇਸ ਹੁਕਮਨਾਮੇ 'ਚ ਭਾਈ ਮਨੀ ਸਿੰਘ ਜੀ ਤੇ ਉਹਨਾਂ ਦੇ ਪੁੱਤਰਾਂ ਬਚਿੱਤਰ ਸਿੰਘ, ਉਦੈ ਸਿੰਘ, ਅਨਾਇਕ ਸਿੰਘ, ਅਜਬ ਸਿੰਘ ਤੇ ਅਜਾਇਬ ਸਿੰਘ ਦਾ ਜ਼ਿਕਰ ਕੀਤਾ।

ਭਾਈ ਮਨੀ ਸਿੰਘ ਜੀ ਨੇ 1704 ਦੀ ਨਦੌਣ ਦੀ ਲੜਾਈ 'ਚ ਬੜਾ ਮਹੱਤਵਪੂਰਨ ਯੋਗਦਾਨ ਪਾਇਆ, ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ 20 ਦਸੰਬਰ 1704 ਦੀ ਰਾਤ ਨੂੰ ਛੱਡਿਆ, ਗੁਰੂ ਜੀ ਦਾ ਆਪਣੇ ਪਰਿਵਾਰ ਨਾਲੋਂ, ਸਿਰਸਾ ਨਦੀ 'ਤੇ, ਪਿੱਛੋਂ ਮੁਗ਼ਲ ਫੌਜ ਵੱਲੋਂ ਹਮਲਾ ਕਰਨ 'ਤੇ ਵਿਛੋੜਾ ਹੋ ਗਿਆ। ਭਾਈ ਮਨੀ ਸਿੰਘ ਜੀ ਨੇ, ਆਪਣੇ ਨਾਲ ਮਾਤਾ ਸੁੰਦਰ ਕੌਰ ਤੇ ਮਾਤਾ ਸਾਹਿਬ ਕੌਰ ਨੂੰ ਵਰਾਸਤਾ ਅੰਬਾਲਾ ਹੁੰਦੇ ਹੋਏ, ਦਿੱਲੀ ਲੈ ਆਏ।

1704 'ਚ ਭਾਈ ਮਨੀ ਸਿੰਘ ਜੀ ਆਪਣੀ ਹਿਫ਼ਾਜ਼ਤ 'ਚ ਗੁਰੂ ਸਾਹਿਬ ਦੀ ਪਤਨੀ ਤੇ ਮਾਤਾ ਸਾਹਿਬ ਦੇਵਾ ਨੂੰ ਤਲਵੰਡੀ ਸਾਬੋ ਲੈ ਆਏ, ਜਿੱਥੇ ਕਿ ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਫੌਜਾਂ ਨੂੰ ਮੁਕਤਸਰ ਵਿਖੇ ਹਰਾ ਕੇ ਠਹਿਰੇ ਹੋਏ ਸਨ। ਇੱਥੇ ਰਹਿੰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਅਜੋਕੇ ਗੁਰੂ ਗ੍ਰੰਥ ਸਾਹਿਬ ਦਾ ਭਾਈ ਮਨੀ ਸਿੰਘ ਜੀ ਤੋਂ ਉਤਾਰਾ ਕਰਵਾਇਆ। ਜਦੋਂ ਗੁਰੂ ਸਾਹਿਬ 1707 'ਚ ਆਗਰਾ ਤੋਂ ਬਾਦਸ਼ਾਹ ਬਹਾਦਰ ਸ਼ਾਹ ਨਾਲ ਨਾਂਦੇੜ ਲਈ ਰਵਾਨਾ ਹੋਏ, ਮਾਤਾ ਸਾਹਿਬ ਦੇਵਾ ਤੇ ਭਾਈ ਮਨੀ ਸਿੰਘ ਜੀ ਉਨ੍ਹਾਂ ਨਾਲ ਸਨ। ਇਸ ਤੋਂ ਪਿੱਛੋਂ ਭਾਈ ਮਨੀ ਸਿੰਘ ਜੀ ਆਪਣੀ ਹਿਫ਼ਾਜ਼ਤ 'ਚ ਮਾਤਾ ਸਾਹਿਬ ਦੇਵਾ ਜੀ ਨੂੰ ਦਿੱਲੀ ਵਾਪਸ ਲੈ ਆਏ। ਇੱਥੇ ਪਹੁੰਚ ਕੇ ਮਾਤਾ ਸਾਹਿਬ ਦੇਵਾ ਜੀ, ਮਾਤਾ ਸੁੰਦਰੀ ਜੀ ਨਾਲ, ਆਪਣੇ ਅੰਤਿਮ ਸੁਆਸਾਂ ਤੱਕ ਰਹੇ।

1716 'ਚ ਬੰਦਾ ਬਹਾਦਰ ਦੀ ਸ਼ਹੀਦੀ ਉਪਰੰਤ ਖਾਲਸਾ ਸਿੰਘਾਂ ਨੇ ਆਪਣੇ ਘਰ ਬਾਰ ਤਿਆਗ ਕੇ ਪੰਜਾਬ ਦਿਆਂ ਜੰਗਲਾਂ 'ਚ ਸ਼ਿਵਾਲਕ ਦੀਆਂ ਪਹਾੜੀਆਂ 'ਚ ਤੇ ਰਾਜਸਥਾਨ ਦੇ ਮਾਰੂਥਲਾਂ 'ਚ ਗੁਪਤ ਅਵਾਸ ਵਜੋਂ, ਡੇਰੇ ਲਾ ਲਏ ਤੇ ਪੰਜਾਬੀ ਬੋਲੀ ਤਿਆਗ ਕੇ, ਬਾਹਰ ਜਦੋਂ ਆਪਸ 'ਚ ਮਿਲਦੇ ਤਾਂ ਉਹ ਆਪਣੀ ਗੁਪਤ ਭਾਸ਼ਾ 'ਚ, ਜਿਸ ਨੂੰ 'ਗੜਗੱਜ' ਬੋਲੇ ਆਖਦੇ ਹਨ 'ਚ ਗੱਲ ਕਰਦੇ ਸਨ ਤਾਂ ਕਿ ਲੋਕ ਉਹਨਾਂ ਨੂੰ ਪਛਾਣ ਨਾ ਸਕਣ ਕਿ ਉਹ ਸਿੱਖ ਹਨ।

ਭਾਈ ਮਨੀ ਸਿੰਘ ਜੀ ਨੇ 'ਗੁਰੂ ਗ੍ਰੰਥ ਸਾਹਿਬ' ਲਿਖਣ ਦਾ ਕੰਮ ਵੀ ਕੀਤਾ, ਗੁਰੂ ਗੋਬਿੰਦ ਸਿੰਘ ਜੀ, ਗੁਰਬਾਣੀ ਉਹਨਾਂ ਨੂੰ ਆਪ ਬੋਲ ਕੇ ਲਿਖਵਾਉਂਦੇ ਸਨ। ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਬਾਣੀ, ਸਾਹਿਤਕ ਰੂਪ 'ਚ ਇਕੱਤਰ ਕੀਤੀ ਤੇ ਇਸ ਦਾ ਨਾਂ 'ਦਸਮ ਗ੍ਰੰਥ' ਰੱਖ ਦਿੱਤਾ। ਇਸ 'ਦਸਮ ਗ੍ਰੰਥ' 'ਚ ਗੁਰੂ ਸਾਹਿਬ ਵੱਲੋਂ, ਵੱਖ-ਵੱਖ ਸਮਿਆਂ ਤੇ ਰਚੀ ਗਈ ਬਾਣੀ ਤੇ ਨਾਲ ਉਹਨਾਂ ਦੇ ਦਰਬਾਰ 'ਚ ਮੌਜੂਦ 52 ਕਵੀਆਂ ਵੱਲੋਂ ਰਚੇ ਗਏ ਸਾਹਿਤ ਨੂੰ ਵੀ ਦਰਜ ਕਰ ਦਿੱਤਾ। ਇਹ 'ਦਸਮ ਗ੍ਰੰਥ' ਗੁਰੂ ਗੋਬਿੰਦ ਸਿੰਘ ਜੀ ਦੀਆਂ ਰਚਨਾਵਾਂ ਤੇ ਉਹਨਾਂ ਦੇ ਦਰਬਾਰੀ ਵਿਦਵਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਇਕ ਸਮਿਲਤ ਗ੍ਰੰਥ ਹੈ। ਇਹ ਰਚਨਾ ਨਿਰੋਲ ਗੁਰੂ ਸਾਹਿਬ ਦੀ ਨਹੀਂ ਹੈ ਸਗੋਂ ਅਲੱਗ-ਅਲੱਗ ਸਾਹਿਤਕਾਰਾਂ, ਸਮੇਤ ਗੁਰੂ ਸਾਹਿਬ ਦੀਆਂ ਬਾਣੀਆਂ ਦਾ ਸੰਗ੍ਰਹਿ ਹੈ।

ਭਾਈ ਮਨੀ ਸਿੰਘ ਜੀ ਨੇ 'ਜਪੁਜੀ ਸਾਹਿਬ ਦਾ ਗਰਬ ਗੰਜਨੀ ਟੀਕਾ' ਵੀ ਲਿਖਿਆ। ਉਹਨਾਂ ਨੇ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਨੂੰ ਆਧਾਰ ਬਣਾ ਕੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਵੀ ਲਿਖੀ ਤੇ ਇਸ ਦਾ ਨਾਂ 'ਗਿਆਨ ਰਤਨਾਵਲੀ' ਰੱਖਿਆ। ਇਸ ਤੋਂ ਇਲਾਵਾ ਉਹਨਾਂ ਦੀਆਂ ਹੋਰ ਰਚਨਾਵਾਂ ਦੇ ਨਾਮ ਇਸ ਤਰ੍ਹਾਂ ਹਨ:- 'ਭਗਤ ਰਤਨਾਵਲੀ' (ਇਸ ਨੂੰ ਸਿੱਖਾਂ ਦੀ ਭਗਤਮਾਲਾ ਵੀ ਕਿਹਾ ਜਾਂਦਾ ਹੈ)। ਇਸ ਤੋਂ ਇਲਾਵਾ ਉਹਨਾਂ ਨੇ ਭਾਈ ਗੁਰਦਾਸ ਜੀ ਦੀ ਗਿਆਰਵੀਂ 'ਵਾਰ' ਜਿਸ 'ਚ ਸਿੱਖ ਧਰਮ ਦੇ ਪ੍ਰਸਿੱਧ ਸਿੱਖ ਮਹਾਂਪੁਰਸ਼ਾਂ, ਜੋ ਕਿ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੱਕ ਹੋਏ ਹਨ, ਬਾਰੇ ਵਰਣਨ ਹੈ, ਦੀਆਂ ਜੀਵਨੀਆਂ ਦਾ ਹੋਰ ਵਿਸਥਾਰ ਲਿਖਿਆ ਗਿਆ ਹੈ।

ਸ੍ਰੀ ਹਰਿਮੰਦਰ ਸਾਹਿਬ 'ਚ ਮੁੱਖ-ਗ੍ਰੰਥੀ ਦੇ ਤੌਰ 'ਤੇ ਕੰਮ ਕਰਦੇ ਸਮੇਂ ਉਨ੍ਹਾਂ ਨੇ 'ਸਿੱਖ ਅਰਦਾਸ' ਨੂੰ ਹੋਰ ਵਿਸਥਾਰ ਦਿੱਤਾ ਜੋ ਅਜੋਕੇ ਸਮੇਂ ਦੀ ਅਰਦਾਸ 'ਚ ਹੁਣ ਤੱਕ ਮੌਜੂਦ ਹੈ। ਉਹਨਾਂ ਨੇ ਗੁਰੂ ਸਾਹਿਬ ਤੋਂ ਬਿਨਾਂ ਹੋਰ ਪ੍ਰਸਿੱਧ ਸਿੱਖ ਸ਼ਖਸੀਅਤਾਂ ਦੀ ਬੇਨਤੀ 'ਤੇ, ਉਹਨਾਂ ਦੇ ਕੀਤੇ ਗਏ ਚੰਗੇ ਕੰਮ ਨੂੰ ਵੀ ਲਿਖਣ ਦੀ ਰਵਾਇਤ ਤੋਰੀ।

ਭਾਈ ਮਨੀ ਸਿੰਘ ਜੀ ਨੇ ਹੋਰ ਵੀ ਕਈ ਪਵਿੱਤਰ ਸਿੱਖ ਗ੍ਰੰਥਾਂ ਦੇ ਉਤਾਰੇ ਲਿਖੇ ਤੇ ਉਹਨਾਂ ਨੂੰ ਭਾਰਤ ਦੇ ਕਈ ਸਿੱਖ ਕੇਂਦਰਾਂ 'ਚ ਭੇਜਿਆ। ਉਹਨਾਂ ਨੇ ਗੁਰਬਾਣੀ ਦੇ ਸ਼ੁੱਧ ਉਚਾਰਣ ਕਰਨ ਦੀ ਤੇ ਇਸ ਦੇ ਨਾਲ ਸਿੱਖ ਸਿਧਾਂਤਾਂ ਬਾਰੇ ਸਿੱਖਾਂ ਨੂੰ ਸਿੱਖਿਆ ਵੀ ਦਿੱਤੀ।

1699 ਦੇ ਮੱਧ 'ਚ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ 'ਚ ਉਹਨਾਂ ਦੀ ਆਗਿਆ ਨਾਲ, ਭਾਈ ਮਨੀ ਸਿੰਘ ਜੀਨੇ ਮੀਣਿਆਂ ਤੋਂ ਅੰਮ੍ਰਿਤਸਰ ਵਿਖੇ, ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਲੈ ਲਿਆ, ਜਿਸ ਦਾ ਉਹਨਾਂ ਨੂੰ ਬੜੇ ਵੱਡੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਬੜੀ ਵੱਡੀ ਗਿਣਤੀ 'ਚ ਮਾਝੇ ਦੇ ਲੋਕ, ਸਿੱਖ ਧਰਮ ਦੀ ਭਾਈ ਮਨੀ ਸਿੰਘ ਜੀ ਤੋਂ ਦੀਖਿਆ ਪ੍ਰਾਪਤ ਕਰਕੇ 'ਖਾਲਸਾ ਪੰਥ' 'ਚ ਸ਼ਾਮਲ ਹੋ ਗਏ ਤੇ ਉਸ ਤੋਂ ਉਪਰੰਤ ਉਹ ਆਨੰਦਪੁਰ ਸਾਹਿਬ ਆ ਗਏ। ਭਾਈ ਮਨੀ ਸਿੰਘ ਜੀ ਨੇ ਬੜੀ ਤੇਜ਼ੀ ਨਾਲ ਗੁਰਬਾਣੀ ਤੇ ਸਿੱਖ ਸਿਧਾਂਤਾਂ ਦਾ ਪ੍ਰਚਾਰ ਕੀਤਾ।

ਗੁਰੂ ਸਾਹਿਬ ਦੇ ਕਈ ਹੁਕਮਨਾਮਿਆਂ ਅਨੁਸਾਰ, ਭਾਈ ਮਨੀ ਸਿੰਘ 1716 'ਚ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਮੁੱਖ ਪ੍ਰਬੰਧਕ ਤੇ ਸੇਵਾਦਾਰ ਸਨ। ਇਸ ਸਮੇਂ ਦੌਰਾਨ ਉਹਨਾਂ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਵੀ ਕਰਨਾ ਪਿਆ, ਜਿਹਨਾਂ 'ਚ ਝੰਗ ਜ਼ਿਲ੍ਹੇ ਦੇ ਪਿੰਡ ਬਾਗਨਵਾਲਾ ਦੀ ਘਟਨਾ ਦਾ ਉਚੇਚਾ ਜ਼ਿਕਰ ਆਉਂਦਾ ਹੈ।

1720 'ਚ ਮਾਤਾ ਸੁੰਦਰ ਕੌਰ ਨੂੰ ਜਾਣਕਾਰੀ ਮਿਲੀ ਕਿ 'ਤੱਤ ਖਾਲਸਾ' (ਜੋ ਗੁਰੂ ਗੋਬਿੰਦ ਸਿੰਘ ਜੀ ਦੇ ਉਪਾਸ਼ਕਾਂ ਦਾ ਖਾਲਸਾ ਸਮੂਹ) ਤੇ 'ਬੰਦਈ ਖਾਲਸਾ' (ਉਹ ਖਾਲਸਾ ਜੋ ਬੰਦਾ ਬਹਾਦਰ ਨੂੰ ਆਪਣਾ ਗੁਰੂ ਮੰਨਦੇ ਹਨ) ਨੇ ਗੋਂਦ ਗੁੰਦੀ ਤੇ ਮਾਤਾ ਸੁੰਦਰ ਕੌਰ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਤੇ ਉਹਨਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕ੍ਰਿਪਾਲ ਸਿੰਘ (ਚੰਦ) ਨੂੰ ਸਹਾਇਤਾ ਲਈ ਅੰਮ੍ਰਿਤਸਰ ਵਿਖੇ ਭੇਜ ਦਿੱਤਾ। ਭਾਈ ਮਨੀ ਸਿੰਘ ਜੀ 1721 'ਚ ਅੰਮ੍ਰਿਤਸਰ 'ਚ ਪਹੁੰਚ ਗਏ ਤੇ ਉਹਨਾਂ ਆਪਣੇ ਅਣਥੱਕ ਯਤਨਾਂ ਨਾਲ ਖ਼ਾਲਸੇ ਦੇ ਦੋਹਾਂ ਗੁੱਟਾਂ 'ਚ ਹੋਣ ਵਾਲੇ ਟਕਰਾਅ ਨੂੰ ਰੋਕ ਦਿੱਤਾ ਤੇ ਹਰਿਮੰਦਰ ਸਾਹਿਬ ਵਿਖੇ ਸ਼ਾਂਤੀ ਬਹਾਲ ਕਰ ਦਿੱਤੀ ਤੇ ਇਸ 'ਚ 'ਤੱਤ ਖਾਲਸਾ' ਗੁੱਟ ਦੀ ਜਿੱਤ ਹੋਈ।

1737 'ਚ ਭਾਈ ਮਨੀ ਸਿੰਘ ਜੀ ਨੇ ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਤੋਂ ਦੀਵਾਲੀ ਵਾਲੇ ਦਿਨ 'ਬੰਦੀ ਛੋੜ' ਦਿਵਸ ਮਨਾਉਣ ਤੇ ਦੀਵਾਲੀ ਦਾ ਤਿਉਹਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਉਣ ਦੀ ਆਗਿਆ ਮੰਗੀ। ਗਵਰਨਰ ਨੇ ਆਗਿਆ 5000 ਰੁਪਏ ਕਰ ਵਜੋਂ ਜਾਂ ਭੇਟਾ ਵਜੋਂ ਜਮ੍ਹਾ ਕਰਾਉਣ ਦੀ ਸ਼ਰਤ 'ਤੇ ਦੇ ਦਿੱਤੀ। ਭਾਈ ਮਨੀ ਸਿੰਘ ਜੀ ਨੂੰ ਇਹ ਉਮੀਦ ਸੀ ਕਿ ਇਸ ਦਿਵਸ 'ਤੇ ਕਾਫ਼ੀ ਸੰਗਤ ਸ੍ਰੀ ਹਰਿਮੰਦਰ ਸਾਹਿਬ ਆਏਗੀ ਤੇ ਕਾਫ਼ੀ ਰੁਪਿਆ ਇਕੱਠਾ ਹੋ ਜਾਵੇਗਾ।

ਉਨ੍ਹਾਂ ਨੇ ਦੂਰ-ਦੂਰ ਤੱਕ, ਸਿੱਖ ਸੰਗਤਾਂ ਨੂੰ ਅੰਮ੍ਰਿਤਸਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਇਸ ਦਿਵਸ ਤੇ ਪਹੁੰਚਣ ਲਈ ਸੁਨੇਹੇ ਭੇਜ ਦਿੱਤੇ। ਗਵਰਨਰ ਜ਼ਕਰੀਆ ਖ਼ਾਨ ਨੇ ਦੀਵਾਨ ਲੱਖਪਤ ਰਾਏ ਨਾਲ ਮਿਲ ਕੇ, ਇਕ ਗੋਂਦ ਗੁੰਦੀ ਤੇ ਆਪਣੀਆਂ ਸੈਨਾਵਾਂ ਨੂੰ ਇਕ ਗੁਪਤ ਸੁਨੇਹਾ ਭੇਜ ਦਿੱਤਾ ਕਿ ਮੇਲੇ ਤੇ ਇਕੱਠੇ ਹੋਏ ਲੋਕਾਂ 'ਤੇ ਅਚਾਨਕ ਹਮਲਾ ਕਰ ਦਿੱਤਾ ਜਾਵੇ। ਇਸ ਸਾਜ਼ਿਸ਼ ਦਾ ਭਾਈ ਮਨੀ ਸਿੰਘ ਜੀ ਨੂੰ ਪਤਾ ਲੱਗ ਗਿਆ ਤੇ ਉਹਨਾਂ ਨੇ ਸਿੱਖ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ ਉਹ ਦੀਵਾਲੀ ਵਾਲੇ ਦਿਨ 'ਬੰਦੀ ਛੋੜ' ਦਿਵਸ ਮਨਾਉਣ ਲਈ ਅੰਮ੍ਰਿਤਸਰ ਨਾ ਆਉਣ। ਜਿਹੜੇ ਸਿੱਖ ਇਹ ਦਿਨ ਮਨਾਉਣ ਲਈ ਇੱਥੇ ਆਏ ਵੀ ਸਨ, ਉਹ ਵੀ ਭਾਰੀ ਫੌਜ ਦੀ ਤਾਇਨਾਤੀ ਦੇਖ ਕੇ ਵਾਪਸ ਮੁੜ ਗਏ।

ਇਸ ਤਰ੍ਹਾਂ ਕੋਈ ਪੈਸਾ ਇਕੱਠਾ ਨਾ ਹੋ ਸਕਿਆ ਜੋ ਸਰਕਾਰ ਨੂੰ ਕਰ ਦੇ ਰੂਪ 'ਚ ਦੇਣਾ ਸੀ। ਇਸ ਦੇ ਬਦਲੇ 'ਚ ਗਵਰਨਰ ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਪੋਟਾ-ਪੋਟਾ ਕੱਟਕੇ ਕਤਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਭਾਈ ਮਨੀ ਸਿੰਘ ਜੀ ਨੂੰ ਜ਼ੰਜੀਰਾਂ ਨਾਲ ਜਕੜ ਕੇ ਲਾਹੌਰ ਲਿਆਂਦਾ ਗਿਆ। ਉਨ੍ਹਾਂ ਤੋਂ ਕਰ ਦੀ ਰਕਮ ਫਿਰ ਮੰਗੀ ਗਈ। ਭਾਈ ਮਨੀ ਸਿੰਘ ਜੀ ਨੇ ਬਿਨਾਂ ਕਿਸੇ ਡਰ ਖ਼ੌਫ ਦੇ ਉੱਤਰ ਦਿੱਤਾ ਕਿ "ਜਦੋਂ ਦੀਵਾਲੀ ਤੇ ਬੰਦੀ ਛੋੜ ਦਿਵਸ ਮਨਾਉਣ ਹੀ ਨਹੀਂ ਦਿੱਤਾ ਤਾਂ ਪੈਸੇ ਕਿਉਂ ਦੇਈਏ।" ਜਦੋਂ ਕਿ ਉਹ ਪਹਿਲਾ ਬੰਦੀ ਛੋੜ ਦਿਵਸ ਮਨਾਉਣ ਦੀ ਆਗਿਆ ਲੈਣ ਸਮੇਂ, ਇਹ ਕਰ ਮੁਗ਼ਲ ਸਰਕਾਰ ਪਾਸ ਜਮ੍ਹਾ ਕਰਵਾਉਣ ਲਈ ਹਾਂ ਕੀਤੀ ਸੀ। ਫਿਰ ਭਾਈ ਮਨੀ ਸਿੰਘ ਜੀ ਨੂੰ ਇਸਲਾਮ ਧਰਮ ਧਾਰਨ ਕਰਨ ਲਈ ਕਿਹਾ ਗਿਆ, ਉਹਨਾਂ ਨੇ ਆਪਣਾ ਧਰਮ ਬਦਲਣ ਤੋਂ ਇਨਕਾਰ ਕਰ ਦਿੱਤਾ।

ਫਿਰ ਜਲਾਦ ਪਹਿਲਾ ਗੁਟ ਵੱਢਣ ਦੀ ਸ਼ੁਰੂਆਤ ਕਰਨ ਲੱਗਾ ਪਰ ਭਾਈ ਮਨੀ ਸਿੰਘ ਜੀ ਨੇ ਜਲਾਦ ਨੂੰ ਕਿਹਾ, ਮੇਰਾ ਬੰਦ-ਬੰਦ ਕੱਟਣ ਦਾ ਹੁਕਮ ਜਾਰੀ ਹੋਇਆ ਹੈ। ਇਸ ਲਈ ਪਹਿਲਾਂ ਮੇਰੇ ਹੱਥ ਦੇ ਪੋਟੇ ਕੱਟਣੇ ਸ਼ੁਰੂ ਕੀਤੇ ਜਾਣ। ਜਲਾਦ ਸਰੀਰ ਦਾ ਇਕ-ਇਕ ਬੰਦ ਕੱਟਦਾ ਗਿਆ ਤੇ ਭਾਈ ਮਨੀ ਸਿੰਘ ਜੀ ਵਾਹਿਗੁਰੂ! ਵਾਹਿਗੁਰੂ!! ਅਲਾਪਦੇ ਰਹੇ। ਇਸ ਦੇ ਨਾਲ ਨਾਲ ਉਹ ਆਪਣੇ ਮਨੋਬਲ ਦੇ ਪੱਕੇ ਰਹੇ ਤੇ ਬੜੀ ਦ੍ਰਿੜ੍ਹਤਾ ਨਾਲ ਇਹ ਵੀ ਕਹਿੰਦੇ ਰਹੇ ਕਿ 'ਮੇਰਾ ਸਿਰ ਜਾਵੇ ਤਾਂ ਜਾਵੇ ਪਰ ਮੇਰੀ ਸਿੱਖੀ ਸਿਦਕ ਨਾ ਜਾਵੇ' 'ਤੇ ਪੱਕੇ ਰਹੇ। ਉਹ ਕਬੀਰ ਸਾਹਿਬ ਦੇ ਇਹਨਾਂ ਭਾਵਾਂ ਤੇ ਵੀ ਪੂਰੀ ਤਰ੍ਹਾਂ ਖਰੇ ਉਤਰੇ, "ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤੁ। ਪੁਰਜਾ ਪੁਰਜਾ ਕੱਟਿ ਮਰੈ, ਕਬਹੁ ਨਾ ਛਾਡੇ ਖੇਤ।"

ਇਸ ਤਰ੍ਹਾਂ ਲਾਹੌਰ ਦੇ ਨਿਖ਼ਾਸ ਚੌਂਕ 'ਚ ਭਾਈ ਮਨੀ ਸਿੰਘ ਜੀ ਨੂੰ ਦਸੰਬਰ 1738 ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ। ਕਈ ਇਤਿਹਾਸਕਾਰ ਇਸ ਸਾਕੇ ਨੂੰ 9 ਜੁਲਾਈ 1737 ਤੇ ਕਈ 14 ਜੂਨ 1738 ਨੂੰ ਹੋਇਆ ਵੀ ਦੱਸਦੇ ਹਨ। ਇਸ ਨਿਖ਼ਾਸ ਚੌਂਕ ਨੂੰ ਅੱਜ ਵੀ 'ਸ਼ਹੀਦ ਗੰਜ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸੰਨ 1900 'ਚ ਭਾਈ ਮਨੀ ਸਿੰਘ ਜੀ ਦੀ ਯਾਦ 'ਚ ਲੌਂਗੋਵਾਲ ਦੇ ਨੇੜੇ, ਉਹਨਾਂ ਦੇ ਪਿੰਡ ਕੰਬੋਵਾਲ 'ਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ ਕਿਉਂਕਿ ਭਾਈ ਮਨੀ ਸਿੰਘ ਜੀ ਇਸ ਪਿੰਡ ਦੇ ਜੰਮਪਲ ਸਨ। ਸੰਨ 1737 'ਚ ਲਾਹੌਰ ਮੁਗ਼ਲ ਸਰਕਾਰ ਨੇ ਸਿੱਖਾਂ ਤੇ ਪਾਬੰਦੀ ਲਾ ਦਿੱਤੀ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਮੱਥਾ ਨਹੀਂ ਟੇਕ ਸਕਦੇ ਤੇ ਨਾ ਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਸਕਦੇ ਹਨ। ਜ਼ਕਰੀਆ ਖਾਨ ਦੀ 1745 'ਚ ਮੌਤ ਹੋ ਗਈ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ 'ਚ ਪ੍ਰਸਿੱਧ ਹਸਤੀ ਨਵਾਬ ਕਪੂਰ ਸਿੰਘ 1675-1753 ਜੀ ਹੋਏ ਹਨ।


ਮੈਂ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਯੋਧੇ, ਵਿਦਵਾਨ, ਦੇਸ਼ ਭਗਤ ਤੇ ਸਿੱਖੀ ਸਿਦਕ ਦੇ ਪੂਰੇ ਮਹਾਂ-ਪੁਰਸ਼ ਨੂੰ ਉਹਨਾਂ ਦੀ ਬਰਸੀ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਨਵੀਂ ਪੀੜ੍ਹੀ ਨੂੰ ਅਜਿਹੀ ਮਹਾਨ ਸ਼ਖਸੀਅਤ ਤੋਂ ਪ੍ਰੇਰਨਾ ਲੈਣ ਦੀ ਬੇਨਤੀ ਕਰਦਾ ਹਾਂ।

---

## ਜੱਟ ਪ੍ਰਦੇਸੀ

**ਇਕ ਜੱਟ ਜ਼ਿਮੀਂਦਾਰ ਜੋ ਸਾਰੀ ਉਮਰੇ ਆਪਣੇ ਪਿੰਡ 'ਚ ਰਹਿ ਕੇ ਖੇਤੀਬਾੜੀ ਕਰਦਾ ਰਿਹਾ ਤੇ ਇਕ ਦਿਨ ਅਚਾਨਕ ਉਸ ਨੂੰ ਪ੍ਰਦੇਸ ਆਪਣੇ ਧੀਆਂ ਪੁੱਤਰਾਂ ਕੋਲ ਜਾਣਾ ਪੈ ਗਿਆ ਤਾਂ ਉਥੇ ਪਹੁੰਚ ਕੇ ਉਸ ਨੂੰ ਆਪਦੇ ਪਿੰਡ ਤੇ ਜ਼ਮੀਨਾਂ ਦੀ ਯਾਦ ਆਉਂਦੀ ਹੈ ਤਾਂ ਉਹ ਕਿਵੇਂ ਮਹਿਸੂਸ ਕਰਦਾ ਹੈ:**

ਚਰਨ ਪ੍ਰਦੇਸੀ
916-587-4002



ਹੁਣ ਚੁੱਪ-ਚੁੱਪ ਕਿਉਂ ਰਹਿਨਾ ਜੱਟਾ ਵੇ, ਪਹਿਲਾਂ ਪ੍ਰਦੇਸ ਨਹੀਂ ਸੀ ਆਣਾ
ਜਮੀਨਾਂ ਤਾਂ ਹੁੰਦੀਆਂ ਨੇ ਮਾਂ ਵਾਂਗਰਾਂ ਵੇ ਇਹਨਾਂ ਤੋਂ ਦੂਰ ਨਹੀਂ ਸੀ ਜਾਣਾ
ਭਾਈ ਤੇ ਭਰਾ ਸੱਭੇ ਤੇਰੇ ਕੋਲ ਆਉਂਦੇ ਸੀ
ਦੁੱਖ ਵੇਲੇ ਸੱਭੇ ਤੇਰੇ ਦੁੱਖ ਵੀ ਵੰਡਾਉਂਦੇ ਸੀ
ਮਿੱਟੀ ਨਾਲ ਮਿੱਟੀ ਭਾਵੇਂ ਹੁੰਦਾ ਸੀ ਸਰੀਰ ਤੇਰਾ
ਮੋਢੇ ਨਾਲ ਮੋਢਾ ਜੋੜੀ ਖੜ੍ਹਾ ਸੀ ਸ਼ਰੀਕ ਤੇਰਾ
ਫਿਰ ਵੀ ਨਾ ਖੁਸ਼ ਹੋਇਆ ਜੱਟਾ ਸਭ ਮਾਣ ਕੇ
ਛੱਡਿਆ ਤੂੰ ਘਰ ਆਪਣਾ ਸੁਪਨੇ 'ਚ ਆਣਕੇ
ਮਿਲਿਆ ਨਾ ਸੁੱਖ ਕੋਈ ਦੂਜਾ ਦੇਸ਼ ਆਣ ਕੇ
ਲਿਖਿਆ ਨਸੀਬਾਂ ਤੇਰੇ ਉਹੀ ਭੋਗੀ ਜਾਣਾ... ਹੁਣ ਚੁੱਪ ਚੁੱਪ..
ਪੁੱਤਰਾਂ ਤੇ ਧੀਆਂ ਨੂੰ ਤੂੰ ਸੀਨੇ ਨਾਲ ਲਾ ਲਿਆ
ਪੋਤੇ ਤੇ ਪੋਤਰੀਆਂ ਨੂੰ ਰੱਜ ਕੇ ਖਿਡਾ ਲਿਆ
ਮਿਲੀ ਸੀ ਜੋ ਜੁਮੇਂਵਾਰੀ ਉਸ ਨੂੰ ਨਿਭਾਅ ਲਿਆ
ਇਕੱਲੇ ਕਿਤੇ ਬੈਠ ਮਨ ਆਪਣੇ ਨੂੰ ਸਮਝਾ ਲਿਆ
ਸੋਚ-ਸੋਚ ਅੰਦਰੇ ਹੀ ਰੋਗ ਨੂੰ ਲਗਾਈ ਜਾਣਾ
ਚੰਗਾ ਨਹੀਂ ਹੁੰਦਾ ਇੰਝ ਮੁਸੀਬਤਾਂ ਉਠਾਈ ਜਾਣਾ
ਗਲ ਪਾਇਆ ਢੋਲ ਹੁਣ ਤੂਹੀਓ ਹੀ ਵਜਾਣਾ... ਹੁਣ ਚੁੱਪ ਚੁੱਪ...

ਉੱਠ ਕੇ ਹਨੇਰੇ ਮੂੰਹ ਪੈਲੀਆਂ ਨੂੰ ਜਾਂਦਾ ਸੀ ਤੂੰ
ਗਊ, ਮੱਝਾਂ, ਬਲਦਾਂ ਨੂੰ ਪੱਠੇ ਰੱਜ ਪਾਉਂਦਾ ਸੀ ਤੂੰ
ਵੇਖ-ਵੇਖ ਖਿੜੀ ਪੈਲੀ ਪੈਰ ਜ਼ਮੀਨ ਤੇ ਨਾ ਲਾਉਂਦਾ ਸੀ ਤੂੰ
ਖਿੜਿਆ ਗੁਲਾਬ ਵਾਂਗਰਾਂ ਚਿਹਰਾ ਮੁਸਕਰਾਉਂਦਾ ਤੇਰਾ
ਬੱਦਲਾਂ ਨੂੰ ਵੇਖ ਅਸਮਾਨੀ ਕਦੇ ਦਿਲ ਘਬਰਾਉਂਦਾ ਤੇਰਾ
ਦਿਲ ਕਹੇ ਕਦੇ ਤੈਨੂੰ ਹੁਣ ਮੋੜਾਂ ਮੁਹਾਰਾਂ
ਲਾਈ ਪੱਲ ਦੇਰੀ ਜੇ ਤੂੰ ਭਾਵੇਂ ਇੱਥੇ ਮੁੱਕ ਜਾਣਾ... ਹੁਣ ਚੁੱਪ ਚੁੱਪ...
ਬੈਠੇ ਪੰਚਾਇਤੀ ਜਦ ਪੰਚ ਚੁਣਿਆ ਜਾਂਦਾ ਤੂੰ
ਕਰ ਫੈਸਲੇ ਲੋਕੀਂ ਦਿਲ 'ਚ ਖੁਸ਼ੀਆਂ ਮਨਾਂਦਾ ਤੂੰ
ਬੰਨ, ਫੈਸ਼ਨੀ ਪੱਗ, ਤੰਬਾ ਲਾ ਪਿੰਡੋਂ ਸ਼ਹਿਰ ਨੂੰ ਜਾਂਦਾ ਸੀ
ਸਲਾਮਾਂ ਕਰਦੇ ਲੋਕੀਂ ਤਾਂ ਵੇਖ ਖੁਸ਼ੀਆਂ ਮਨਾਂਦਾ ਸੀ
ਕਿੱਥੇ ਨੇ ਉਹ ਬੇਲੀ ਸਾਰੇ, ਪਿਆਲਾ ਜਿਨ੍ਹਾਂ ਨਾਲ ਖੜਕਾਂਦਾ ਸੀ
ਜੇ ਤੈਨੂੰ ਪਤਾ ਇਹ ਹੁੰਦਾ, ਫੇਰ ਇੱਥੇ ਕਿਉਂ ਸੀ ਆਣਾ
ਵਿਛੜ ਗਏ ਉਹ ਯਾਰ ਪੁਰਾਣੇ, ਮੇਲੀ ਜਿਨ੍ਹਾਂ ਨਾਲ ਤੁਰ ਜਾਣਾ... ਹੁਣ ਚੁੱਪ ਚੁੱਪ....
ਮਿੱਤਰ ਸਾਰੇ ਬੈਠ ਕੇ ਇਕੱਠੇ, ਤਾਸ਼ ਦੀ ਬਾਜੀ ਲਾਉਂਦੇ ਸੀ
ਗੱਲਾਂ ਕਹਿੰਦੇ ਇਕ ਦੂਜੇ ਨੂੰ,
ਸਕੀਮਾਂ ਕਈ ਬਣਾਉਂਦੇ ਸੀ

ਪੋਲੇਟੈਕਸ ਦਾ ਜ਼ਿਕਰ ਛੇੜ ਕੇ
ਚੌਧਰ ਪੁਣਾ ਦਿਖਾਉਂਦੇ ਸੀ
ਨੂਰੀ ਦੀ ਕਦੇ ਗੱਲ ਛੇੜਦੇ,
ਕਿੱਸੇ ਉਸ ਦਾ ਗਾਉਂਦੇ ਸੀ
ਖੰਡਰਾਂ ਵਿਚੋਂ ਜਦ ਉਹ ਗਾਵੇ,
ਵਾਜ ਅਰਸ਼ਾਂ 'ਚੋਂ ਆਉਂਦੀ ਸੀ
ਭੁੱਲ ਨਹੀਂ ਸਕਦਾ ਉਸ ਨੂੰ ਕੋਈ, ਜੋ ਗੀਤ ਬਿਰਹੋਂ ਦੇ ਗਾਉਂਦੀ ਸੀ
'ਮੁੜ ਆ ਜੱਟਾ' ਨਾ ਜਾਵੀਂ ਦੂਰੇ, ਫਿਰ ਸਾਂਝ ਨੇ ਆ ਜਾਣਾ
ਤੂੰ ਟੁਰ ਗਿਓ ਜੇ ਪਰਦੇਸ਼ ਨੂੰ ਤਾਂ, ਮੈਂ ਤੱਤੜੀ ਵੀ ਮਰ ਜਾਣਾ... ਹੁਣ ਚੁੱਪ ਚੁੱਪ...
ਬੀਤ ਗਿਆ ਜੋ ਵੇਲਾ, ਜੱਟਾ ਫਿਰ ਹੱਥ ਨਾ ਆਵੇ
ਤਰਲੇ ਪਾਈਏ ਹਾੜੇ ਕੱਢੀਏ, ਹੱਥ 'ਚੋਂ ਖਿਸਕਦਾ ਜਾਵੇ
ਸੱਚਾ ਸੌਦਾ ਇਹੀਓ ਸੱਜਣਾ, ਜ ਅੱਜ ਵਿਚ ਕੱਲ੍ਹ ਰਚ ਜਾਵੇ
ਹੱਸੀਏ ਗਾਈਏ ਖੁਸ਼ੀ ਮਨਾਈਏ, ਜੋ ਬੀਤ ਗਿਆ ਭੁੱਲ ਜਾਈਏ
ਜੱਗ ਤਾਂ ਹੈ ਇਕ ਫੇਰੀ ਬੰਦਿਆ, ਇੱਥੇ ਟਿੱਕ ਕਿਸੇ ਨਾ ਰਹਿਣਾ
'ਚਰਨ' ਕਹੇ ਪਰਦੇਸੀ ਸੱਜਨਾ ਫਿਰ ਕਿਸ ਆਣਾ ਕਿਸ ਜਾਣਾ
ਹੁਣ ਚੁੱਪ-ਚੁੱਪ ਕਿਉਂ ਰਹਿਨਾ ਜੱਟਾ ਵੇ, ਪਹਿਲਾਂ ਪਰਦੇਸ ਨਹੀਂ ਸੀ ਆਉਣਾ
ਜ਼ਮੀਨਾਂ ਤਾਂ ਹੁੰਦੀਆਂ ਨੇ ਮਾਂ ਵਾਂਗਰਾਂ ਵੇ ਏਨਾਂ ਤੋਂ ਦੂਰ ਨਹੀਂ ਸੀ ਜਾਣਾ।

# ਪ੍ਰਸਿੱਧ ਪੰਜਾਬੀ ਗਾਇਕ ਧਰਮਵੀਰ ਥਾਂਦੀ ਦੀ ਸੀ. ਡੀ. "ਚਰਖਾ" ਕਰਮਨ ਵਿੱਚ ਰਿਲੀਜ਼

## "ਗੀਤਾਂ ਵਿੱਚ ਸਮਾਜ ਦੀ ਸੋਚ 'ਤੇ ਕਰੜਾ ਵਿਅੰਗ"







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ)–** ਸੈਂਟਰਲ ਵੈਲੀ ਫਰਿਜ਼ਨੋ ਦੇ ਲੋਕ ਪ੍ਰਸਿੱਧ ਗਾਇਕ ਧਰਮਵੀਰ ਥਾਂਦੀ ਦੀ ਪੰਜਾਬੀ ਦੁਆਰਾ ਗਾਏ ਪੰਜਾਬੀਅਤ ਅਤੇ ਪੰਜਾਬ ਦੇ ਹਾਲਾਤਾ ਨੂੰ ਦਰਸਾਉਦੇ ਤਿੰਨ ਗੀਤਾਂ ਦੀ ਸੀ. ਡੀ. "ਚਰਖਾ" ਸਾਹਿੱਤਕ ਸਭਾਵਾ ਅਤੇ ਸਥਾਨਿਕ ਜੱਥੇਬੰਦੀਆਂ ਦੇ ਭਾਰੀ ਇਕੱਠ ਦੌਰਾਨ ਕਰਮਨ ਸ਼ਹਿਰ ਵਿਖੇ ਰਿਲੀਜ਼ ਕੀਤੀ ਗਈ। ਗਾਇਕੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਤਿੰਨ ਗੀਤਾਂ ਦੀ ਸੀ. ਡੀ. ਰਿਲੀਜ਼ ਹੋਈ। ਜਿਸ ਸੰਬੰਧੀ ਗਾਇਕ ਥਾਂਦੀ ਦਾ ਵੀ ਇਹੀ ਕਹਿਣਾ ਸੀ ਕਿ 'ਬੇਸ਼ੱਕ ਗੀਤ ਘੱਟ ਹਨ, ਪਰ ਇਹ ਸਾਡੇ ਆਪਣੇ ਹਾਲਾਤਾ ਦੀ ਬਿਆਨਕਾਰੀ ਅਤੇ ਤਸੱਲੀ ਭਰਪੂਰ ਸੁਨੇਹਾ ਦੇਣ ਵਾਲੇ ਹਨ'।

ਜਿਸ ਵਿਚਲੇ ਪ੍ਰਮੁੱਖ ਤਿੰਨੇ ਗੀਤ ਵੱਖ-ਵੱਖ ਪਹਿਲੂਆਂ ਤੋਂ ਜਿੰਨ੍ਹਾਂ ਵਿੱਚ "ਚਰਖਾ" ਵਿਦੇਸਾਂ ਵਿੱਚ ਆ ਚੁੱਕੇ ਪੰਜਾਬੀਆਂ ਦੇ ਖਾਲੀ ਘਰਾਂ ਅਤੇ ਗਵਾਚ ਰਹੇ ਸੱਭਿਆਚਾਰ ਦੀ ਤਰਜ਼ਮਾਨੀ ਕਰਦਾ ਹੈ, ਜਿਸ ਨੂੰ ਸੁੱਖੀ ਧਾਲੀਵਾਲ ਨੇ ਲਿਖਿਆ ਹੈ। ਦੂਸਰਾ ਗੀਤ "ਚਾਈ-ਚਾਈ ਅਨੰਦਪੁਰ ਛੱਡਤਾ, ਤੜਫੀਂ ਜਾਣ ਨਨਕਾਣੇ ਨੂੰ" ਦੇਸ਼ ਦੇ ਵਿੱਛੜੇ ਹਿੱਸੇ ਦੀ ਤਰਾਸਦੀ ਅਤੇ ਇਨਸਾਨਾ ਤਰੱਕੀ ਦੇ ਗੁਮਾਨ ਦੀ ਗੱਲ ਕਰਦਾ ਹੈ। ਇਸ ਨੂੰ ਖੁਦ ਧਰਮਵੀਰ ਥਾਂਦੀ ਨੇ ਖੁਦ ਲਿਖਿਆ ਹੈ।

ਤੀਸਰਾ ਤਰਾਸਦੀ ਭਰਿਆ ਗੀਤ "ਸ਼ਹੀਦ" ਅੱਜ ਦੇ ਰਾਜਨੀਤਿਕ ਅਤੇ ਸਮਾਜਿਕ ਢਾਚੇ 'ਤੇ ਕਰਾਰੀ ਚੋਟ ਹੈ ਕਿ ਦੇਸ਼ ਲਈ ਮਰਨ ਵਾਲੇ ਸ਼ਹੀਦ, ਫੌਜ਼ੀ ਜਵਾਨ ਅਤੇ ਕਿਰਸ਼ਾਨ ਅੱਜ ਵੀ ਭੁੱਖੇ ਮਰ ਰਹੇ ਹਨ। ਜਦ ਕਿ ਹੱਕ ਮਾਰ ਲੋਟੂ ਟੋਲੇ ਮੌਜ਼ਾ ਕਰ ਰਹੇ ਹਨ। ਇਸ ਗੀਤ ਨੂੰ ਉਸਤਾਦ ਸ਼ਾਇਰ ਹਰਜਿੰਦਰ ਕੰਗ ਨੇ ਲਿਖਿਆ ਹੈ। ਸਮੁੱਚੇ ਐਲਬੰਬ ਨੂੰ ਸੁਰ ਅਤੇ ਸੰਗੀਤ ਚੰਦਨ ਸਿੰਘ ਨੇ ਦਿੱਤਾ।

ਇਸ ਸਮੇਂ ਪ੍ਰਮੁੱਖ ਬੁਲਾਰਿਆ ਵਿੱਚ ਡਾ. ਗਰੂਮੇਲ ਸਿੰਘ ਸਿੱਧੂ, ਨੀਟਾ ਮਾਛੀਕੇ, ਗੁਲਬਿੰਦਰ ਢੇਸੀ, ਗੁਰਦੀਪ ਸ਼ੇਰਗਿੱਲ, ਬਲਬੀਰ ਸਿੰਘ ਢਿੱਲੋਂ, ਵਿੱਕੀ ਹੀਰ, ਕੁਲਵੰਤ ਉੱਭੀ, ਅਵਤਾਰ ਸਿੰਘ ਗੌਦਾਰਾਂ, ਜਸਵੰਤ ਸਿੰਘ ਸ਼ਾਦ, ਰਾਜ ਬਰਾੜ ਧਮਲਾ, ਸੰਗੀਤਕਾਰ ਚੰਦਨ ਸਿੰਘ, ਸਤਵੀਰ ਸਿੰਘ ਹੀਰ, ਗੀਤਕਾਰ ਸੁੱਖੀ ਧਾਲੀਵਾਲ, ਅਮਰਜੀਤ ਸਿੰਘ ਦੌਧਰ, ਅਵਤਾਰ ਲਾਖਾ ਖੁਰਾਣਾ, ਕੁਲਵੰਤ ਸਿੰਘ ਸੇਖੋਂ, ਰਾਜਵਿੰਦਰ ਸਿੰਘ ਧਾਲੀਵਾਲ ਆਦਿਕ ਦੇ ਨਾਂ ਜ਼ਿਕਰਯੋਗ ਹਨ। ਇਸ ਤੋਂ ਇਲਾਵਾ ਹਾਜ਼ਰੀਨ ਸਖਸੀਅਤਾਂ ਵਿੱਚ ਕਮਲਜੀਤ ਸਿੰਘ ਬਾਸੀ, ਗੁਰਜੰਟ ਸਿੰਘ ਗਿੱਲ, ਹਾਕਮ ਸਿੰਘ ਢਿੱਲੋ, ਨਾਜ਼ਰ ਸਿੰਘ ਸਹੋਤਾ, ਦਵਿੰਦਰ ਸਿੰਘ ਸੁਧਾਰ, ਉਦੈਦੀਪ ਸਿੰਘ ਸਿੱਧੂ, ਹਰਜਿੰਦਰ ਸਿੰਘ ਢੇਸੀ, ਪਰਮਜੀਤ ਸਿੰਘ ਧਾਲੀਵਾਲ, ਬਿੱਟੂ ਮਾਨ, ਪਾਲ ਧਾਲੀਵਾਲ, ਤਰਸੇਮ ਸਿੰਘ ਬਾਸੀ, ਜਸਵੀਰ ਸਿੰਘ, ਕਰਨੈਲ ਸਿੰਘ, ਸਮੂੰਹ ਥਾਂਦੀ ਪਰਿਵਾਰ ਅਤੇ ਹੋਰ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੇ ਹਾਜ਼ਰੀ ਭਰੀ। ਅੰਤ ਵਿੱਚ ਧਰਮਵੀਰ ਥਾਂਦੀ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦੌਰਾਨ ਹਰਜਿੰਦਰ ਕੰਗ ਨੇ ਸਟੇਜ਼ ਸੰਚਾਲਨ ਬਾ-ਖੂਬੀ ਕੀਤਾ। ਇਸ ਪ੍ਰੋਗਰਾਮ ਦਾ ਅੰਤ ਸ਼ਾਨਦਾਰ ਦੁਪਿਹਰ ਦੇ ਖਾਣੇ ਨਾਲ ਹੋਇਆ।




**Begumpura Educational & Cultural Society of Sacramento**

**Jai Bhim Jai Bharat**

**Educate Agitate and Organize**

"An educated man without character and humility was move dangerous than abeast. If his education was deterimental to the welfare of poor, he was acurse to the society"

- Dr. B R Ambediar

ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਜੀ ਦਾ 124ਵਾਂ ਜਨਮ ਦਿਨ ਬੇਗਮਪੁਰਾ ਐਜੂਕੇਸ਼ਨਲ ਐਂਡ ਕਲਚਰਲ ਸੁਸਾਇਟੀ ਆਫ ਸੈਕਰਾਮੈਂਟੋ ਅਤੇ ਸੈਕਰਾਮੈਂਟੋ ਦੀ ਸੰਗਤ ਵੱਲੋਂ 19 ਜੁਲਾਈ, 2015 ਦਿਨ ਐਤਵਾਰ ਨੂੰ **9175 W. Stockton Blvd. Elk Grove, CA 95758** ਵਿਖੇ ਸ਼ਾਮੀ 5 ਵਜੇ ਤੋਂ ਲੈ ਕੇ ਰਾਤੀ 11 ਵਜੇ ਤੱਕ ਮਨਾਇਆ ਜਾ ਰਿਹਾ ਹੈ, ਜਿਸ ਵਿਚ ਉੱਚ ਕੋਟੀ ਦੇ ਬੁਲਾਰੇ ਅਤੇ ਗਾਇਕ ਬਾਬਾ ਸਾਹਿਬ ਅੰਬੇਦਕਰ ਦੀ ਉਪਮਾ ਵਿਚ ਵਿਚਾਰ ਅਤੇ ਗੀਤ ਪੇਸ਼ ਕਰਨਗੇ।

You may contact the following members for further information

**Mohinder S. Dhami** (916)261-5972
**Jaswant S. Sheemar** (916)293-6030
**Joginder Chumber** (916)439-4043
**Ramesh Bangar** (916)715-3441
**Jaswinder Banga** (916)796-5003

**ਸਮਾਗਮ ਦਾ: ਸੰਪਰਕ ਅਤੇ ਸਥਾਨ**

**Holiday Inn Express 916-478-9000**

**9175 W. Stockton Blvd., ELK Grove CA 95758**

**ਪ੍ਰੋਗਰਾਮਾਂ ਦਾ ਵੇਰਵਾ**

1. 5 ਤੋਂ 6 ਵਜੇ ਤੱਕ ਚਾਹ ਅਤੇ ਸਨੈਕ
2. 6 ਤੋਂ 8 ਵਜੇ ਤੱਕ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ
3. 8 ਤੋਂ 9 ਵਜੇ ਤੱਕ ਮਿਸ਼ਨਰੀ ਗੀਤ ਸੰਗੀਤ ਦਾ ਪ੍ਰੋਗਰਾਮ ਹੋਵੇਗਾ।
4. 9 ਤੋਂ 10 ਵਜੇ ਤੱਕ ਡਿਨਰ ਹੋਵੇਗਾ।
5. 10 ਤੋਂ 11 ਵਜੇ ਤੱਕ ਬਾਬਾ ਸਾਹਿਬ ਅੰਬੇਦਕਰ ਜੀ ਦੇ ਜੀਵਨ ਅਤੇ ਵਿਚਾਰਾਂ ਤੇ ਮੂਵੀ ਵੀ ਦਿਖਾਈ ਜਾਵੇਗੀ

ੴ ਸੋਹੰ

ੴ ਸਤਿਗੁਰ ਪ੍ਰਸਾਦਿ ॥

ਬੇਗਮਪੁਰਾ ਸਹਰ ਕੋ ਨਾਉ। ਦੂਖੁ ਅੰਦੋਹੁ ਨਹੀ ਤਿਹਿ ਠਾਉ।




# ਤੀਸਰਾ ਮਹਾਨ ਨਗਰ ਕੀਰਤਨ

## ਅਤੇ 10 ਦਿਨ ਦੇ ਵਿਸ਼ੇਸ਼ ਦੀਵਾਨ

## ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

61-01 Broadway, Woodside, NY 11377

## ਵਿਖੇ 3 ਜੁਲਾਈ ਦਿਨ ਸ਼ੁਕਰਵਾਰ ਤੋਂ 12 ਜੁਲਾਈ 2015 ਦਿਨ ਐਤਵਾਰ ਤੱਕ

ਰੱਬੀ ਰਾਹ ਨੂੰ ਭੁਲਕੇ ਜਦੋਂ ਮਨੁੱਖਤਾ ਕੁਰਾਹੇ ਪੈ ਜਾਂਦੀ ਹੈ ਤਾਂ ਨਿਤ ਦਿਹਾੜੇ ਭੁੱਲੀ ਭਟਕਦੀ ਠੋਕਰਾਂ ਖਾਂਦੀ ਹੈ । ਫਿਰ ਰੱਬ ਦੀ ਬਖਸ਼ਸ਼ ਵਿੱਚੋਂ ਗੁਰੂ ਜੋਤ ਸੰਸਾਰ ਅੰਦਰ ਇਨਸਾਨੀ ਜਾਮੇ ਵਿੱਚ ਪ੍ਰਗਟ ਹੁੰਦੀ ਹੈ ਜੋ 14ਵੀਂ ਸਦੀ ਵਿੱਚ ਬਨਾਰਸ ਦੀ ਧਰਤੀ ਉੱਤੇ ਸਤਿਕਾਰਯੋਗ ਪਿਤਾ ਸੰਤੋਖ ਦਾਸ ਦੇ ਘਰ ਸਤਿਕਾਰਯੋਗ ਮਾਤਾ ਕਲਸਾ ਜੀ ਦੀ ਕੁੱਖ ਤੋਂ ਪ੍ਰਗਟ ਹੋਈ। ਜਿਸ ਨੂੰ ਅੱਜ ਸਮੁੱਚਾ ਸੰਸਾਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ ਨਾਲ ਯਾਦ ਕਰਦਾ ਨਮਸਕਾਰ ਕਰਦਾ ਹੈ। ਇਹ ਭਟਕਦੀ ਲੋਕਾਈ ਕਿਵੇਂ ਰੱਬ ਦੇ ਦਰ ਉੱਤੇ ਪਰਵਾਨ ਹੋਵੇ ਉਸ ਲਈ ਸਤਿਗੁਰਾਂ ਨੇ ਇਲਾਹੀ ਬੋਲ ਇਸ ਸੰਸਾਰ ਦੀ ਝੋਲੀ ਵਿੱਚ ਪਾਏ। ਜਿਹੜੇ ਅੱਜ ਧੰਨ ਗੁਰੂ ਗ੍ਰੰਥ ਸਾਹਿਬ ਅੰਦਰ 16 ਰਾਗਾਂ ਵਿੱਚ 40 ਸ਼ਬਦ ਦਰਜ ਹਨ। ਮਨੁੱਖਤਾ ਉੱਤੇ ਮਹਾਨ ਪਰਉਪਕਾਰ ਕਰਨ ਵਾਲੇ ਮਹਾਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਵਿੱਤਰ ਯਾਦ ਵਿੱਚ ਤੀਸਰਾ ਮਹਾਨ ਨਗਰ ਕੀਰਤਨ ਅਤੇ 10 ਦਿਨ ਦੇ ਵਿਸ਼ੇਸ਼ ਦੀਵਾਨ ਆਪ ਸਾਧ-ਸੰਗਤ ਦੇ ਸਹਿਯੋਗ ਤੇ ਸਤਿਗੁਰਾਂ ਦੀ ਕ੍ਰਿਪਾ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਵਲੋਂ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਚੜਦੀਕਲਾ ਵਿੱਚ ਕਰਵਾਏ ਜਾ ਰਹੇ ਹਨ। ਸੰਗਤਾਂ ਨੂੰ ਵੱਧ-ਚੜ੍ਹ ਕੇ ਤੀਸਰੇ ਮਹਾਨ ਨਗਰ ਕੀਰਤਨ ਅਤੇ ਮਹਾਨ ਦੀਵਾਨਾਂ ਵਿੱਚ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।




ਦੂਸਰੇ ਮਹਾਨ ਨਗਰ ਕੀਰਤਨ ਤੇ ਸੰਗਤਾਂ ਦਾ ਜਲੋਅ

### ਪ੍ਰੋਗਰਾਮ

ਨਗਰ ਕੀਰਤਨ 11 ਜੁਲਾਈ 2015 ਦਿਨ ਸ਼ਨੀਵਾਰ ਨੂੰ ਦੁਪਿਹਰ 12:00 ਵਜੇ ਗੁਰੂ ਘਰ ਤੋਂ ਆਰੰਭ ਹੋ ਕੇ 74 ਸਟਰੀਟ ਜੈਕਸਨ ਹਾਈਟਸ (ਪੰਜਾਬੀ ਬਜ਼ਾਰ) ਏਰੀਏ ਵਿਚੋਂ ਸੰਗਤਾਂ ਨੂੰ ਦਰਸ਼ਨਾ ਨਾਲ ਨਿਹਾਲ ਕਰਕੇ ਵਾਪਸ 3 ਵਜੇ ਗੁਰੂ ਘਰ ਪਹੁੰਚੇਗਾ

3 ਜੁਲਾਈ 2015 ਦਿਨ ਸ਼ੁਕਰਵਾਰ ਤੋਂ 12 ਜੁਲਾਈ 2015 ਦਿਨ ਐਤਵਾਰ ਤੱਕ ਹਰ ਰੋਜ਼ ਸ਼ਾਮ 6 ਵਜੇ ਤੋਂ 9:00 ਵਜੇ ਤੱਕ ਕੀਰਤਨ ਦੀਵਾਨ ਹੋਣਗੇ।

5 ਜੁਲਾਈ 2015 ਦਿਨ ਐਤਵਾਰ ਅਤੇ 12 ਜੁਲਾਈ 2015 ਦਿਨ ਐਤਾਵਾਰ ਦੇ ਦੀਵਾਨ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਹੋਣਗੇ।

ਪਹੁੰਚ ਰਹੇ ਰਾਗੀ ਢਾਡੀ ਪ੍ਰਚਾਰਕ

- ਭਾਈ ਹਰਪ੍ਰੀਤ ਸਿੰਘ ਜੀ ਹਜ਼ੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਵਾਲੇ
- ਭਾਈ ਤਰਲੋਕ ਸਿੰਘ ਪਾਉਂਟਾ ਸਾਹਿਬ ਵਾਲੇ
- ਕਵੀਸ਼ਰ ਗਿਆਨੀ ਸੁਲਖਣ ਸਿੰਘ ਰਿਆੜ ਜੀ
- ਕਥਾਵਾਚਕ ਗਿਆਨੀ ਅਮਰੀਕ ਸਿੰਘ ਚੰਡੀਗੜ੍ਹ ਵਾਲੇ
- ਢਾਡੀ ਗਿਆਨੀ ਸੰਤ ਸਿੰਘ ਪਾਰਸ ਜੀ

ਗੁਰੂ ਕੇ ਲੰਗਰ ਅਤੁਟ ਵਰਤਨਗੇਂ । ਗੁਰੂ ਘਰ ਦੇ ਪ੍ਰੇਮੀਆਂ ਵੱਲੋਂ ਖਾਣੇ ਦੇ ਵੱਖ-ਵੱਖ ਸਟਾਲ ਲਗਾਏ ਜਾਣਗੇ।

12 ਜੁਲਾਈ ਦਿਨ ਐਤਵਾਰ ਨੂੰ ਦੂਸਰਾ ਫ੍ਰੀ ਖੁਨਦਾਨ ਕੈਂਪ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਨਿਊਯਾਰਕ ਸਿਟੀ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਸਾਰੀਆਂ ਸੰਗਤਾਂ ਨੂੰ ਵੱਧ ਚੜ ਕੇ ਖੂਨ ਦਾਨ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।






ਗਿਆਨੀ ਅਮਰੀਕ ਸਿੰਘ ਜੀ — ਭਾਈ ਹਰਪ੍ਰੀਤ ਸਿੰਘ ਜੀ — ਗਿਆਨੀ ਸੁਲਖਣ ਸਿੰਘ ਰਿਆੜ ਜੀ — ਢਾਡੀ ਸੰਤ ਸਿੰਘ ਪਾਰਸ ਜੀ



ਰਾਕੇਸ਼ ਕੁਮਾਰ ਵਰਲਡ ਚੈਂਪੀਅਨ ਵੱਲੋਂ 11 ਜੁਲਾਈ ਨੂੰ ਨਗਰ ਕੀਰਤਨ ਤੇ 2 ਵਰਲਡ ਰਿਕਾਰਡ ਬਣਾਕੇ ਗੁਰੂ ਘਰ ਦੇ ਨਾਮ ਕੀਤੇ ਜਾਣਗੇ । ਗਿਨੀਜ਼ ਵਰਲਡ ਬੁਕ ਰਿਕਾਰਡ ਦੀ ਟੀਮ ਵਿਸ਼ੇਸ਼ ਤੋਰ ਤੇ ਪਹੁੰਚ ਰਹੀ ਹੈ।



SPECIAL GUEST
COUNCILMAN
JIMMY VAN BRAMER

ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਕਮੇਟੀ, ਸਮੂਹ ਟਰੱਸਟ ਕਮੇਟੀ, ਗੁਰੂ ਘਰ ਦਾ ਸਟਾਫ

ਤੀਸਰੇ ਮਹਾਨ ਨਗਰ ਕੀਰਤਨ ਤੇ ਜਿਥੇ ਨਿਊਯਾਰਕ ਸਿਟੀ ਦੇ ਸਰਕਾਰੀ ਨੁਮਾਇੰਦੇ ਪਹੁੰਚ ਰਹੇ ਹਨ ਉਥੇ ਨਾਲ ਦੂਸਰੀਆਂ ਸਟੇਟਾਂ ਅਤੇ ਦੂਸਰੇ ਦੇਸ਼ਾਂ ਤੋਂ ਵੀ ਵਿਸ਼ੇਸ਼ ਮਹਿਮਾਨ ਸ਼ਿਰਕਤ ਕਰਕੇ ਨਗਰ ਕੀਰਤਨ ਦੀ ਸ਼ੋਭਾ ਵਧਾਉਣਗੇ।

ਗੁਰੂ ਘਰ ਤੋਂ ਇਨ੍ਹਾਂ ਮਹਾਨ ਦੀਵਾਨਾਂ ਅਤੇ ਨਗਰ ਕੀਰਤਨ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਰਾਹੀ ਦੇਸ਼ ਵਿਦੇਸ਼ ਵਿੱਚ ਬੈਠੀਆਂ ਸੰਗਤਾਂ ਤੱਕ ਵੀ ਪਹੁੰਚਾਇਆ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ : ਗੁਰੂ ਘਰ 718-898-8150 ਫੈਕਸ : 718-898-0932
ਗ੍ਰੰਥੀ : ਭਾਈ ਅਮਰਜੀਤ ਸਿੰਘ 718-213-8136, ਮੁੱਖ ਸੇਵਾਦਾਰ : ਸ. ਨਿਰਮਲ ਸਿੰਘ 347-538-8296,
ਚੇਅਰਮੈਨ : ਨੰਦ ਲਾਲ 646-441-1520 ਕੈਸ਼ੀਅਰ : ਭੋਲਾ ਕਲੇਰ 917-405-1168, ਜ. ਸਕੱਤਰ : ਪਰਮਜੀਤ ਲਾਲ 917-854-8628
ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ

Print and Design by Infinity: 347-475-7751

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸੰਗਤਾਂ ਨੇ ਗੁਰੂ ਘਰ ਦਾ 30ਵੀਂ ਸਥਾਪਨਾ ਦਿਵਸ 28 ਜੂਨ ਨੂੰ ਸ਼ਰਧਾ ਸਹਿਤ ਮਨਾਇਆ ਤਸਵੀਰਾਂ ਦੀ ਜ਼ੁਬਾਨੀ


































ਕੈਲੀਫੋਰਨੀਆ ਸਟੇਟ ਅਸੈਂਬਲੀਮੈਨ ਕੇਨਸੇਨ ਚੂ, ਪਲਾਨਿੰਗ ਕਮਿਸ਼ਨਰ ਗੈਰੀ ਸਿੰਘ, ਫਰੀਮਾਂਟ ਦੇ ਮੇਅਰ ਬਿਲ ਹੈਰੀਸਨ, ਤਜਿੰਦਰ ਧਾਮੀ, ਅਜੈਪਾਲ ਰਾਮ, ਕੈਲੀਫੋਰਨੀਆ ਸਟੇਟ ਸੈਨੇਟਰ ਬੌਬ ਵਿਕੋਵਸਕੀ ਅਤੇ ਜਗਦੇਵ ਰਾਮ ਅਮਰੀਕਾ ਦੀ ਆਜ਼ਾਦੀ ਦਾ ਦਿਹਾੜਾ ਮਨਾਉਂਦੇ ਹੋਏ।



ਸਵਰਗੀ ਸ੍ਰੀ ਲਾਹੌਰੀ ਰਾਮ ਜੀ ਦੇ ਸਪੁੱਤਰਾਂ ਜੈਕ ਅਤੇ ਪਾਲ ਰਾਮ ਨੇ ਕੈਲੀਫੋਰਨੀਆ ਦੇ ਸਪੀਕਰ ਸ੍ਰੀ ਕੇਵਿਨ ਮੁਲਿਨ ਦਾ ਜਨਮ ਦਿਨ ਸੈਨ ਕਾਰਲੋਸ ਵਿਖੇ ਮਨਾਇਆ। ਸ੍ਰੀ ਕੇਵਿਲ ਮੁਲਿਨ ਡਿਸਟ੍ਰਿਕਟ 22 ਤੋਂ ਪ੍ਰਤੀਨਿਧਤਾ ਕਰਦੇ ਹਨ। ਉਹਨਾਂ ਦੇ ਇਲਾਕੇ ਵਿਚ ਸੈਨ ਮਾਟਰੋ ਕਾਉਂਟੀ ਵੀ ਆਉਂਦੀ ਹੈ।







ਸ੍ਰੀ ਚਰਨਜੀਵ ਬੰਗੜ ਅਤੇ ਮੀਨੂ ਬੰਗੜ ਦੀ ਪੁੱਤਰੀ ਅਰਵਿਨ ਬੰਗੜ ਦਾ 5ਵਾਂ ਜਨਮ ਦਿਨ ਮਨਾਇਆ। ਦਾਦਾ ਕਰਮ ਸਿੰਘ ਬੰਗੜ, ਦਾਦੀ ਹਰਬੰਸ ਕੌਰ ਬੰਗੜ, ਨਾਨਾ ਤਰਸੇਮ ਲਾਲ, ਨਾਨੀ ਜੀ ਗੁਰਬਖਸ਼ ਕੌਰ ਅਤੇ ਸਮੂਹ ਪਰਿਵਾਰ ਨੇ ਮਿਲ ਕੇ ਅਰਵਿਨ ਬੰਗੜ ਨੂੰ 5ਵੇਂ ਜਨਮ ਦਿਨ ਤੇ ਪਿਆਰ ਅਤੇ ਵਧਾਈ ਦਿੱਤੀ। ਇਸ ਮੌਕੇ ਗੁਰੂ ਘਰ ਵਿਖੇ ਬੰਗੜ ਪਰਿਵਾਰ ਦੇ ਮਿੱਤਰ, ਰਿਸ਼ਤੇਦਾਰ ਅਤੇ ਸਹਿਯੋਗੀ ਸੱਜਣਾਂ ਸਮੇਤ ਸੰਗਤ ਨੇ ਹਾਜ਼ਰੀ ਭਰੀ।






# ਡਾ.ਮੋਹਨ ਤਿਆਗੀ ਨੂੰ ਬਾਜ਼ੀਗਰ-ਬੰਜਾਰਾ ਐਸੋਸੀਏਸ਼ਨ ਵੱਲੋਂ

# 'ਵਸੰਤ ਰਾਓ ਨਾਇਕ ਮੈਮੋਰੀਅਲ ਐਵਾਰਡ' ਨਾਲ ਸਨਮਾਨਿਤ ਕੀਤੇ ਜਾਣ ਤੇ ਵਿਸ਼ੇਸ਼



ਬੰਜਾਰਾ ਕਬੀਲੇ ਦੇ ਉਘੇ ਲੇਖਕ ਡਾ. ਗੋਵਰਧਨ ਬੰਜਾਰਾ ਜੋ ਕਿ ਬੰਜਾਰਾ ਪ੍ਰੋਫੈਸਰਜ਼ ਐਸੋਸੀਏਸ਼ਨ (ਗੁਜਰਾਤ ਯੂਨਿਟ) ਦੇ ਪ੍ਰਧਾਨ ਵੀ ਹਨ, ਦੀ ਪੰਜਾਬ ਫੇਰੀ ਮੌਕੇ ਉਹਨਾਂ ਨੂੰ ਡਾ. ਮੋਹਨ ਤਿਆਗੀ ਦੇ ਨਿਵਾਸ ਉੱਤੇ ਸਨਮਾਨਿਤ ਕਰਦੇ ਹੋਏ ਸ. ਸ਼ਾਮ ਸਿੰਘ ਮੁਛਾਲ (ਐਡਵੋਕੇਟ ਸੰਗਰੂਰ), ਡਾ. ਮੋਹਨ ਤਿਆਗੀ, ਸ. ਸੁਖਬੀਰ ਸਿੰਘ ਧਰਮਸੋਤ ਅਬਲੋਵਾਲ ਕੌਂਸਲਰ ਅਤੇ ਪੱਤਰਕਾਰ ਕਮਲ ਧਰਮਸੋਤ।



ਗੋਰ ਸਿਖਵਾੜੀ, ਜੋ ਕਿ ਬੰਜਾਰਾ ਸਮਾਜ ਦੀ ਭਲਾਈ ਲਈ ਚਲਾਈ ਜਾ ਰਹੀ ਸਮਾਜਿਕ ਸੰਸਥਾ ਹੈ, ਦੇ ਫੁੱਲ ਟਾਈਮ ਵਰਕਰ ਸ੍ਰੀ ਅਰੁਣ ਦਿਗਾਂਬਰ ਚਵਾਨ ਅਤੇ ਇਕ ਹੋਰ ਸਮਾਜ ਸੇਵੀ ਅਰਜੁਨ ਰਾਠੌੜ ਨੂੰ ਆਪਣੇ ਨਿਵਾਸ ਅਸਥਾਨ ਪਟਿਆਲਾ ਵਿਖੇ ਸਨਮਾਨਿਤ ਕਰਦੇ ਹੋਏ ਡਾ. ਮੋਹਨ ਤਿਆਗੀ, ਉਹਨਾਂ ਦੇ ਵੱਡੇ ਭਰਾਤਾ ਸ. ਸੁਖਬੀਰ ਸਿੰਘ ਧਰਮਸੋਤ ਅਬਲੋਵਾਲ ਕੌਂਸਲਰ, ਸਤੀਸ਼ ਵਲਜੋਤ ਅਤੇ ਹੋਰ ਸੱਜਣ।



ਕਮਲ ਧਰਮਸੋਤ
669-233-3318

ਬਾਜ਼ੀਗਰ ਬੰਜਾਰਾ ਐਸੋਸੀਏਸ਼ਨ ਕੈਲੀਫੋਰਨੀਆ, ਅਮਰੀਕਾ ਵੱਲੋਂ ਹਰੀ ਕ੍ਰਾਂਤੀ ਦੇ ਅਲੰਬਰਦਾਰ ਅਤੇ ਮਹਾਰਾਸ਼ਟਰ ਦੇ ਗਿਆਰਾਂ ਸਾਲ ਤੱਕ ਮੁੱਖ ਮੰਤਰੀ ਰਹਿਣ ਵਾਲੀ ਮਹਾਨ ਸ਼ਖਸੀਅਤ ਸਵ: ਸ੍ਰੀ ਵਸੰਤ ਰਾਓ ਨਾਇਕ ਜੀ ਦਾ 102ਵਾਂ ਜਨਮ ਦਿਨ ਮਨਾਇਆ ਜਾ ਰਿਹਾ ਹੈ। ਇਸ ਮੌਕੇ ਉਤੇ ਵਸੰਤ ਰਾਓ ਨਾਇਕ ਯਾਦਗਾਰੀ ਐਵਾਰਡ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਸਿਸਟੈਂਟ ਪ੍ਰੋਫੈਸਰ ਡਾ. ਮੋਹਨ ਤਿਆਗੀ ਹੁਰਾਂ ਨੂੰ ਦਿੱਤਾ ਜਾ ਰਿਹਾ ਹੈ।

ਡਾ. ਮੋਹਨ ਤਿਆਗੀ ਹੁਰਾਂ ਨੂੰ ਵਸੰਤ ਰਾਓ ਨਾਇਕ ਯਾਦਗਾਰੀ ਐਵਾਰਡ ਦੇਣ ਦਾ ਫੈਸਲਾ ਇਸ ਲਈ ਕੀਤਾ ਗਿਆ ਹੈ ਕਿ ਜਿਹਨਾਂ ਕਬੀਲਿਆਂ ਦੇ ਅਧਿਕਾਰਾਂ ਲਈ ਵਸੰਤ ਰਾਓ ਨਾਇਕ ਜੀ ਨੇ ਸਾਰੀ ਉਮਰ ਸੰਘਰਸ਼ ਕੀਤਾ, ਉਹਨਾਂ ਕਬੀਲਿਆਂ ਬਾਰੇ ਖੋਜ ਦਾ ਕੰਮ ਡਾ. ਮੋਹਨ ਤਿਆਗੀ ਬੜੀ ਸਰਗਰਮੀ ਨਾਲ ਵਿੱਢੀਂ ਬੈਠੇ ਹਨ। ਉਹਨਾਂ ਵੱਲੋਂ ਲਿਖੀ ਗਈ ਖੋਜ ਭਰਪੂਰ ਪੁਸਤਕ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਨੇ ਕਾਫੀ ਚਰਚਾ ਕਰਵਾਈ ਹੈ।''

ਆਪਣੀ ਇਸ ਪੁਸਤਕ ਦੀ ਪ੍ਰਸਤਾਵਨਾ ਵਿਚ ਡਾ. ਮੋਹਨ ਤਿਆਗੀ ਬਾਜ਼ੀਗਰ-ਬੰਜਾਰਾ ਕਬੀਲੇ ਬਾਰੇ ਜਾਣਕਾਰੀ ਦਿੰਦੇ ਹੋਏ ਲਿਖਦੇ ਹਨ, ''ਬਾਜ਼ੀਗਰ-ਬੰਜਾਰਾ ਕਬੀਲਾ ਭਾਰਤ ਦੇ ਲੱਗਭੱਗ ਇੱਕੀ ਰਾਜਾਂ ਵਿਚ ਵਾਸ ਕਰਦਾ ਹੈ, ਜਿੱਥੇ ਇਸ ਨੇ ਆਪਣੀ ਵੱਖਰੀ ਸਭਿਆਚਾਰਕ ਪਛਾਣ ਬਣਾਈ ਹੋਈ ਹੈ। ਬਾਜ਼ੀਗਰ-ਬੰਜਾਰਾ ਕਬੀਲੇ ਦੇ ਲੋਕ ਭਾਰਤ ਵਿਚ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਨਾਵਾਂ ਹੇਠ ਦਰਜ ਹਨ, ਫਿਰ ਵੀ ਪੂਰੇ ਭਾਰਤ ਵਿਚ ਕਬੀਲੇ ਲਈ ਪ੍ਰਚੱਲਿਤ ਨਾਂ 'ਗੋਆਰ' ਇਨ੍ਹਾਂ ਵਿਚ ਇਕ ਸਾਂਝੀ ਕੜੀ ਦਾ ਕੰਮ ਕਰਦਾ ਹੈ। ਬਾਜ਼ੀਗਰ- ਬੰਜਾਰਾ ਕਬੀਲੇ ਦੇ ਲੋਕ ਅੱਜ ਵੀ ਇਕ ਦੂਜੇ ਨਾਲ ਮਿਲਣੀ ਸਮੇਂ ਸਭ ਤੋਂ ਪਹਿਲਾਂ ਇਕ ਦੂਸਰੇ ਨੂੰ 'ਗੋਆਰ' ਹੋਣ ਬਾਰੇ ਪੁੱਛਦੇ ਹਨ ਅਤੇ ਦੂਜਾ ਪ੍ਰਸ਼ਨ ਉਸਦੇ ਗੋਤਰ ਨਾਲ ਸਬੰਧਤ ਹੁੰਦਾ ਹੈ। ਇਨ੍ਹਾਂ ਸਵਾਲਾਂ ਦਾ ਉਤਰ ਤਸੱਲੀਬਖਸ਼ ਮਿਲਣ ਤੇ ਕਬੀਲੇ ਦੇ ਲੋਕ ਫਿਰ ਇਕ ਦੂਜੇ ਨੂੰ ਗਲ਼ ਨਾਲ ਲੱਗ ਕੇ ਮਿਲਦੇ ਹਨ।''

ਡਾ. ਮੋਹਨ ਤਿਆਗੀ ਨੇ ਕਬੀਲਿਆਂ ਬਾਰੇ ਖੋਜ ਦਾ ਕੰਮ ਜਿਸ ਸ਼ਿੱਦਤ ਨਾਲ ਕੀਤਾ ਹੈ, ਉਸਨੂੰ ਬਹੁਤ ਘੱਟ ਸ਼ਬਦਾਂ ਵਿਚ ਸਮੇਟ ਸਕਣਾ ਅਸੰਭਵ ਹੈ। ਡਾ. ਬਲਦੇਵ ਸਿੰਘ 'ਬੱਦਨ', ਮੁੱਖ ਸੰਪਾਦਕ ਅਤੇ ਸੰਯੁਕਤ ਨਿਰਦੇਸ਼ਕ, ਨੈਸ਼ਨਲ ਬੁੱਕ ਟਰੱਸਟ, ਇੰਡੀਆ ਲਿਖਦੇ ਹਨ ਕਿ ਕਬੀਲਿਆਂ ਬਾਰੇ ਖੋਜ ਕਾਰਜ ਕਰਨਾ ਮਿਹਨਤ ਤੇ ਸਿਦਕ ਦਿਲੀ ਦੀ ਮੰਗ ਕਰਦਾ ਹੈ। ਇਸ ਕਾਰਜ ਲਈ ਕਬੀਲਿਆਂ ਦੀ ਅੰਦਰਲੀ ਸਰੰਚਨਾ ਅਤੇ ਸੁਭਾਅ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਬਹੁਤ ਧਿਆਨ ਅਤੇ ਨਿਸ਼ਠਾ ਦੀ ਮੰਗ ਕਰਦਾ ਹੈ। ਇਸ ਕਠਿਨ ਕਾਰਜ ਲਈ ਕਬੀਲੇ ਦੇ ਲੋਕਾਂ ਦੀ ਨੇੜਤਾ ਅਤੇ ਵਿਸ਼ਵਾਸਪਾਤਰ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਕੀਤਾ ਜਾਣ ਵਾਲਾ ਖੋਜ ਕਾਰਜ ਸਫਲਤਾ ਨਾਲ ਸਿਰੇ ਚੜ੍ਹ ਸਕੇ। ਡਾ. ਬੱਦਨ ਦਾ ਕਹਿਣਾ ਹੈ ਕਿ ਇਸ ਸਬੰਧ ਵਿਚ ਹੱਥਲੇ ਖੋਜ ਕਾਰਜ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਬਾਰੇ ਖੇਤਰੀ ਕਾਰਜ ਕਰਦਿਆਂ ਵਾਸਤਵਿਕ ਜਾਣਕਾਰੀ ਪ੍ਰਦਾਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਗਈ ਹੈ।

ਇਸੇ ਪੁਸਤਕ (ਬਾਜ਼ੀਗਰ ਕਬੀਲੇ ਦਾ ਸਭਿਆਚਾਰ) ਵਿਚ 'ਦੋ ਸ਼ਬਦ' ਲਿਖਦੇ ਹੋਏ ਡਾ. ਬਲਦੇਵ ਸਿੰਘ ਬੱਦਨ ਕਹਿੰਦੇ ਹਨ, ''ਵਿਸ਼ਵ ਭਰ ਵਿਚ ਪਿਛਲੇ ਕੁਝ ਸਮੇਂ ਤੋਂ 'ਟਰਾਈਬਲ ਸਟੱਡੀਜ਼' ਦਾ ਰੁਝਾਨ ਜ਼ੋਰ ਫੜਦਾ ਜਾ ਰਿਹਾ ਹੈ। ਵਿਦਵਾਨ ਚਿੰਤਕਾਂ ਅਤੇ ਖੋਜੀਆਂ ਨੇ ਆਪਣੀ ਆਪਣੀ ਸਮਝ ਅਨੁਸਾਰ ਆਦਿਵਾਸੀ ਕਬੀਲਿਆਂ ਅਤੇ ਰਮਤੇ ਕਬੀਲਿਆਂ ਦਾ ਅਧਿਐਨ ਸਮਾਜ ਵਿਗਿਆਨ, ਮਾਨਵ ਵਿਗਿਆਨ ਅਤੇ ਮਨੋਵਿਗਿਆਨ ਅਤੇ ਭਾਸ਼ਾ ਵਿਗਿਆਨਕ ਪ੍ਰਣਾਲੀਆਂ ਰਾਹੀਂ ਕਰਨ ਦਾ ਸਾਰਥਕ ਯਤਨ ਕੀਤਾ ਹੈ। ਕਬੀਲਿਆਂ ਦੇ ਜੀਵਨ ਦਰਸ਼ਨ ਅਤੇ ਕਾਰ-ਵਿਹਾਰ ਨੂੰ ਸਮਝਣ ਲਈ ਇਹ ਪ੍ਰਣਾਲੀਆਂ ਕਾਫੀ ਹੱਦ ਤੱਕ ਸਹਾਈ ਅਤੇ ਮਦਦਗਾਰ ਸਿੱਧ ਹੋਈਆਂ ਹਨ। ਮਨੁੱਖੀ ਵਿਕਾਸ ਦੀ ਪ੍ਰਕਿਰਿਆ ਨੂੰ ਸਮਝਣ ਲਈ ਇਹ ਅਧਿਐਨ ਹੋਰ ਵੀ ਬਹੁਤ ਜ਼ਰੂਰੀ ਹੈ। ਸਮਾਜ ਸ਼ਾਸਤਰ ਦੀ ਇਹ ਸਰਬ ਪ੍ਰਵਾਨਿਤ ਧਾਰਨਾ ਹੈ ਕਿ ਸਭਿਅਤਾ ਦਾ ਵਿਕਾਸ ਕਬੀਲਿਆਂ ਵਿਚੋਂ ਹੀ ਹੋਇਆ ਹੈ। ਇਸ ਤਰ੍ਹਾਂ ਕਬੀਲਾ ਅਤੇ ਜਾਤੀ ਸਾਡੀ ਸਮਾਜਿਕ ਸਰੰਚਨਾ ਦਾ ਅਹਿਮ ਅੰਗ ਹੁੰਦੇ ਹੋਏ ਵੀ ਇਕ ਦੂਜੇ ਤੋਂ ਸਭਿਆਚਾਰਕ ਸਮਾਜਿਕ ਭਿੰਨਤਾ ਰੱਖਦੇ ਹਨ। ਵਿਸ਼ਵ ਭਰ ਦੇ ਕਬੀਲਿਆਂ ਦਾ ਅਧਿਐਨ ਕਰਦਿਆਂ ਇਨ੍ਹਾਂ ਲੋਕਾਂ ਦੀਆਂ ਜੜ੍ਹਾਂ ਇਕ ਦੂਜੇ ਵਿਚ ਤਲਾਸ਼ੀਆਂ ਜਾ ਸਕਦੀਆਂ ਹਨ, ਜਿਸ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਦੁਨੀਆਂ ਭਰ ਦੇ ਕਬੀਲਿਆਂ ਦੀ 'ਮਾਤਰ ਭੂਮੀ' ਭਾਰਤ ਅਤੇ ਇਸ ਦੇ ਆਸ ਪਾਸ ਦੇ ਇਲਾਕੇ ਹੀ ਹਨ।''



Dr. Mohan Tyagi in California with Takshila Chumber (Editor: Ambedkar Times), Narender Kaur Chumber, Manjit Kaur Seikho, Dilvir Dil Nijjar (President: Punjabi Sahit Sabha California) & Ramesh Bangar

ਡਾ. ਮੋਹਨ ਤਿਆਗੀ ਵੱਲੋਂ ਸ਼ੁਰੂ ਕੀਤੇ ਗਏ ਭਾਰਤੀ ਖ਼ਾਨਾਬਦੋਸ਼ ਕਬੀਲਿਆਂ ਦੇ ਅਧਿਐਨ ਦੀ ਤਾਰ ਵਿਸ਼ਵ ਭਰ ਵਿਚ ਚੱਲ ਰਹੀ 'ਟਰਾਈਬਲ ਸਟੱਡੀ' ਨਾਲ ਜਾ ਜੁੜਦੀ ਹੈ। ਯੂਰਪ ਅਤੇ ਹੋਰ ਕਈ ਦੇਸ਼ਾਂ ਵਿਚ ਵੱਸਦੇ ਰੋਮਾ ਤੇ ਜਿਪਸੀ ਕਬੀਲੇ ਆਪਣੇ ਆਪ ਨੂੰ ਭਾਰਤ ਦੀ ਸੰਤਾਨ ਮੰਨਦੇ ਹਨ। ਉਹਨਾਂ ਦੇ ਸਭਿਆਚਾਰ, ਜੀਵਨ-ਜਾਚ, ਬੋਲੀ ਦਾ ਅਧਿਐਨ ਕਰਨ ਵਾਲੇ ਲੋਕ ਮੰਨਦੇ ਹਨ ਕਿ ਇਹ ਕਬੀਲੇ ਸੈਂਕੜੇ ਸਾਲ ਪਹਿਲਾਂ ਭਾਰਤ ਤੋਂ ਪਲਾਇਨ ਕਰਕੇ ਇਰਾਨ, ਅਫ਼ਗਾਨਿਸਤਾਨ ਦੇ ਰਸਤੇ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿਚ ਸ਼ਾਮਲ ਹੋਏ। ਵੱਖ-ਵੱਖ ਵਿਦਵਾਨਾਂ ਨੇ ਰੋਮਾ ਤੇ ਜਿਪਸੀ ਕਬੀਲਿਆਂ ਬਾਰੇ ਵੱਖ-ਵੱਖ ਪੁਸਤਕਾਂ ਲਿਖੀਆਂ ਹਨ। ਇਹਨਾਂ ਵਿਚੋਂ ਕਈ ਵਿਦਵਾਨ ਰੋਮਾ ਤੇ ਜਿਪਸੀ ਕਬੀਲਿਆਂ ਨਾਲ ਸਬੰਧਤ ਹਨ। ਮੇਰਾ ਖਿਆਲ ਹੈ ਕਿ ਜੇ ਕੋਈ ਵਿਦਵਾਨ, ਜੋ ਭਾਰਤੀ ਖ਼ਾਨਾਬਦੋਸ਼ ਕਬੀਲਿਆਂ ਨਾਲ ਪੂਰੀ ਤਰ੍ਹਾਂ ਜੁੜਿਆ ਹੋਵੇ, ਰੋਮਾ ਤੇ ਜਿਪਸੀ ਕਬੀਲਿਆਂ ਬਾਰੇ ਖੋਜ ਕਰੇ ਤਾਂ ਇਸ ਦੇ ਬਹੁਤ ਹੀ ਸਾਰਥਕ ਸਿੱਟੇ ਸਾਹਮਣੇ ਆਉਣਗੇ। ਡਾ. ਮੋਹਨ ਤਿਆਗੀ ਕਿਉਂਕਿ ਖੁਦ ਇਕ ਖ਼ਾਨਾਬਦੋਸ਼ ਕਬੀਲੇ, ਬਾਜ਼ੀਗਰ-ਬੰਜਾਰਾ ਕਬੀਲੇ ਨਾਲ ਸਬੰਧ ਰੱਖਦੇ ਹਨ, ਜੇ ਉਹ ਇਸ ਕਾਰਜ ਨੂੰ ਵੀ (ਰੋਮਾ ਤੇ ਜਿਪਸੀ ਕਬੀਲਿਆਂ ਦਾ ਅਧਿਐਨ) ਆਪਣੇ ਹੱਥ ਵਿਚ ਲੈਣ ਤਾਂ ਇਹ ਇਕ ਅਲੋਕਾਰੀ ਤਾਲਮੇਲ ਹੋਵੇਗਾ। ਰੋਮਾ ਤੇ ਜਿਪਸੀ ਕਬੀਲੇ ਨਾਲ ਸਬੰਧਤ ਵਿਦਵਾਨ ਇਆਨ ਹੈਨਕਾਕ ਨੇ ਇਸ ਸਬੰਧ ਵਿਚ ਬਹੁਤ ਮਾਅਰਕੇ ਵਾਲਾ ਕੰਮ ਕੀਤਾ ਹੈ। ਮੇਰਾ ਮੰਨਣਾ ਹੈ ਕਿ ਜੇ ਭਾਰਤੀ ਖ਼ਾਨਾਬਦੋਸ਼ ਕਬੀਲਿਆਂ ਨਾਲ ਸਬੰਧਤ ਡਾ. ਮੋਹਨ ਤਿਆਗੀ, ਰੋਮਾ/ ਜਿਪਸੀ ਕਬੀਲਿਆਂ ਨਾਲ ਸਬੰਧਤ ਵਿਦਵਾਨ ਇਆਨ ਹੈਨਕਾਕ ਨਾਲ ਮਿਲ ਕੇ ਬੰਜਾਰਾ, ਰੋਮਾ, ਜਿਪਸੀ ਕਬੀਲਿਆਂ ਬਾਰੇ ਖੋਜ ਨੂੰ ਅੱਗੇ ਵਧਾਉਣ ਤਾਂ ਵਿਸ਼ਵ ਭਰ ਦੇ ਕਬੀਲਿਆਂ ਬਾਰੇ ਖੋਜ ਨੂੰ ਇਕ ਨਵਾਂ ਰਾਹ ਮਿਲੇਗਾ।

ਭਾਰਤ ਦੇ ਇਕ ਬਹੁਤ ਹੀ ਸ਼ਕਤੀਸ਼ਾਲੀ ਸੂਬੇ ਮਹਾਰਾਸ਼ਟਰ ਦਾ ਗਿਆਰਾਂ ਸਾਲ ਤੱਕ ਮੁੱਖ ਮੰਤਰੀ ਰਹਿਣ ਵਾਲੇ ਮਹਾਂਨਾਇਕ ਵਸੰਤ ਰਾਓ ਨਾਇਕ ਨੇ ਬੰਜਾਰਾ ਸਮਾਜ ਦੀ ਤਰੱਕੀ ਲਈ 'ਆਲ ਇੰਡੀਆ ਬੰਜਾਰਾ ਸੇਵਾ ਸੰਘ' ਦਾ ਗਠਨ ਕਰਕੇ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਨ ਦਾ ਤਹੱਈਆ ਕਰ ਲਿਆ ਸੀ। ਆਲ ਇੰਡੀਆ ਬੰਜਾਰਾ ਸੇਵਾ ਸੰਘ ਦੇ ਪ੍ਰਧਾਨ ਵਜੋਂ ਉਹਨਾਂ ਨੇ ਵਰਣਨਯੋਗ ਕੰਮ ਕੀਤਾ। ਹਾਲਾਂਕਿ ਇਕ ਮੁੱਖ ਮੰਤਰੀ ਵਜੋਂ ਉਹ ਸੂਬੇ ਦੇ ਕੰਮਕਾਜ ਵਿਚ ਅੰਤਾਂ ਦੇ ਸਰਗਰਮ ਸਨ ਪਰ ਆਪਣੇ ਭਾਈਚਾਰੇ ਦੀ ਤਰੱਕੀ ਲਈ ਉਹਨਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਹਨਾਂ ਤੋਂ ਬਾਅਦ ਉਹਨਾਂ ਦੇ ਭਤੀਜੇ ਸਵ: ਸੁਧਾਕਰ ਨਾਇਕ ਵੀ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ ਉਪਰ ਰਹੇ ਅਤੇ ਬਾਅਦ ਵਿਚ ਸੁਧਾਕਰ ਨਾਇਕ ਦੇ ਛੋਟੇ ਭਰਾ ਸ੍ਰੀ ਮਨੋਹਰ ਨਾਇਕ ਮਹਾਰਾਸ਼ਟਰ ਦੇ ਮੰਤਰੀ ਮੰਡਲ ਵਿਚ ਸ਼ਰਦ ਪਵਾਰ ਦੀ ਪਾਰਟੀ ਵੱਲੋਂ ਸੁਸ਼ੋਭਿਤ ਰਹੇ ਹਨ। ਵਸੰਤ ਰਾਓ ਨਾਇਕ ਨੇ ਸਮਾਜ ਵਿਚਲੇ ਆਪਣੇ ਸਾਥੀਆਂ ਦੀ ਮਦਦ ਨਾਲ ਕੌਮੀ ਪੱਧਰ ਉਤੇ ਵੱਖ-ਵੱਖ ਨਾਵਾਂ ਹੇਠ ਖਿੱਲਰੇ ਬੰਜਾਰਾ ਸਮਾਜ ਨੂੰ ਇਕ ਪਲੇਟਫਾਰਮ ਉਪਰ ਲਿਆਉਣ ਲਈ ਬਹੁਤ ਜੱਦੋਜਹਿਦ ਕੀਤੀ। ਉਹਨਾਂ ਦੀ ਟੀਮ ਵੱਲੋਂ ਕੀਤੀਆਂ ਗਈਆਂ ਉਸ ਵੇਲੇ ਦੀਆਂ 'ਬੰਜਾਰਾ ਰੈਲੀਆਂ' ਨੂੰ ਹੁਣ ਵੀ ਬੰਜਾਰਾ ਕਬੀਲੇ ਦੇ ਬਜ਼ੁਰਗ ਯਾਦ ਕਰਦੇ ਹਨ। ਇਹ ਵਸੰਤ ਰਾਓ ਨਾਇਕ ਅਤੇ ਉਹਨਾਂ ਦੀ ਟੀਮ ਵੱਲੋਂ ਕੀਤੇ ਗਏ ਸੰਘਰਸ਼ ਦਾ ਸਿੱਟਾ ਹੀ ਹੈ ਕਿ ਪੂਰੇ ਭਾਰਤ ਵਿਚ ਵੱਸਦਾ ਬੰਜਾਰਾ ਸਮਾਜ, ਜਿਸਦੀ ਸੰਖਿਆ ਦਸ ਕਰੋੜ ਮੰਨੀ ਜਾਂਦੀ ਹੈ, ਇਕ ਸੂਤਰ ਵਿਚ ਪਰੋਇਆ ਗਿਆ ਹੈ।

ਅਜਿਹੇ ਮਹਾਨ ਵਿਅਕਤੀ ਦੀ ਯਾਦ ਵਿਚ ਸਥਾਪਤ ਕੀਤੇ ਗਏ ਐਵਾਰਡ ਨੂੰ, ਡਾ. ਮੋਹਨ ਤਿਆਗੀ ਵਰਗੇ ਵਿਦਵਾਨ ਨੂੰ ਭੇਟ ਕਰਨਾ ਆਪਣੇ ਆਪ ਵਿਚ ਮਾਣ ਵਾਲੀ ਗੱਲ ਹੈ। ਡਾ. ਮੋਹਨ ਤਿਆਗੀ ਦਾ ਪੂਰਾ ਜੀਵਨ ਹੀ ਸੰਘਰਸ਼ ਨੂੰ ਸਮਰਪਿਤ ਰਿਹਾ ਹੈ। ਡਾ. ਮੋਹਨ ਤਿਆਗੀ ਨੂੰ ਬਚਪਨ ਤੋਂ ਸੰਘਰਸ਼ ਕਰਦੇ ਨੂੰ ਦੇਖਣ ਦਾ ਸੁਭਾਗ ਮੈਨੂੰ ਪ੍ਰਾਪਤ ਹੋਇਆ ਹੈ। ਅੱਜ ਜਦੋਂ ਮੈਂ ਉਸਨੂੰ ਸਫਲਤਾ ਦੇ ਮੁਕਾਮ ਉਤੇ ਦੇਖਦਾ ਹਾਂ ਤਾਂ ਇਕ ਸੋਚ ਜ਼ਰੂਰ ਮੇਰੇ ਦਿਮਾਗ ਵਿਚ ਉਭਰਦੀ ਹੈ ਕਿ ਇੰਨੇ ਸੰਘਰਸ਼ ਤੋਂ ਬਾਅਦ ਸਫਲਤਾ ਤੀਕ ਪੁੱਜਣਾ ਕਿਸੇ ਸਧਾਰਨ ਵਿਅਕਤੀ ਦਾ ਕੰਮ ਨਹੀਂ ਹੋ ਸਕਦਾ। ਉਸ ਦੇ ਸਿਰੜ ਨੂੰ ਸਲਾਮ ਕਰਨਾ ਬਣਦਾ ਹੈ।

ਡਾ. ਮੋਹਨ ਤਿਆਗੀ ਵੱਲੋਂ ਬਾਜ਼ੀਗਰ ਕਬੀਲੇ ਬਾਰੇ ਕੀਤੇ ਗਏ ਖੋਜ ਦੇ ਕੰਮ ਨੂੰ ਜਦੋਂ ਮੈਂ ਦੇਖਦਾ ਹਾਂ ਤਾਂ ਮੇਰੇ ਮਨ ਵਿਚ ਉਸ ਪ੍ਰਤੀ ਸਤਿਕਾਰ ਹੋਰ ਵੀ ਵੱਧ ਜਾਂਦਾ ਹੈ। ਉਹ ਲਿਖਦਾ ਹੈ ਕਿ ''ਮੁਗਲ ਕਾਲ ਵਿਚ ਕਬੀਲਿਆਂ ਦੀ ਦੁਰਗਤੀ ਨੇ ਕਬੀਲਿਆਂ ਦੇ ਗੌਰਵ ਅਤੇ ਸਵੈਮਾਣ ਨੂੰ ਗਹਿਰੀ ਸੱਟ ਮਾਰੀ ਪਰ ਇਸ ਸਭ ਦੇ ਬਾਵਜੂਦ ਵੀ ਕਬੀਲੇ ਦੇ ਲੋਕਾਂ ਵਿਚ ਇਹ ਧਾਰਨਾ ਬਣੀ ਰਹੀ ਕਿ ਇਕ ਨਾ ਇਕ ਦਿਨ ਉਹਨਾਂ ਦੇ ਖੋਹੇ ਹੋਏ ਰਾਜ ਦੀਆਂ ਚਾਬੀਆਂ ਉਹਨਾਂ ਨੂੰ ਜ਼ਰੂਰ ਮਿਲਣਗੀਆਂ। ਲੱਗਭੱਗ ਹਰ ਇਕ ਬਾਜ਼ੀਗਰ ਸਭਾ ਅਤੇ ਮਹਾਂ ਸਭਾ 'ਢੋਅ' ਵਿਚ ਇਹ ਗੱਲ ਵਾਰ-ਵਾਰ ਦੁਹਰਾਈ ਜਾਂਦੀ ਹੈ। ਬਾਜ਼ੀਗਰ ਮਹਾਂ ਸਭਾ 'ਢੋਅ' ਦੀ ਸਰੰਚਨਾ ਬੜੀ ਪੀਡੀ ਤੇ ਵਿਧੀਵਤ ਢੰਗ ਨਾਲ ਬਣੀ ਹੋਈ ਹੈ। ਕਈ ਸੌ ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਇਹ ਸਰੰਚਨਾ ਉਸੇ ਤਰ੍ਹਾਂ ਮੂਲ ਰੂਪ ਵਿਚ ਕੰਮ ਕਰਦੀ ਆ ਰਹੀ ਹੈ। ਇਸ ਵਿਚ ਕਬੀਲੇ ਦੇ ਹਰ ਇਕ ਗੋਤਰ ਨੂੰ ਕਿਸੇ ਨਾ ਕਿਸੇ ਰੂਪ ਵਿਚ ਯੋਗ ਪ੍ਰਤੀਨਿਧਤਾ ਦਿੱਤੀ ਗਈ ਹੈ। ਮਹਾਂ ਸਭਾ 'ਢੋਅ' ਦੁਆਰਾ ਦੰਡ ਅਤੇ ਸਜ਼ਾ ਕੇਵਲ ਸੰਕੇਤਕ ਰੂਪ ਵਿਚ ਦਿੱਤੇ ਜਾਂਦੇ ਹਨ। ਸੰਕੇਤਕ ਸਜ਼ਾ ਦਾ ਅਸਰ ਵੀ ਪੀੜ੍ਹੀਆਂ ਤੱਕ ਕਾਇਮ ਰਹਿੰਦਾ ਹੈ। ਕਿਸੇ ਵੀ ਗੰਭੀਰ ਦੋਸ਼ ਦੀ ਸੂਰਤ ਵਿਚ, ਜਦੋਂ ਕਿ ਕਬੀਲੇ ਦੀ ਮਾਣ ਪ੍ਰਤਿਸ਼ਠਾ ਨੂੰ ਕੋਈ ਠੇਸ ਪਹੁੰਚਦੀ ਹੋਵੇ, ਦੋਸ਼ੀ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਬਾਜ਼ੀਗਰ ਕਬੀਲੇ ਦਾ ਮੁੱਖ ਧੰਦਾ ਪਸ਼ੂ ਪਾਲਣਾ ਅਤੇ ਵਪਾਰ ਕਰਨਾ ਰਿਹਾ ਹੈ।'' ਗੱਲ ਕੀ ਡਾ. ਮੋਹਨ ਤਿਆਗੀ ਦੀ ਪੈਨੀ ਨਜ਼ਰ ਤੋਂ ਕਬੀਲੇ ਦੇ ਰੀਤੀ ਰਿਵਾਜਾਂ ਨੂੰ ਡੂੰਘਾਈ ਤੱਕ ਦੇਖਿਆ ਜਾ ਸਕਦਾ ਹੈ।

ਡਾ. ਮੋਹਨ ਤਿਆਗੀ ਨੇ ਬਾਜ਼ੀਗਰ-ਬੰਜਾਰਾ ਕਬੀਲੇ ਬਾਰੇ ਕਈ ਅਜਿਹੀਆਂ ਸਚਾਈਆਂ ਨੂੰ ਪਕੜ ਵਿਚ ਲਿਆਂਦਾ ਹੈ ਜੋ ਕੋਈ ਆਮ ਵਿਦਵਾਨ ਇਸ ਤਹਿ ਤੀਕ ਨਹੀਂ ਪਹੁੰਚ ਸਕਦਾ ਸੀ। ਡਾ. ਤਿਆਗੀ ਅੱਗੇ ਲਿਖਦੇ ਹਨ ਕਿ ''ਬਾਜ਼ੀਗਰ ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਵਿਅਕਤੀ ਨੂੰ 'ਕੌਰ' ਆਖ ਕੇ ਬੁਲਾਉਂਦੇ ਹਨ। ਕੌਰ ਤੋਂ ਭਾਵ ਇਕ ਅਜਨਬੀ ਵਿਅਕਤੀ ਤੋਂ ਹੈ। ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਵਿਅਕਤੀਆਂ ਨਾਲ ਇਕ ਨਿਸ਼ਚਿਤ ਦੂਰੀ ਬਣਾ ਕੇ ਰੱਖਦੇ ਹਨ ਅਤੇ ਇਹ ਦੂਰੀ ਅੱਜ ਵੀ ਉਸੇ ਤਰ੍ਹਾਂ ਬਰਕਰਾਰ ਰੱਖੀ ਜਾਂਦੀ ਹੈ। ਇਸ ਵਰਤਾਰੇ ਪਿੱਛੇ ਕਬੀਲੇ ਦਾ ਸੰਘਰਸ਼ ਭਰਿਆ ਲੰਮਾ ਇਤਿਹਾਸ, ਟੋਟਮ ਅਤੇ ਟੈਬੂ ਕਾਰਜਸ਼ੀਲ ਰਹਿੰਦੇ ਹਨ। ਅੱਜ ਬਦਲਦੀਆਂ ਵਿਸ਼ਵ ਪ੍ਰਸਥਿਤੀਆਂ ਵਿਚ ਜਦਕਿ ਗਲੋਬ ਇਕ ਪਿੰਡ ਵਿਚ ਤਬਦੀਲ ਹੋ ਗਿਆ ਹੈ ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਆਪਣੀ ਭਾਸ਼ਾ, ਸਭਿਆਚਾਰ ਅਤੇ ਪੁਰਖਾ ਮਾਨਤਾਵਾਂ ਨੂੰ ਮੂਲ ਰੂਪ ਵਿਚ ਜੀਵਤ ਰੱਖਿਆ ਹੋਇਆ ਹੈ। ਇਹੀ ਇਸ ਕਬੀਲੇ ਦੇ ਅਧਿਐਨ ਦੀ ਵਿਸ਼ੇਸ਼ਤਾ ਹੈ।''

ਡਾ. ਮੋਹਨ ਤਿਆਗੀ ਬਾਜ਼ੀਗਰ ਕਬੀਲੇ ਬਾਰੇ ਅਧਿਐਨ ਨੂੰ ਇਕ ਪੁਖਤਾ ਪਹੁੰਚ ਅਪਣਾਉਂਦੇ ਹੋਏ ਲਿਖਦੇ ਹਨ, ''ਸਮਕਾਲੀ ਪ੍ਰਸਥਿਤੀਆਂ ਵਿਚ ਜਦੋਂ ਕਿ ਬਾਜ਼ਾਰ ਨਿੱਕੇ-ਨਿੱਕੇ ਸਭਿਆਚਾਰਾਂ ਨੂੰ ਆਪਣਾ ਆਹਾਰ ਬਣਾ ਰਿਹਾ ਹੈ, ਬਾਜ਼ੀਗਰ ਕਬੀਲੇ ਦੇ ਲੋਕ ਵੀ ਇਸ ਪਰਿਵਰਤਨ ਤੋਂ ਅਭਿੱਜ ਨਹੀਂ ਰਹਿ ਸਕੇ ਪਰ ਇਹ ਪਰਿਵਰਤਨ ਕੇਵਲ ਬਾਹਰੀ ਰੂਪ ਤੱਕ ਹੀ ਸੀਮਤ ਹੈ।

ਆਂਤਰਿਕ ਰੂਪ ਵਿਚ ਕਬੀਲੇ ਦਾ ਸੰਗਠਨਾਤਮਕ ਢਾਂਚਾ ਕਾਫੀ ਕਠੋਰ ਅਤੇ ਮਜ਼ਬੂਤ ਹੈ। ਬਾਜ਼ੀਗਰ ਕਬੀਲਾ ਆਪਣੇ-ਆਪ ਨੂੰ ਇਕ ਦੂਜੇ ਤੋਂ ਗੋਤਰ ਦੇ ਨਾਂ ਤੋਂ ਨਿਖੇੜ ਕੇ ਵੇਖਦਾ ਹੈ, ਭਾਵ ਕਬੀਲੇ ਵਿਚ ਗੋਤਰ ਪ੍ਰਭੂਸੱਤਾ ਪਾਈ ਜਾਂਦੀ ਹੈ, ਜਿਸ ਉਤੇ ਸਾਰੇ ਕਬੀਲੇ ਦਾ ਕਾਰ ਵਿਹਾਰ, ਵਿਆਹ ਪ੍ਰਬੰਧ ਤੇ ਹੋਰ ਸੰਸਕਾਰ ਟਿਕੇ ਹੁੰਦੇ ਹਨ।'' ਡਾ. ਤਿਆਗੀ ਲਿਖਦਾ ਹੈ ਕਿ ''ਬਾਜ਼ੀਗਰ ਕਬੀਲੇ ਵਿਚ 'ਧਰਮਸੋਤ' ਗੋਤਰ ਨੂੰ ਸਰਵਉਚ ਗੋਤਰ ਗਿਣਿਆ ਜਾਂਦਾ ਹੈ।

'ਧਰਮਸੋਤ' ਗੋਤਰ ਦੀ ਇਹੀ ਪ੍ਰਭੂਸੱਤਾ ਆਦਿ ਕਾਲ ਤੋਂ ਹੀ ਚਲੀ ਆਉਂਦੀ ਹੈ। ਕਬੀਲੇ ਵਿਚ ਕੋਈ ਵੀ ਝਗੜਾ ਹੋਣ ਦੀ ਸੂਰਤ ਵਿਚ 'ਧਰਮਸੋਤ' ਗੋਤਰ ਦੇ ਲੋਕ ਹੀ ਸੁਣਵਾਈ ਕਰਦੇ ਹਨ ਅਤੇ 'ਲਾਲਕਾ' ਗੋਤਰ ਦੇ ਲੋਕ ਸਹਿਯੋਗੀ ਦੇ ਰੂਪ ਵਿਚ ਮੋਹਰੀ ਭੂਮਿਕਾ ਨਿਭਾਉਂਦੇ ਹਨ।''

ਡਾ. ਮੋਹਨ ਤਿਆਗੀ ਨੂੰ ਬਾਜ਼ੀਗਰ-ਬੰਜਾਰਾ ਐਸੋਸੀਏਸ਼ਨ ਕੈਲੀਫੋਰਨੀਆ (ਯੂ. ਐਸ. ਏ.) ਵੱਲੋਂ ''ਵਸੰਤ ਰਾਓ ਨਾਇਕ ਯਾਦਗਾਰੀ ਸਨਮਾਨ'' ਭੇਟ ਕਰਨ ਉਤੇ ਬਹੁਤ-ਬਹੁਤ ਵਧਾਈ। ਉਹਨਾਂ ਦੀ ਪੁਸਤਕ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਨੈਸ਼ਨਲ ਬੁੱਕ ਟਰੱਸਟ ਇੰਡੀਆ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ।

# ਲੋਕ-ਪੱਖੀ ਰਾਜਨੀਤੀ ਦਾ ਸਿੰਬਲ- ਸ੍ਰੀ ਵਸੰਤ ਰਾਓ ਨਾਇਕ




ਸ੍ਰੀ ਵਸੰਤ ਰਾਓ ਨਾਇਕ ਦਾ ਜਨਮ 1 ਜੁਲਾਈ, 1913 ਨੂੰ ਮਹਾਰਾਸ਼ਟਰ ਰਾਜ ਦੇ ਜ਼ਿਲ੍ਹਾ ਯਾਵਾਤਮਲ ਦੀ ਪੁਸਾਦ ਤਲੂਕਾ ਵਿਚ ਇਕ ਸਧਾਰਨ ਬੰਜਾਰਾ ਪਰਿਵਾਰ ਵਿਚ ਹੋਇਆ। ਉਹਨਾਂ ਨੇ ਆਪਣੀ ਦਸਵੀਂ ਦੀ ਪ੍ਰੀਖਿਆ ਨੀਲ ਸਿਟੀ ਹਾਈ ਸਕੂਲ, ਨਾਗਪੁਰ ਤੋਂ ਪਾਸ ਕਰਨ ਉਪਰੰਤ ਉਥੋਂ ਦੇ ਮੋਰਿਸ ਕਾਲਜ ਵਿਚ ਬੀ. ਏ. ਦੀ ਡਿਗਰੀ ਪਾਸ ਕੀਤੀ। ਇਸ ਤੋਂ ਬਾਅਦ ਉਹਨਾਂ ਨੇ ਯੂਨੀਵਰਸਿਟੀ ਲਾਅ ਕਾਲਜ ਨਾਗਪੁਰ ਤੋਂ ਐਲ. ਐਲ. ਬੀ. ਕਰਨ ਉਪਰੰਤ ਅਮਰਾਵਤੀ ਦੇ ਪ੍ਰਸਿੱਧ ਬੈਰਿਸਟਰ ਪੰਜਾਬ ਰਾਓ ਦੇਸ਼ਮੁੱਖ ਦੀ ਰਹਿਨੁਮਾਈ ਵਿਚ ਵਕਾਲਤ ਸ਼ੁਰੂ ਕੀਤੀ। ਇਹ ਉਹ ਸਮਾਂ ਸੀ ਜਦੋਂ ਉਹ ਰਾਜਨੀਤੀ ਵਿਚ ਪੂਰੀ ਤਰ੍ਹਾਂ ਸਰਗਰਮ ਹੋ ਗਏ ਸਨ। ਰਾਜਨੀਤੀ ਵਿਚ ਉਨ੍ਹਾਂ ਦਾ ਉਭਾਰ ਪੁਸਾਦ ਮਿਊਂਸਪਲਟੀ ਦਾ ਪਹਿਲੀ ਵਾਰ ਪ੍ਰਧਾਨ ਨਿਯੁਕਤ ਹੋਣ ’ਤੇ ਹੋਇਆ। ਦੇਸ਼ ਦੀਆਂ ਪਹਿਲੀਆਂ ਆਮ ਚੋਣਾਂ ਵਿਚ ਉਹ ਮੱਧ ਪ੍ਰਦੇਸ਼ ਸਰਕਾਰ ਵਿਚ ਰੈਵੇਨਿਊ ਵਿਭਾਗ ਵਿਚ ਬਤੌਰ ਡਿਪਟੀ ਮਨਿਸਟਰ ਵਜੋਂ ਕਾਰਜਸ਼ੀਲ ਹੋਏ। ਰਾਜਾਂ ਦੇ ਪੁਨਰਗਠਨ ਤੋਂ ਬਾਅਦ ਉਹਨਾਂ ਨੂੰ ਮੁੰਬਈ ਰਾਜ ਦੀ ਸਰਕਾਰ ਵਿਚ ਖੇਤੀ, ਸਹਿਕਾਰਤਾ ਅਤੇ ਡੇਅਰੀ ਡਿਵੈਲਪਮੈਂਟ ਮਨਿਸਟਰ ਨਿਯੁਕਤ ਕੀਤਾ ਗਿਆ। ਇਸ ਤਰ੍ਹਾਂ ਦਿਨ ਰਾਤ ਲੋਕ ਸੇਵਾ ਅਤੇ ਦ੍ਰਿੜ੍ਹ ਨਿਸ਼ਚੇ ਦੀ ਮਸ਼ਾਲ ਫੜੀ ਉਹ 5 ਦਸੰਬਰ 1963 ਨੂੰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਸਨਮਾਨ ਜਨਕ ਅਹੁਦੇ ਤੇ ਬਿਰਾਜਮਾਨ ਹੋਏ। ਇਸ ਤੋਂ ਤੁਰੰਤ ਬਾਅਦ 1967 ਦੀਆਂ ਆਮ ਚੋਣਾਂ ਜਿੱਤਣ ਤੋਂ ਬਾਅਦ ਉਹ ਇਕ ਵਾਰ ਫਿਰ ਸਰਬ-ਸੰਮਤੀ ਨਾਲ ਮੁੱਖ ਮੰਤਰੀ ਦੇ ਸਨਮਾਨਯੋਗ ਅਹੁਦੇ ਤੇ ਬਿਰਾਜਮਾਨ ਹੋਏ। ਸਵਰਗੀ ਵਸੰਤ ਰਾਓ ਨਾਇਕ ਭਾਵੇਂ ਰੰਗ ਬਿਰੰਗੇ ਬੰਜਾਰਾ ਕਬੀਲਾਈ ਸੱਭਿਆਚਾਰ ਵਿਚੋਂ ਉਦੈ ਹੋ ਕੇ ਮਹਾਰਾਸ਼ਟਰ ਦੀ ਰਾਜ ਸੱਤਾ ਦੇ ਧਰੂ ਤਾਰੇ ਬਣ ਗਏ ਸਨ ਪਰ ਉਹਨਾਂ ਨੇ ਆਪਣੇ ਰਾਜ ਅਤੇ ਆਪਣੇ ਲੋਕਾਂ ਪ੍ਰਤੀ ਇਕ ਆਤਮਕ ਅਹਿਦਨਾਮਾ ਦਸਤਖ਼ਤ ਕੀਤਾ ਹੋਇਆ ਸੀ, ਜਿਸਨੂੰ ਉਹ ਲਾਗੂ ਕਰਨ ਲਈ ਹਰ ਵੇਲੇ ਤਤਪਰ ਰਹਿੰਦੇ ਸਨ, ਇਹੀ ਕਾਰਨ ਸੀ ਕਿ ਉਹ ਕਿਸਾਨਾਂ ਅਤੇ ਕਿਰਤੀਆਂ ਪ੍ਰਤੀ ਗਹਿਰੀ ਮਨੋਭਾਵਨਾ ਅਤੇ ਨਿਸ਼ਠਾ ਰੱਖਦੇ ਸਨ। ਉਹ ਇਕ ਡੂੰਘੀ ਦ੍ਰਿਸ਼ਟੀ ਵਾਲੀ ਬਹੁਪੱਖੀ ਸ਼ਖਸੀਅਤ ਸਨ। ਉਹ ਆਪਣੇ ਸਮੇਂ ਦੇ ਪ੍ਰਸਿੱਧ ਨਾਵਲਕਾਰਾਂ ‘ਹਰੀਭਾਓ ਅਪਟੇ’ ਅਤੇ ‘ਨਾਥਮਾਧਣ’ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸਨ। ਇਸ ਤੋਂ ਇਲਾਵਾ ਉਹਨਾਂ ਦੇ ਮਹਾਤਮਾ ਫੂਲੇ ਅਤੇ ਸੇਨ ਗੁਰੂ ਜੀ ਦੇ ਅਧਿਆਤਮਕ ਦਰਸ਼ਨ ਦਾ ਵੀ ਗਹਿਰਾ ਪ੍ਰਭਾਵ ਸੀ। ਇਹਨਾਂ ਮਹਾਂ ਪੁਰਸ਼ਾਂ ਦੀ ਵਿਚਾਰਧਾਰਾ ਦੇ ਅੰਤਰਗਤ ਉਹਨਾਂ ਨੇ ਛੂਆ-ਛਾਤ, ਨਾਰੀ ਸਿੱਖਿਆ ਅਤੇ ਸਮਾਜਿਕ ਕ੍ਰਾਂਤੀ ਦੇ ਸੰਕਲਪਾਂ ਨੂੰ ਜੀਵਨ ਵਿਹਾਰ ਵਿਚ ਲਿਆਂਦਾ। ਇਨ੍ਹਾਂ ਵਿਚਾਰਾਂ ਦੇ ਅੰਤਰਗਤ ਡਾ. ਬੀ. ਆਰ. ਅੰਬੇਦਕਰ ਅਤੇ ਡੇਲ ਕਰਨੇਗੀ ਦੇ ਸਮਾਜਿਕ ਸੰਘਰਸ਼ ਨੇ ਉਹਨਾਂ ਨੂੰ ਧੁਰ ਅੰਦਰ ਤੀਕ ਪ੍ਰਭਾਵਿਤ ਕੀਤਾ।

ਉਹ ਮਹਾਰਾਸ਼ਟਰ ਵਿਚ ਹਰੇ ਇਨਕਲਾਬ ਅਤੇ ਚਿੱਟੇ ਇਨਕਲਾਬ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਖੇਤੀਬਾੜੀ ਅਤੇ ਡੇਅਰੀ ਸੈਕਟਰ ਵਿਚ ਅਜਿਹੇ ਯਾਦਗਾਰੀ ਸੁਧਾਰ ਕੀਤੇ ਜਿਹਨਾਂ ਨਾਲ ਸਿਰਫ ਕੇਵਲ ਮਹਾਰਾਸ਼ਟਰ ਹੀ ਆਤਮ-ਸੰਪੰਨ ਨਹੀਂ ਹੋਇਆ ਸਗੋਂ ਉਹ ਪੂਰੇ ਦੇਸ਼ ਦੇ ਰਾਜਾਂ ਲਈ ਇਕ ਮਿਸਾਲ ਬਣ ਗਏ ਸਨ। ਉਹ ਖੇਤੀਬਾੜੀ ਆਰਥਿਕਤਾ, ਉਦਯੋਗ, ਸਮਾਜ ਅਤੇ ਰਾਜਨੀਤਿਕ ਹਲਕਿਆਂ ਵਿਚ ਕੀਤੇ ਵਿਕਾਸ ਕਾਰਨ ਇਕ ਸਫਲ ਰਾਜਨੇਤਾ ਵਜੋਂ ਉਭਰ ਕੇ ਸਾਹਮਣੇ ਆਏ। ਇਹੀ ਕਾਰਨ ਸੀ ਕਿ ਉਹਨਾਂ ਦੇ ਰਾਜਨੀਤਿਕ ਜੀਵਨ ਵਿਚ ਲਗਾਤਾਰ ਗਤੀਸ਼ੀਲਤਾ ਅਤੇ ਪ੍ਰਗਤੀ ਬਣੀ ਰਹੀ। ਉਹਨਾਂ ਨੇ ਆਪਣੇ ਮੁੱਖ ਮੰਤਰੀ ਵਜੋਂ ਕਾਰਜਕਾਲ ਦੌਰਾਨ ਕਈ ਮਹੱਤਵਪੂਰਨ ਫੈਸਲੇ ਲਏ ਜਿਹਨਾਂ ਨੇ ਮਹਾਰਾਸ਼ਟਰ ਰਾਜ ਨੂੰ ਪ੍ਰਗਤੀ ਦੇ ਸਫਲ ਮਾਰਗ ਤੇ ਤੋਰਿਆ। ਉਹਨਾਂ ਨੇ 14 ਫਰਵਰੀ 1964 ਨੂੰ ਮਰਾਠੀ ਨੂੰ ਰਾਜ ਭਾਸ਼ਾ ਦਾ ਰੁਤਬਾ ਦੇ ਕੇ ਇਕ ਇਤਿਹਾਸਕ ਫੈਸਲਾ ਲਿਆ ਜਿਹਨਾਂ ਨਾਲ ਹਟਕੋਰੇ ਲੈ ਰਹੀਆਂ ਖੇਤਰੀ ਭਾਸ਼ਾਵਾਂ ਨੂੰ ਪੂਰੇ ਦੇਸ਼ ਵਿਚ ਸਨਮਾਨ ਮਿਲਿਆ। ਇਸ ਤੋਂ ਇਲਾਵਾ ਉਹਨਾਂ ਨੇ ਆਪਣੇ ਰਾਜ ਵਿਚ ਹੇਠ ਲਿਖੇ ਮਹੱਤਵਪੂਰਨ ਸਮਾਜਿਕ ਆਰਥਿਕ ਅਤੇ ਰਾਜਨੀਤਿਕ ਕਾਰਜ ਕੀਤੇ, ਜਿਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

1. ਉਹਨਾਂ ਨੇ ਮਰਾਠੀ ਨੂੰ ਰਾਜ ਭਾਸ਼ਾ ਦਾ ਦਰਜਾ ਦੇ ਕੇ ਖੇਤਰੀ ਭਾਸ਼ਾਵਾਂ ਦਾ ਸਨਮਾਨ ਬਹਾਲ ਕੀਤਾ।
2. ਉਹਨਾਂ ਨੇ ਖੇਤੀਬਾੜੀ ਦੇ ਵਿਕਾਸ ਲਈ ਵਿਸ਼ੇਸ਼ ਕਦਮ ਚੁੱਕ ਕੇ ਮਹਾਰਾਸ਼ਟਰ ਦੀ ਖੇਤੀਬਾੜੀ ਆਰਥਿਕਤਾ ਨੂੰ ਸਿੱਧੀਆਂ ਲੀਹਾਂ ਤੇ ਤੋਰਿਆ।
3. ਉਹਨਾਂ ਨੇ ਵੱਡੇ ਪੱਧਰ ਤੇ ਭੂਮੀ ਸੁਧਾਰ ਕਰਕੇ ਇਹ ਭੂਮੀ ਹਲਵਾਹਕਾਂ ਦੇ ਨਾਂ ਕਰਨ ਦਾ ਮਹਾਨ ਕਾਰਜ ਕੀਤਾ। ਉਹਨਾਂ ਦਾ ਵਿਚਾਰ ਸੀ ’ਭੂਮੀ ਉਸੇ ਦੀ ਹੈ ਜੋ ਇਸ ਤੇ ਕਿਰਤ ਕਰਦਾ ਹੈ।’ ਉਹਨਾਂ ਨੇ ਇਸ ਸਬੰਧੀ ਐਕਟ ਬਣਾ ਕੇ ਕਿਰਤੀਆਂ ਦੇ ਸ਼ੋਸ਼ਣ ਨੂੰ ਰੋਕਿਆ।
4. ਉਹਨਾਂ ਨੇ ਉਦਯੋਗਿਕ ਵਿਕਾਸ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਹਨਾਂ ਨੇ ਨਾਗਪੁਰ, ਔਰੰਗਾਬਾਦ, ਨਾਸਿਕ ਅਤੇ ਲਾਤੂਰ ਜ਼ਿਲ੍ਹਿਆਂ ਵਿਚ ਉਦਯੋਗ ਸਥਾਪਤ ਕਰਕੇ ਬਹੁਤ ਸਾਰੇ ਕੰਮੀ ਕਿਰਤੀਆਂ ਲਈ ਰੋਜ਼ੀ-ਰੋਟੀ ਲਈ ਰਾਹ ਪੱਧਰਾ ਕੀਤਾ।
5. ਉਹਨਾਂ ਨੇ ਰੋਜ਼ਗਾਰ ਗਰੰਟੀ ਸਕੀਮ ਦੇ ਤਹਿਤ ਨਵੇਂ ਕਾਨੂੰਨ ਬਣਾ ਕੇ ਲੱਖਾਂ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਇਆ। ਇਹ ਸਕੀਮ ਆਦਮੀਆਂ ਅਤੇ ਔਰਤਾਂ ਲਈ ਬਰਾਬਰ ਦਾ ਦਰਜਾ ਰੱਖਦੀ ਹੈ। ਉਹਨਾਂ ਨੇ ਕਾਲ ਗ੍ਰਸਤ ਇਲਾਕਿਆਂ ਵਿਚ ਖੂਹ ਅਤੇ ਝੀਲਾਂ ਬਣਵਾ ਕੇ ਇਸ ਬੰਜਰ ਭੂਮੀ ਨੂੰ ਖੁਸ਼ਹਾਲੀ ਬਖਸ਼ੀ।
6. ਉਹਨਾਂ ਨੇ ਮਹਾਰਾਸ਼ਟਰ ਰਾਜ ਨੂੰ ਜੂਆ ਅਤੇ ਦੜਾ ਸੱਟਾ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਾਉਣ ਲਈ ਸਟੇਟ ਲਾਟਰੀ ਦੀ ਸਕੀਮ ਸ਼ੁਰੂ ਕੀਤੀ। ਇਸ ਨਾਲ ਜੂਆ ਖੇਡਣ ਦੀ ਪ੍ਰਵਿਰਤੀ ਨੂੰ ਕਾਫੀ ਹੱਦ ਤੱਕ ਠੱਲ੍ਹ ਪਈ ਅਤੇ ਰਾਜ ਦੀ ਆਮਦਨੀ ਵਿਚ ਵੀ ਵਾਧਾ ਹੋਇਆ।
7. ਉਹਨਾਂ ਨੇ ਕੋਟਨ ਮਨੋਪਲੀ ਸਕੀਮ ਦੇ ਤਹਿਤ ਕਿਸਾਨਾਂ ਨੂੰ ਏਜੰਟਾਂ ਅਤੇ ਵਪਾਰੀਆਂ ਦੀ ਲੁੱਟ ਤੋਂ ਬਚਾਉਣ ਲਈ ਉਹਨਾਂ ਦਾ ਮੰਡੀ ਨਾਲ ਸਿੱਧਾ ਸੰਪਰਕ ਸਥਾਪਤ ਕੀਤਾ। ਇਸ ਸਬੰਧੀ ‘ਕੌਟਨ ਕੰਪਲੀਏਸ਼ਨ ਪ੍ਰੋਸੈਸ ਅਤੇ ਸੇਲਜ਼’ ਐਕਟ ਲਾਗੂ ਕਰਕੇ ਕਿਸਾਨਾਂ ਦੇ ਹੱਕ ਵਿਚ ਫਤਵਾ ਦਿੱਤਾ। ਇਸ ਨਾਲ ਰੂੰ ਦੀ ਵਾਜਬ ਤੇ ਚੰਗੀ ਕੀਮਤ ਤਹਿ ਹੋਈ।
8. ਉਹਨਾਂ ਨੇ ਨਵੀਂ ਮੁੰਬਈ ਦੀ ਉਸਾਰੀ ਕਰਵਾ ਕੇ ਇਸ ਦੇ ਵਾਧੇ ਦੇ ਵਿਕਾਸ ਲਈ ਵਿਸ਼ੇਸ਼ ਉਦਮ ਕੀਤਾ। ਇਸ ਨਾਲ ਮੁੰਬਈ ਆਧੁਨਿਕ ਉਦਯੋਗਾਂ ਦੇ ਖੇਤਰ ਵਿਚ ਵਿਸ਼ੇਸ਼ ਮੋਹਰੀ ਬਣਿਆ।




9. ਉਹਨਾਂ ਨੇ ਪਿੰਡਾਂ ਵਿਚ ਘਰ ਘਰ ਬਿਜਲੀ ਪਹੁੰਚਾਉਣ ਲਈ ਮਹਾਰਾਸ਼ਟਰਾ ਰਾਜ ਬਿਜਲੀ ਬੋਰਡ ਨੂੰ ਵਿਸ਼ੇਸ਼ ਸਰਗਰਮੀ ਅਤੇ ਨਿਗਰਾਨੀ ਹੇਠ ਲਿਆਂਦਾ। ਭਾਵੇਂ ਕਿ ਮਹਾਰਾਸ਼ਟਰਾ ਦੇ ਪੇਂਡੂ ਲੋਕਾਂ ਨੂੰ ਬਿਜਲੀ ਦੀ ਸਪਲਾਈ ਦੇਣੀ ਇਕ ਵੰਗਾਰ ਭਰਿਆ ਕੰਮ ਸੀ। ਪਰ ਉਹਨਾਂ ਨੇ ਖਪਰਖੇੜਾ, ਪਾਰਸ, ਬੁਸਾਵਲ, ਪੋਫਾਲੀ ਅਤੇ ਜ਼ੇਲਦਾਰੀ ਹਾਈਡ੍ਰੋ ਪ੍ਰੋਜੈਕਟਾਂ ਨੂੰ ਕਮਿਸ਼ਨ ਦੇ ਕੇ ਬਿਜਲੀ ਦੀ ਸਪਲਾਈ ਸ਼ੁਰੂ ਕਰਵਾਈ।
10. 1972 ਵਿਚ ਮਹਾਰਾਸ਼ਟਰਾ ਵਿਚ ਪਏ ਗੰਭੀਰ ਕਾਲ ਕਾਰਨ ਉਹਨਾਂ ਨੇ ਕਾਲ ਗ੍ਰਸਤ ਇਲਾਕਿਆਂ ਵਿਚ ਇਸ ਕੁਦਰਤੀ ਆਫਤ ਦਾ ਸਾਹਮਣਾ ਕਰਨ ਲਈ ਵਿਸ਼ੇਸ਼ ਕਾਰਜ ਕੀਤੇ। ਉਹਨਾਂ ਨੇ ਇਸ ਸੰਕਟ-ਕਾਲੀਨ ਸਮੇਂ ਲੋਕਾਂ ਨੂੰ ਰੋਜ਼ੀ ਰੋਟੀ ਦੇਣ ਦੇ ਨਾਲ ਨਾਲ ਉਹਨਾਂ ਦੇ ਬੱਚਿਆਂ ਦੀਆਂ ਫੀਸਾਂ ਦੇਣ ਦਾ ਵੀ ਵਿਸ਼ੇਸ਼ ਪ੍ਰਬੰਧ ਕੀਤਾ।
11. ਉਹਨਾਂ ਨੇ ਰਾਜ ਵਿਚ ਖੇਤੀਬਾੜੀ ਯੂਨੀਵਰਸਿਟੀਆਂ ਦੀ ਸਥਾਪਨਾ ਕਰਕੇ ਖੇਤੀਬਾੜੀ ਸੈਕਟਰ ਵਿਚ ਇਕ ਨਵਾਂ ਇਨਕਲਾਬ ਲਿਆਂਦਾ ਜਿਹਨਾਂ ਤੋਂ ਰਾਜ ਦੀ ਖੇਤੀਬਾੜੀ ਦੀ ਸੰਪਨਤਾ ਅਤੇ ਖੁਸ਼ਹਾਲੀ ਦਾ ਮੁੱਢ ਬੱਝਿਆ। ਅਹਿਮਦਨਗਰ, ਅਕੋਲਾ, ਪਾਰਾਭਾਨੀ ਅਤੇ ਦਪੋਲੀ ਦੀਆਂ ਖੇਤੀਬਾੜੀ ਯੂਨੀਵਰਸਿਟੀਆਂ ਇਸ ਦੀ ਇਕ ਸ਼ਕਤੀਸ਼ਾਲੀ ਉਦਾਹਰਣ ਹਨ।

ਇਹ ਉਹਨਾਂ ਦੀ ਦੂਰ-ਅੰਦੇਸ਼ੀ ਅਤੇ ਦ੍ਰਿੜ੍ਹ ਨਿਸ਼ਚਾ ਦਾ ਹੀ ਪ੍ਰਮਾਣ ਸੀ ਕਿ ਉਹਨਾਂ ਨੇ 1965 ਵਿਚ ਇਕ ਭਾਸ਼ਣ ਦੌਰਾਨ ਇਹ ਮਹੱਤਵਪੂਰਨ ਅਤੇ ਬੇਬਾਕ ਟਿੱਪਣੀ ਕੀਤੀ ਸੀ। ਇਸ ਟਿੱਪਣੀ ਵਿਚਲੇ ਬੋਲ ਸਨ, “ਜੇਕਰ ਮਹਾਰਾਸ਼ਟਰ ਦੋ ਸਾਲਾਂ ਵਿਚ ਅੰਨ-ਦਾਣੇ ਪੱਖੋਂ ਆਤਮ ਸੰਪੰਨ ਨਾ ਬਣਿਆ ਤਾਂ ਤੁਸੀਂ ਬੇਸ਼ੱਕ ਮੈਨੂੰ ਫਾਹੇ ਲਾ ਦਿਓ।’’

ਇਸ ਟਿੱਪਣੀ ਤੋਂ ਉਹਨਾਂ ਦੀ ਸਮਰੱਥਾਵਾਨ ਅਤੇ ਸ਼ਕਤੀਸ਼ਾਲੀ ਸ਼ਖਸੀਅਤ ਆਪਣੇ ਆਪ ਸਾਕਾਰ ਹੋ ਜਾਂਦੀ ਹੈ। ਉਹਨਾਂ ਦੇ ਮੁੱਖ ਮੰਤਰੀ ਵਜੋਂ ਕਾਰਜਕਾਲ ਸਮੇਂ ਮਹਾਰਾਸ਼ਟਰ ਅਜੇ ਪ੍ਰਗਤੀ ਦੇ ਮੁਢਲੇ ਦੌਰ ਵਿਚ ਸੀ। ਇਸ ਸੰਦਰਭ ਵਿਚ ਉਹਨਾਂ ਨੇ ਰਾਜ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਜਿੱਥੇ ਜ਼ਮੀਨੀ ਪੱਧਰ ਤੇ ਕੰਮ ਕੀਤਾ, ਉਥੇ ਨਾਲ ਹੀ ਪਾਣੀ ਲਈ ਖੂਹ ਤਲਾਬ ਖੁਦਵਾ ਕੇ ਅਤੇ ਵੱਡੀ ਪੱਧਰ ਤੇ ਲਿੰਕ ਰੋਡ ਬਣਵਾ ਕੇ ਵਿਕਾਸ ਵਜੋਂ ਸਿਸਕਦੇ ਪਿੰਡਾਂ ਨੂੰ ਇਕ ਨਵੀਂ ਨੁਹਾਰ ਦਿੱਤੀ। ਖੇਤੀਬਾੜੀ ਸੈਕਟਰ ਦੀ ਉਨਤੀ ਲਈ ਉਹਨਾਂ ਨੇ ਚਾਰ ਯੂਨੀਵਰਸਿਟੀਆਂ ਦੀ ਸਥਾਪਨਾ ਕਰਕੇ ਹਰੇ ਇਨਕਲਾਬ ਅਤੇ ਚਿੱਟੇ ਇਨਕਲਾਬ ਲਈ ਇਕ ਨਵਾਂ ਮੀਲ ਪੱਥਰ ਧਰਿਆ। ਵਿਕਾਸ ਦੇ ਸਬੰਧ ਵਿਚ ਸ੍ਰੀ ਵਸੰਤਰਾਓ ਨਾਇਕ ਅਤੇ ਮਹਾਰਾਸ਼ਟਰ ਨੂੰ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਉਹਨਾਂ ਨੇ ਆਪਣੇ ਗਿਆਰਾਂ ਸਾਲਾਂ ਦੇ ਮਹੱਤਵਪੂਰਨ ਕਾਰਜਕਾਲ ਦੌਰਾਨ ਮਹਾਰਾਸ਼ਟਰ ਦੇ ਨਵ-ਨਿਰਮਾਣ ਦੇ ਨਾਲ ਨਾਲ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਵੀ ਉਸਾਰੂ ਅਤੇ ਸਾਰਥਕ ਕਦਮ ਚੁੱਕੇ। ਉਹ ਆਪਣੀ ਨਿਮਰ, ਉਸਾਰੂ ਅਤੇ ਇਕਾਗਰ ਬਿਰਤੀ ਕਾਰਨ ਕੇਂਦਰੀ ਲੀਡਰਸ਼ਿਪ ਵਿਚ ਵੀ ਬਹੁਤ ਹਰਮਨ ਪਿਆਰੇ ਸਨ। ਆਪਣੇ ਇਹਨਾਂ ਉੱਤਮ ਸਦਗੁਣਾਂ ਕਾਰਨ ਉਹ ਕਾਂਗਰਸ ਪਾਰਟੀ ਦੀਆਂ ਪ੍ਰਸਿੱਧ ਸ਼ਖਸੀ-ਅਤਾਂ ਦੇ ਬਹੁਤ ਨਜ਼ਦੀਕੀ ਸਨ। ਉਹਨਾਂ ਨੇ ਰਾਜਨੀਤੀ ਦੇ ਖੇਤਰ ਵਿਚ ਆਪਣਾ ਹਰ ਇਕ ਫੈਸਲਾ ਲੋਕ-ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਲਿਆ। ਇਸ ਤਰ੍ਹਾਂ ਉਹਨਾਂ ਦੁਆਰਾ ਲਿਆ ਹੋਇਆ ਹਰ ਇਕ ਫੈਸਲਾ ਆਰਥਿਕ ਅਤੇ ਸਮਾਜਿਕ ਖੇਤਰ ਵਿਚ ਇਕ ਮੀਲ ਪੱਥਰ ਸਾਬਤ ਹੋਇਆ। ਉਹਨਾਂ ਬਾਰੇ ਭਾਰਤ ਦੇ ਉੱਘੇ ਨੇਤਾ ਸ੍ਰੀ ਸ਼ਰਦ ਪਵਾਰ ਦੇ ਵਿਚਾਰ ਵਿਸ਼ੇਸ਼ ਤੌਰ ਤੇ ਜ਼ਿਕਰਯੋਗ ਹਨ। ਸ੍ਰੀ ਸ਼ਰਦ ਪਵਾਰ ਨੇ ਉਹਨਾਂ ਬਾਰੇ ਆਪਣੀਆਂ ਭਾਵਨਾਵਾਂ ਵਿਅਕਤ ਕਰਦੇ ਹੋਏ ਕਿਹਾ ਸੀ:

“ਇਹ ਕੋਈ ਅਤਿਕਥਨੀ ਨਹੀਂ ਕਿ ਜੇਕਰ ਯਸ਼ਵੰਤ ਰਾਓ ਚਵਾਨ ਨੇ ਮਾਡਰਨ ਮਹਾਰਾਸ਼ਟਰਾ ਦਾ ਨੀਂਹ ਪੱਥਰ ਰੱਖਿਆ ਸੀ ਤਾਂ ਵਸੰਤ ਰਾਓ ਨਾਇਕ ਨੇ ਇਸਨੂੰ ਵਿਕਾਸ ਦੇ ਸਿਖਰ ਤੇ ਪਹੁੰਚਾਇਆ।’’

ਸਿਰਫ ਇਹੀ ਨਹੀਂ ਮਰਾਠੀ ਦੇ ਪ੍ਰਸਿੱਧ ਲੇਖਕ ਅਤੇ ਮਰਾਠੀ ਦੀ ਦੈਨਿਕ ਅਖ਼ਬਾਰ ‘ਲੋਕਮੱਤ’ ਦੇ ਸੰਪਾਦਕ ਸੁਰੇਸ਼ ਦਵਾਦਾਸ਼ੀਵਰ ਦੇ ਉਹਨਾਂ ਬਾਰੇ ਇਹ ਸ਼ਬਦ ਵਿਸ਼ੇਸ਼ ਮਹੱਤਤਾ ਦੇ ਧਾਰਨੀ ਹਨ। ਉਹਨਾਂ ਅਨੁਸਾਰ, “ਉਹ ਆਪਣੇ ਸਾਹਮਣੇ ਸਮੱਸਿਆਵਾਂ ਨੂੰ ਵੇਖ ਕੇ ਭਾਰ ਮਹਿਸੂਸ ਨਹੀਂ ਸੀ ਕਰਦੇ ਅਤੇ ਨਾ ਹੀ ਇਹਨਾਂ ਸਮੱਸਿਆਵਾਂ ਕਾਰਨ ਆਪਣੀ ਦੂਰ ਦ੍ਰਿਸ਼ਟੀ ਨੂੰ ਧੁੰਦਲਾ ਹੋਣ ਦਿੰਦੇ ਸਨ।’’ ਇਕ ਵਾਰ ਉੱਘੇ ਨੇਤਾ ਸ੍ਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਉਹਨਾਂ ਦੀ ਅਜ਼ੀਮ ਸ਼ਖਸੀਅਤ ਬਾਰੇ ਬੋਲਦਿਆਂ ਕਿਹਾ ਸੀ, “ਸ੍ਰੀ ਵਸੰਤ ਰਾਓ ਨਾਇਕ ਨੇ ਆਪਣੇ ਆਲੇ ਦੁਆਲੇ ਵਿਚਰ ਰਹੇ ਲੋਕਾਂ ਦੀਆਂ ਸਮੱਸਿਆਵਾਂ ਨੇੜੇ ਤੋਂ ਵੇਖੀਆਂ ਸਨ। ਇਹੀ ਕਾਰਨ ਸੀ ਕਿ ਉਹਨਾਂ ਨੇ ਕਿਸਾਨਾਂ, ਕਿਰਤੀਆਂ ਅਤੇ ਪੀੜਤ ਧਿਰਾਂ ਦੀ ਆਵਾਜ਼ ਅਤੇ ਧੜਕਣ ਨੂੰ ਦਿਲੋਂ ਮਹਿਸੂਸ ਕੀਤਾ।’’

ਸਾਡੇ ਉੱਘੇ ਅਤੇ ਮਰਹੂਮ ਦਲਿਤ ਨੇਤਾ ਸ੍ਰੀ ਜਗਜੀਵਨ ਰਾਮ ਨੇ ਉਹਨਾਂ ਬਾਰੇ ਟਿੱਪਣੀ ਕਰਦੇ ਹੋਏ ਕਿਹਾ ਸੀ, ’’ਸ੍ਰੀ ਵੀ. ਪੀ. ਨਾਇਕ ਇਕ ਸਫਲ ਪ੍ਰਸ਼ਾਸਕ ਹੋਣ ਦੇ ਨਾਲ ਨਾਲ ਇਕ ਮਜ਼ਬੂਤ ਅਤੇ ਨਿਡਰ ਸ਼ਖਸੀਅਤ ਦੇ ਮਾਲਕ ਹਨ।’’ ਇਸ ਤਰ੍ਹਾਂ ਉਪਰੋਕਤ ਪ੍ਰਸਿੱਧ ਸ਼ਖਸੀਅਤਾਂ ਅਤੇ ਰਾਜਸੀ ਆਗੂਆਂ ਦੇ ਇਹ ਮਹੱਤਵਪੂਰਨ ਕਥਨ ਸਾਡੇ ਮਹਿਬੂਬ ਨੇਤਾ ਦੀ ਲਾਸਾਨੀ ਸ਼ਖਸੀਅਤ ਨੂੰ ਉਭਾਰਨ ਦੇ ਨਾਲ ਨਾਲ ਉਹਨਾਂ ਦੀ ਬਹੁਪੱਖੀ ਸ਼ਖਸੀਅਤ ਦੇ ਵੱਖ ਵੱਖ ਪਾਸਾਰ ਦ੍ਰਿਸ਼ਟੀਗੋਚਰ ਕਰਨ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ।

ਇਸ ਤਰ੍ਹਾਂ ਭਾਵੇਂ ਕਿ ਉਹ 18 ਅਗਸਤ 1979 ਨੂੰ 66 ਸਾਲ ਦੀ ਉਮਰ ਵਿਚ ਸਾਡੇ ਤੋਂ ਸਦਾ ਸਦਾ ਲਈ ਵਿਦਾ ਹੋ ਗਏ ਸਨ ਪਰ ਉਹਨਾਂ ਦੁਆਰਾ ਦੇਸ਼ ਦੇ ਵਿਕਾਸ ਲਈ ਕੀਤੇ ਮਹਾਨ ਕਾਰਜਾਂ ਲਈ ਆਪ ਨੂੰ ਰਾਜਨੀਤੀ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਸਦਾ ਯਾਦ ਰੱਖਿਆ ਜਾਵੇਗਾ। ਇਸ ਤਰ੍ਹਾਂ ਅੱਜ ਦੁਨੀਆਂ ਭਰ ਦਾ ਸਮੁੱਚਾ ਬੰਜਾਰਾ ਭਾਈਚਾਰਾ ਆਪਣੇ ਮਹਿਬੂਬ ਨੇਤਾ ਦਾ ਜਨਮ ਦਿਵਸ ਮਨਾਉਂਦਿਆਂ ਮਾਣ ਅਤੇ ਗਰਵ ਮਹਿਸੂਸ ਕਰਦਾ ਹੈ।

## ਹਰੀ ਕ੍ਰਾਂਤੀ ਦੇ ਜਨਮਦਾਤਾ ਸ੍ਰੀ ਵਸੰਤ ਰਾਓ ਨਾਇਕ ਦਾ ਜਨਮ ਦਿਨ 8 ਜੁਲਾਈ ਨੂੰ ਮਨਾਇਆ ਜਾਵੇਗਾ




ਸੈਨਹੋਜ਼ੇ- ਬਾਜ਼ੀਗਰ ਬੰਜਾਰਾ ਐਸੋਸੀਏਸ਼ਨ, ਕੈਲੇਫੋਰਨੀਆ ਵੱਲੋਂ ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਅਤੇ ਹਰੀ ਕ੍ਰਾਂਤੀ ਦੇ ਜਨ-ਮਦਾਤਾ ਸ੍ਰੀ ਵਸੰਤ ਰਾਓ ਨਾਇਕ ਦਾ 102 ਵਾਂ ਜਨਮ ਦਿਨ 8 ਜੁਲਾਈ 2015 ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਸਨੇਹਾ ਇੰਡੀਅਨ ਰੈਸਟੋਰੈਂਟ, ਸਨੀਵੇਲ ਵਿਖੇ ਮਨਾਇਆ ਜਾ ਰਿਹਾ ਹੈ।

ਇਸ ਸਮਾਗਮ ਵਿਚ ‘ਬਾਜ਼ੀਗਰ ਕਬੀਲੇ ਦਾ ਸਭਿਆਚਾਰ’ ਚਰਚਿਤ ਪੁਸਤਕ ਦੇ ਰਚੇਤਾ ਡਾ. ਮੋਹਨ ਤਿਆਗੀ ਧਰਮਸੋਤ ਨੂੰ ਵਸੰਤ ਰਾਓ ਨਾਇਕ ਯਾਦਗਾਰੀ ਪੁਰਸਕਾਰ ਭੇਂਟ ਕਰਕੇ ਸਨਮਾਨਿਤ ਕੀਤਾ ਜਾਵੇਗਾ। ਡਾ. ਮੋਹਨ ਤਿਆਗੀ ਇਸ ਸਮਾਗਮ ਵਿਚ ਵਸੰਤ ਰਾਓ ਨਾਇਕ ਜੀ ਬਾਰੇ ਇਕ ਰਿਸਰਚ ਪੇਪਰ ਵੀ ਪੇਸ਼ ਕਰਨਗੇ।

ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਪੀਟਰ ਤਾਲ ਧਰਮਸੋਤ (ਨਿਊਯਾਰਕ) ਅਤੇ ਵਿਸ਼ੇਸ਼ ਮਹਿਮਾਨ ਸ੍ਰੀ ਧਰਮ ਪਾਲ ਧਰਮਸੋਤ (ਨਿਊਜਰਸੀ) ਹੋਣਗੇ।

ਬਾਜ਼ੀਗਰ ਬੰਜਾਰਾ ਐਸੋਸੀਏਸ਼ਨ ਕੈਲੀਫੋਰਨੀਆ ਦੇ ਪ੍ਰਧਾਨ ਸ੍ਰੀ ਚੰਨਣ ਰਾਮ ਧਰਮਸੋਤ, ਜਨਰਲ ਸਕੱਤਰ ਸ੍ਰੀ ਦੇਸ ਰਾਜ ਧਰਮਸੋਤ ਅਤੇ ਖਜਾਨਚੀ ਸ੍ਰੀ ਮਨਦੀਪ ਸਿੰਘ ਧਰਮਸੋਤ ਨੇ ਦੱਸਿਆ ਕਿ ਸ੍ਰੀ ਵਸੰਤ ਰਾਓ ਨਾਇਕ ਜੋ ਕਿ ਬਾਜ਼ੀਗਰ ਬੰਜਾਰਾ ਭਾਈਚਾਰੇ ਦੇ ਮਹਾਂਨਾਇਕ ਵਜੋਂ ਜਾਣੇ ਜਾਂਦੇ ਹਨ, ਦਾ ਜਨਮ ਦਿਹਾੜਾ ਹਰੇਕ ਵਰ੍ਹੇ ਬੜੀ ਧੂੰਮਧਾਮ ਨਾਲ ਮਨਾਇਆ ਜਾਵੇਗਾ। ਇਸ ਪ੍ਰੋਗਰਾਮ ਦੀ ਸੰਚਾਲਨਾ ਬੰਜਾਰਾ ਟਾਈਮਜ਼ ਵੈਬਸਾਈਟ ਦੇ ਸੰਪਾਦਕ ਕਮਲ ਧਰਮਸੋਤ ਕਰਨਗੇ।

## Dr. Mohan Tyagi in Sacramento (California)



**Left to right:** Mrs. Narender Kaur Chumber, Poetess Mrs. Manjit Kaur Sekhon, Miss Takshila Chumber (Editor-Ambedkar Times), Mr. Prem Kumar Chumber (Chief Editor: Ambedkar Times & Desh Doaba Weekly Newspapers), Dr. Mohan Tyagi, Mr. Kabir Chumber (Editor-Ambedkar Times) & Poet Mr. Ramesh Bangar

# ਪੰਜਾਬੀ ਦਲਿਤ ਕਵਿਤਾ ਵਿਚ ਦਲਿਤ ਮੁਕਤੀ ਦਾ ਸਵਾਲ



ਪ੍ਰੋਫੈਸਰ (ਡਾ.) ਰੌਣਕੀ ਰਾਮ
Dean, Faculty of Arts
Honorary Director, ICSSR, North-Western Regional Centre
Shaheed Bhagat Singh Professor of Political Science, Arts Block IV, Panjab University, Chandigarh
0091-9779142308

*(ਤੀਜੀ ਕਿਸ਼ਤ)*

ਛੂਤ ਛਾਤ ਦੀ ਤੂਤਨੀ ਨਿਕਲੀ ਨਹੀਂ,
ਜਾ ਜਾ ਗੰਗਾ ਦੇ ਦੂਸ਼ਨਾ ਲਾਹ ਚੁੱਕਾਂ,
ਜੋ ਵੀ ਦੱਸਿਆ ਕਿਸੇ ਨੇ ਸੋਈ ਕੀਤਾ,
ਝੁੱਗਾ ਆਪਣਾ ਕੁੱਲ ਲੁਟਾ ਚੁੱਕਾਂ।
ਛੂਤ ਨਾਲ ਪਰਛਾਵੇਂ ਵਾਂਗ ਰਹਿੰਦੀ,
ਧਾਗੇ ਰੱਖ ਪ੍ਰਹੇਜ਼ ਦੇ ਪਾ ਚੁੱਕਾਂ।

ਇਸੇ ਤਰ੍ਹਾਂ ਉਨ੍ਹਾਂ ਨੇ ਆਪਣੀ ਕਵਿਤਾ 'ਮਜ਼ਦੂਰ' ਵਿੱਚ ਜਿਸ ਤਰ੍ਹਾਂ ਨਾਲ ਉਸ ਦੀ ਤਰਾਸਦੀ ਭਰੀ ਜ਼ਿੰਦਗੀ ਦਾ ਦ੍ਰਿਸ਼ ਬੰਨਿਆ ਹੈ ਉਹ ਦਲਿਤ ਸਾਹਿਤ ਨੂੰ ਸਮਾਜ ਵਿਚਲੀਆਂ ਕਾਣੀਆਂ ਵੰਡਾਂ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੇ ਹੋਏ ਦਲਿਤ ਪਛਾਣ ਦੇ ਸਵਾਲ ਨੂੰ ਤਿੱਖਾ ਕਰਦੀ ਹੈ–

ਲੋਹੜਾ ਰੱਬ ਦਾ ਨਹਿਰਾਂ ਵੀ ਮੈਂ ਪੁੱਟਾਂ,
ਜੇਕਰ ਸੜਕਾਂ ਬਣਾਵਾਂ ਤਾਂ ਵੀ ਮੈਂ।

ਇੱਟਾਂ ਪੱਥਾਂ ਵੀ ਮੈਂ ਤੇ ਢੋਵਾਂ ਵੀ ਮੈਂ।
ਜੇਕਰ ਕੰਧਾਂ ਬਣਾਵਾਂ ਤਾਂ ਵੀ ਮੈਂ।

ਗੁਰਦਾਸ ਰਾਮ ਆਲਮ ਦੀ ਕਵਿਤਾ ਵਿੱਚ ਦਲਿਤ ਪਛਾਣ, ਦਲਿਤ ਦੀ ਰੋਜ਼ਮੱਰਾ ਜ਼ਿੰਦਗੀ ਨਾਲ ਸੰਬੰਧਤ ਪਹਿਲੂਆਂ ਨੂੰ ਲੈ ਕੇ ਜਿਸ ਤਰ੍ਹਾਂ ਰੂਪ ਅਖ਼ਤਿਆਰ ਕਰਦੀ ਹੈ ਉਹ ਸੁੱਤੇ-ਸਿੱਧ ਦਲਿਤ ਦੀ ਹੋਣੀ ਨੂੰ ਵੰਗਾਰਦੇ ਹੋਏ ਕੁਝ ਕਰ ਗੁਜ਼ਰਨ ਦੀ ਹੱਲਾਸ਼ੇਰੀ ਦਿੰਦੀ ਹੈ। ਅਜਿਹੀ ਬਣ ਰਹੀ ਦਲਿਤ ਪਛਾਣ ਦੀ ਮਿਸਾਲ ਉਨ੍ਹਾਂ ਦੀ 'ਕਾਫ਼ਲੇ ਦੇ ਗੀਤ' ਵਿੱਚ ਇਸ ਤਰ੍ਹਾਂ ਪੇਸ਼ ਹੁੰਦੀ ਹੈ–

ਮੰਜ਼ਲ ਦੇ ਅਖੀਰ ਕੋਈ ਬਿਗਲ ਵਜਾਉਂਦਾ ਏ,
ਮਿਹਨਤਕਸ਼ਾਂ ਦੇ ਰਾਹੀਂ, ਰੋਸ਼ਨੀ ਪਹੁੰਚਾਉਂਦਾ ਏ।
ਲੋਹੇ ਦਾ ਮਨੁੱਖ ਜਿਹਦੇ, ਹੱਥ 'ਚ ਮਸ਼ਾਲ ਆ,
ਸਿੱਧੇ ਤੁਰੇ ਜਾਨੇ ਸਾਡੀ, ਤਿੱਖੀ ਤਿੱਖੀ ਚਾਲ ਆ।

ਆਦਮੀ ਨੂੰ ਆਦਮੀ, ਦਬਾਵੇ ਕੋਈ ਹੋਰ ਨਾ।
ਖਾਵੇ ਕੋਈ ਹੋਰ ਨਾ, ਕਮਾਵੇ ਕੋਈ ਹੋਰ ਨਾ।
ਇਹ 'ਆਲਮ' ਅਸਾਡਾ, ਸਾਡੇ ਸਾਰੇ ਸਾਂਝੀਵਾਲ ਆ।
ਸਿੱਧੇ ਤੁਰੇ ਜਾਨੇ ਸਾਡੀ, ਤਿੱਖੀ ਤਿੱਖੀ ਚਾਲ ਆ।

ਆਲਮ ਦੀ ਕਵਿਤਾ ਵਿੱਚ ਦਲਿਤ ਪਛਾਣ ਜਿਸ ਰੂਪ ਪੇਸ਼ ਹੁੰਦੀ ਹੈ ਉਸ ਵਿੱਚ ਦਲਿਤ ਮੁਕਤੀ ਦੀ ਵੀ ਕਨਸੋਅ ਪੈਂਦੀ ਹੈ। ਉਹ ਆਪਣੀ ਕਵਿਤਾ ਰਾਹੀਂ ਮਿਹਨਤਕਸ਼ਾਂ ਵੱਲੋਂ ਹੱਡ ਭੰਨਵੀਂ ਮਿਹਨਤ ਅਤੇ ਉਸ ਦਾ ਫ਼ਾਇਦਾ ਉਤਪਾਦਨ ਦੇ ਸਾਧਨਾਂ ਦੇ ਮਾਲਕਾਂ ਨੂੰ ਮਿਲਦਾ ਦੇਖ ਕੇ ਦਲਿਤ ਮਨੁੱਖ ਤੋਂ ਮੱਲੋ-ਮੱਲੀ ਸਵਾਲੀਆਂ ਚਿੰਨ੍ਹ ਲਗਵਾਉਂਦੀ ਹੈ। ਪੇਸ਼ ਹਨ ਕੁਝ ਸਤਰਾਂ–

ਰੋਜ਼ ਸੋਚਦਾ ਆਂ, ਮੈਂ ਰੋਜ਼ ਸੋਚਦਾ ਆਂ।
ਬਹਿ ਕੇ ਝੁੱਗੀ 'ਚ ਰਾਤ ਨੂੰ, ਮੈਂ ਰੋਜ਼ ਸੋਚਦਾ ਆਂ।
ਹਲ ਵਾਹੁਣ ਵਾਲੇ ਕਾਮੇ, ਭੁੱਖੇ ਬੇਹਾਲ ਕਿਉਂ ਨੇ?
ਕੱਪੜਾ ਬਣਾਵਣ ਵਾਲੇ, ਨੰਗੇ ਕੰਗਾਲ ਕਿਉਂ ਨੇ?

ਹੱਥੀਂ ਬਣਾਏ ਜਿਹਨਾਂ, ਮੰਦਰ ਬਥੇਰਿਆਂ ਦੇ।
ਤੌੜੀ, ਕੁਨਾਲੀ, ਆਟਾ, ਭਿਜਦੇ ਪਥੇਰਿਆਂ ਦੇ।
ਬਰਖਾ 'ਚ ਚੋਂਦੀ ਛੱਪਰ, ਅੱਥਰੂ ਮੈਂ ਪੋਚਦਾ ਆਂ।
ਰੋਜ਼ ਸੋਚਦਾ ਆਂ,

ਆਲਮ ਦੀ ਕਵਿਤਾ ਵਿਚਲਾ ਦਲਿਤ ਪਛਾਣ ਅਤੇ ਮੁਕਤੀ ਦਾ ਸੰਕਲਪ ਉਸ ਦੇ ਆਸ਼ਾਵਾਦੀ ਨਜ਼ਰੀਏ ਦੀ ਸ਼ਾਹਦੀ ਭਰਦਾ ਹੈ। ਉਹ ਆਪਣੀ ਕਵਿਤਾ ਦੇ ਰਾਹੀਂ ਥੁੜ੍ਹਾਂ ਦੇ ਮਾਰੇ ਅਤੇ ਜਾਬਰਾਂ ਦੇ ਸਤਾਏ ਦਲਿਤ ਮਨੁੱਖ ਦੇ ਮਨ ਵਿੱਚੋਂ ਆਸ਼ਾ ਦੀ ਕਿਰਨ ਦੀ ਚਮਕ ਪੇਸ਼ ਕਰਦਾ ਹੈ–

ਮੇਰੇ ਤੇ ਸ਼ੱਕ ਪੈਂਦਾ ਏ, ਜੁਆਨੀ ਫੇਰ ਆਵੇਗੀ
ਅਨ੍ਹੇਰੀ ਜ਼ਿੰਦਗੀ ਅੰਦਰ, ਕੋਈ ਜੋਤੀ ਜਗਮਗਾਏਗੀ।
ਮੇਰੇ ਬੇਜਾਨ ਜਜ਼ਬੇ ਚੋਂ, ਹਰਾਰਤ ਨਜ਼ਰ ਆਉਂਦੀ ਏ।
ਮੇਰੇ ਉਦਾਸ ਨੈਣਾਂ ਚੋਂ, ਕੋਈ ਆਸ਼ਾ ਸਿਰ ਉਠਾਉਂਦੀ ਏ।
ਇਹ ਆਂਹਦੇ ਖੌਲਦੇ ਡੌਲੇ, ਕੀ ਮੈਂ ਲਲਕਾਰ ਕੇ ਲੰਘਾਂ।
ਮਿਲਾਂ ਜੱਦੀ ਰਕੀਬਾਂ ਨੂੰ, ਤੇ ਮੋਢਾ ਮਾਰ ਕੇ ਲੰਘਾਂ। ...
ਚੋਂ ਮੰਜ਼ਿਲ ਮਿਲਣੀ ਮੁਸ਼ਕਲ ਸੀ, ਓਹ ਮੈਨੂੰ ਮਿਲਣ ਆਵੇਗੀ।
ਮੇਰੇ ਤੇ ਸ਼ੱਕ ਪੈਂਦਾ ਏ, ਜੁਆਨੀ ਫਿਰ ਆਵੇਗੀ।

ਆਲਮ ਦੀ ਕਵਿਤਾ ਵਿੱਚ ਦਲਿਤ ਮੁਕਤੀ ਦਾ ਸੁਨੇਹਾ ਸਾਫ਼-ਸਾਫ਼ ਸੁਣਾਈ ਦਿੰਦਾ ਹੈ। ਪੇਸ਼ ਹਨ ਕੁਝ ਸਤਰਾਂ–

ਲਿਤਾੜੇ ਜਾ ਰਹੇ ਬੰਦਿਓ! ਉੱਠੋ, ਆਵਾਜ਼ ਨੂੰ ਸਮਝੋ।
ਵਕਤ ਦੇ ਗੀਤ ਨੂੰ ਪਰਖੋ, ਸਮੇਂ ਦੇ ਸਾਜ਼ ਨੂੰ ਸਮਝੋ।

ਜ਼ਮਾਨਾ ਪਲਟ ਜਾਵੇਗਾ, ਜਦੋਂ ਇਹ ਬਾਂਗ ਕੱਸੇਗਾ।
ਇਹੀ ਹਾਲਾਤ ਦੱਸਦੇ ਨੇ, ਕਿ ਹੁਣ ਮੈਦਾਨ ਸਾਡਾ ਏ।
ਇਹੀ 'ਆਲਮ' ਦਾ ਕਹਿਣਾ ਹੈ, ਇਹੀ ਈਮਾਨ ਸਾਡਾ ਏ।

ਆਲਮ ਦੀ ਆਸ਼ਾਵਾਦੀ ਕਵਿਤਾ ਵਿੱਚ ਦਲਿਤ ਮੁਕਤੀ ਦੀ ਉੱਭਰਦੀ ਨੁਹਾਰ ਨੂੰ ਸੁਖਦੇਵ ਸਿੰਘ ਸਿਰਸਾ ਜਿਨ੍ਹਾਂ ਸ਼ਬਦਾਂ ਵਿੱਚ ਵਰਣਨ ਕਰਦੇ ਹਨ, ਉਹ ਇਥੇ ਪ੍ਰਸੰਗਕ ਹਨ, ''ਦਲਿਤ ਜੀਵਨ ਦੇ ਪ੍ਰਮਾਣਿਕ ਅਨੁਭਵ, ਕਲਾ ਬਾਰੇ ਯਥਾਰਥਵਾਦੀ ਦ੍ਰਿਸ਼ਟੀ ਅਤੇ ਸੋਹਜ ਚੇਤਨਾ ਦੇ ਜਮਾਤੀ ਆਧਾਰ ਬਾਰੇ ਵਧੇਰੇ ਚੇਤਨ ਹੋਣ ਕਰਕੇ ਆਲਮ ਦੇ ਹੱਥਾਂ ਵਿੱਚ ਆ ਕੇ ਪੰਜਾਬੀ ਕਵਿਤਾ ਦਾ ਨਾਇਕ ਚਾਤ੍ਰਿਕ-ਪੂਰਨ ਸਿੰਘ ਦੇ ਕਾਵਿ ਵਿਚਲਾ ਸੁਰਗੀ-ਜਿਉੜਾ ਨਹੀਂ ਅਤੇ ਨਾ ਹੀ ਮੋਹਨ ਸਿੰਘ-ਅੰਮ੍ਰਿਤਾ ਪਰੰਪਰਾ ਵਿਚਲਾ ਡੁੱਲ੍ਹ-ਡੁੱਲ੍ਹ ਪੈਂਦੇ ਹੁਸਨ ਵਾਲਾ ਭਾਵ-ਰੱਤਾ ਪ੍ਰੇਮੀ ਹੈ। ਇਸ ਕਵਿਤਾ ਦਾ ਨਾਇਕ ਦਰਾਵੜੀ ਨੁਹਾਰ ਵਾਲਾ ਕਿਰਤੀ ਹੈ''। ਆਲਮ ਆਪਣੀ ਕਵਿਤਾ ਵਿੱਚ ਭਾਰਤ ਦੀ ਆਜ਼ਾਦੀ ਨੂੰ ਸਰਵਹਾਰਾ ਦੇ ਨਜ਼ਰੀਏ ਤੋਂ ਪਰਿਭਾਸ਼ਿਤ ਕਰਦੇ ਹੋਏ ਲਿਖਦੇ ਹਨ–

ਕਿਉਂ ਵੀ ਨਿਹਾਲਿਆ ਆਜ਼ਾਦੀ ਨਹੀਂ ਵੇਖੀ?
'ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ-'।
ਮੈਂ ਜੱਗੂ ਤੋਂ ਸੁਣਿਆ, ਅੰਬਾਲੇ ਖੜ੍ਹੀ ਸੀ।
ਬੜੀ ਭੀੜ ਉਸ ਦੇ, ਉਦਾਲੇ ਖੜ੍ਹੀ ਸੀ।
ਬਿਰਲੇ ਦੇ ਘਰ ਵੱਲ, ਅਗਾੜੀ ਸੀ ਉਸ ਦੀ।
ਤੇ ਲੋਕਾਂ ਦੇ ਮੂੰਹ ਵੱਲ, ਪਛਾੜੀ ਸੀ ਉਸ ਦੀ।
ਆਈ ਨੂੰ ਭਾਵੇਂ, ਤੀਆ ਸਾਲ ਬੀਤਾ।
ਅਸੀਂ ਤਾਂ ਅਜੇ ਤੱਕ, ਦਰਸ਼ਨ ਨਹੀਂ ਕੀਤਾ।

ਆਲਮ ਆਜ਼ਾਦੀ ਦਾ ਆਲੋਚਨਾਤਮਕ ਨਜ਼ਰੀਏ ਤੋਂ ਮੁਲਾਂਕਣ ਕਰਦੇ ਹੋਏ ਇਸ ਦਾ ਫ਼ਾਇਦਾ ਧਨਾਢਾ ਨੂੰ ਹੋਇਆ ਦਰਸਾਉਂਦੇ ਹਨ। ਜਿਥੋਂ ਤਕ ਦਲਿਤ ਜੀਵਨ ਦੇ ਸਰੋਕਾਰਾਂ ਦਾ ਸੰਬੰਧ ਹੈ ਉਸ ਨੂੰ ਉਹ ਇਸ ਦਾ ਕੋਈ ਲਾਭ ਨਾ ਹੋਇਆ ਦੱਸ ਰਹੇ ਹਨ। ਉਹ ਆਜ਼ਾਦੀ ਮਿਲਣ ਤੋਂ ਬਾਅਦ ਦਲਿਤ ਮਨੁੱਖ ਤੇ ਆਜ਼ਾਦ ਭਾਰਤ ਵਿੱਚ ਵੀ ਲੱਗੀਆਂ ਚਲੀਆਂ ਆ ਰਹੀਆਂ ਬੰਦਸ਼ਾਂ ਨੂੰ ਤਿੱਖੀ ਸੁਰ ਵਿੱਚ ਮੁਖ਼ਾਤਿਬ ਹੋਏ ਲਿਖਦੇ ਹਨ–

ਨੀ ਆਜ਼ਾਦੀਏ ਡੱਬ-ਖੱੜਬੀਏ ਨੀ,
ਕਿਉਂ ਨੀ ਦਿਲ ਮਜ਼ਲੂਮਾਂ ਨੂੰ ਲਾਉਣ ਦਿੰਦੀ?
ਕੰਨ ਬੰਦ ਕਰ ਲਾ ਜੇ ਤੈਨੂੰ ਬੁਰਾ ਲੱਗਦਾ,
ਨਾ ਤੂੰ ਰੋਣ ਦੇਵੇਂ ਨਾ ਤੂੰ ਗਾਉਣ ਦਿੰਦੀ।

ਤੇਰੇ ਬਿਰਲਾ, ਮਮਦੋਟ, ਨਿਜ਼ਾਮ ਹੈ ਪੁੱਤ।
ਅਸੀਂ ਕਿਸੇ ਵੀ ਮੁਲਕ ਵਿੱਚ ਨਹੀਂ ਸੁਣਿਆ,
ਪਿਉ ਆਜ਼ਾਦ ਤਾਂ ਜਿਹਦੇ ਗੁਲਾਮ ਹੈ ਪੁੱਤ।

ਤਾਂ ਮਨ ਮਾਰ ਕੇ ਫਾਹਾ ਨਹੀਂ ਵੱਢ ਹੁੰਦਾ।
ਭਾਵੇਂ ਪਿੰਡ ਵਿਚੋਂ ਆਵੇ ਇਕ ਮਰਲਾ।
ਹਿੱਸਾ ਆਪਣਾ ਕਦੇ ਨਹੀਂ ਛੱਡ ਹੁੰਦਾ।
ਅਛੂਤ ਵੱਖਰੇ ਹੁੰਦੇ ਜੇ ਹਿੰਦੀਆਂ ਤੋਂ,
ਪਾਕਿਸਤਾਨ ਵਾਂਗ ਮੁਲਕ ਵੀ ਅੱਡ ਹੁੰਦਾ।

ਇਸੇ ਹੀ ਤਰਜ਼ ਤੇ ਉਸ ਦੀ ਇਕ ਹੋਰ ਕਵਿਤਾ 'ਆਜ਼ਾਦ ਹੋ ਗਏ ਹਾਂ' ਭਾਰਤ ਦੀ ਆਜ਼ਾਦੀ ਦੀ ਅਸਲ ਤਸਵੀਰ ਨੂੰ ਪੇਸ਼ ਕਰਦੀ ਹੈ। ਜਿਸ ਵਿੱਚੋਂ ਦਲਿਤ ਵਰਗ ਨੂੰ ਉਸ ਤਰ੍ਹਾਂ ਦੀ ਕੋਈ ਰਾਹਤ ਹਾਸਲ ਨਹੀਂ ਹੁੰਦੀ ਜਿਸ ਤਰ੍ਹਾਂ ਦੀ ਰਾਹਤ ਆਜ਼ਾਦ ਭਾਰਤ ਸਵਰਨਾਂ ਅਤੇ ਧਨਾਢਾਂ ਦੀ ਝੋਲੀ ਪਾਉਂਦਾ ਹੈ। ਕਵਿਤਾ ਦੇ ਬੋਲ ਹਨ:

ਸੁਣਿਆ ਤੇ ਹੈ ਕਈ ਵਾਰ ਮੈਂ, ਕਿ ਅਸੀਂ ਆਜ਼ਾਦ ਹੋ ਗਏ ਹਾਂ।
ਜਦ ਵੇਖਦਾ ਹਾਂ ਘਰ ਵੱਲ, ਬਰਬਾਦ ਹੋ ਗਏ ਹਾਂ।
ਚਾਟੀ 'ਚ ਚਿੱਟੀ ਛਿੱਟ ਨਹੀਂ, ਕੀਲੇ ਤੇ ਬੂਰੀ ਮੱਝ ਨਹੀਂ।
ਹੁਣ ਜੀਣ ਦਾ ਕੋਈ ਸੁਆਦ ਨਹੀਂ, ਤੇ ਮਰਨ ਦਾ ਕੋਈ ਹੱਜ ਨਹੀਂ।

ਜੋਬਨ ਨੂੰ ਭੁੱਖਾਂ ਖਾ ਗਈਆਂ, ਤੇ ਇਸ਼ਕ ਧਾਹਾਂ ਮਾਰ ਦਾ।
ਗੱਭਰੂ ਦਾ ਦਿਲ ਨਹੀਂ ਨੱਚਦਾ, ਸੁਣਕੇ ਗਿੱਧਾ ਮੁਟਿਆਰ ਦਾ।
ਉਂਝ ਦਫ਼ਤਰਾਂ ਦੇ ਕਾਗਜ਼ਾਂ ਵਿੱਚ, ਸ਼ਾਦ ਹੋ ਗਏ ਹਾਂ।
ਜਦ ਵੇਖਦਾ ਹਾਂ ਘਰ ਵੱਲ, ਬਰਬਾਦ ਹੋ ਗਏ ਹਾਂ।

ਜਿਸ ਤਰ੍ਹਾਂ ਉਪਰੋਕਤ ਕਵਿਤਾਵਾਂ 'ਆਜ਼ਾਦੀ', 'ਆਜ਼ਾਦੀ ਨੂੰ' ਅਤੇ 'ਆਜ਼ਾਦ ਹੋ ਗਏ ਹਾਂ' ਵਿੱਚ ਆਲਮ ਹੁਰਾਂ ਨੇ ਭਾਰਤ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਵੀ ਦਲਿਤਾਂ ਵੱਲੋਂ ਗ਼ੁਲਾਮੀ ਭਰੀ ਜ਼ਿੰਦਗੀ ਬਤੀਤ ਕਰਨ ਦੀ ਗੱਲ ਕੀਤੀ ਹੈ। ਉਹ ਉਨ੍ਹਾਂ ਨੂੰ ਉਸ ਵਿਚਾਰਧਾਰਾ ਦੇ ਹਾਣ ਦਾ ਬਣਾਉਂਦੀ ਹੈ ਜੋ ਆਜ਼ਾਦੀ ਦੇ ਸੰਘਰਸ਼ ਦੌਰਾਨ ਦੁਹਰਾਇਆ ਕਰਦੀ ਸੀ ਕਿ ਅੰਗਰੇਜ਼ਾਂ ਦੇ ਛੱਡ ਜਾਣ ਤੋਂ ਬਾਅਦ ਵੀ ਇੱਕ ਹੋਰ ਲੜਾਈ ਬਾਕੀ ਰਹੇਗੀ ਜੋ ਸਦੀਆਂ ਤੋਂ ਕੰਮੀਆਂ ਅਤੇ ਜਜਮਾਨਾਂ ਦੇ ਵਿਚਕਾਰ ਦੱਬੀ ਪਈ ਚਲੀ ਆ ਰਹੀ ਹੈ।

ਲੋਕ ਕਵੀ ਆਲਮ ਆਪਣੀਆਂ ਕਵਿਤਾਵਾਂ ਦੇ ਰਾਹੀਂ ਇੱਕ ਨਵੀਂ ਦਲਿਤ ਪਛਾਣ ਨੂੰ ਘੜਦਾ ਹੈ। ਉਸ ਦੀ ਕਵਿਤਾ ਰਾਹੀਂ ਉੱਭਰ ਰਹੀ ਦਲਿਤ ਪਛਾਣ ਦਲਿਤ ਮਨੁੱਖ ਨੂੰ ਇੱਕ ਜੁਰਅੱਤ ਵਾਲਾ ਪਾਤਰ ਬਣਾ ਕੇ ਪੇਸ਼ ਕਰਦੀ ਹੈ। ਜਿਸ ਦੇ ਮਾਧਿਅਮ ਰਾਹੀਂ ਉਹ ਦਲਿਤ ਵਰਗ ਨੂੰ ਸਮਾਜਿਕ ਭੈਅ ਤੋਂ ਮੁਕਤ ਕਰਦੇ ਹੋਏ ਉਸ ਅੰਦਰ ਮਾਣ-ਮੱਤੇ ਵਾਲੀ ਜ਼ਿੰਦਗੀ ਦੇਖਣੀ ਚਾਹੁੰਦਾ ਹੈ। ਉਦਾਹਰਨ ਵਜੋਂ ਦੇਖੇ ਜਾ ਸਕਦੇ ਹਨ ਉਸ ਦੇ ਹੇਠਾਂ ਅੰਕਿਤ ਗੀਤ ਦੇ ਬੋਲ:

ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।
ਤਲੀ ਉੱਤੇ ਜਾਨ ਰੱਖਕੇ, ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ।

ਲਾਂਗਰਾਂ ਮਧੋਲ ਸੁੱਟੀਆਂ, ਕੀਤੀ ਭੁੱਖ ਜ਼ਿੰਦਗੀ ਦੀ ਊਣੀ।
ਲਾਲ ਗੜੁੱਭ ਵਰਗਾ, ਸੋਹਣਾ ਬੇਰ ਬੁੱਲ੍ਹੀਆਂ ਨਾਲ ਲਾਇਆ।
ਲੰਬੜਾਂ ਦੀ ਕੰਧ ਟਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।

'ਆਲਮ' ਹੈਰਾਨ ਹੋ ਗਿਆ,
ਨਾ ਉਹ ਡਰਿਆ ਤੇ ਨਾ ਘਬਰਾਇਆ।
ਲੰਬੜਾਂ ਦੀ ਕੰਧ ਟੱਪਕੇ, ਮੁੰਡਾ ਕੰਡਿਆਂ 'ਚੋਂ ਬੇਰ ਲਿਆਇਆ।

ਆਲਮ ਦੀ ਕਵਿਤਾ ਵਿੱਚ ਸਵੈਮਾਨ, ਹਿੰਮਤ, ਨਿਡਰਤਾ, ਭਰਾਤਰੀ ਭਾਵਨਾ ਅਤੇ ਸਿਰੜ ਬਹੁਤ ਬਾਖ਼ੂਬੀ ਨਾਲ ਦਰਸਾਏ ਗਏ ਹਨ ਜੋ ਦਲਿਤ ਪਛਾਣ ਦੀ ਬਣ ਰਹੀ ਦਿਖ ਨੂੰ ਪਰਿਭਾਸ਼ਤ ਕਰਦੇ ਹਨ। ਉਸ ਦੀ ਕਵਿਤਾ 'ਇਨਸਾਨ' ਇਸ ਦੀ ਮੂੰਹ ਬੋਲਦੀ ਤਸਵੀਰ ਹੈ:

ਛੰਨਾਂ ਢਾਰਿਆਂ ਵਿਚੋਂ ਜੰਮਿਆ, ਮੈਂ ਇਸ ਜੁੱਗ ਦਾ ਇਨਸਾਨ।
ਮੈਨੂੰ ਸੂਰਜ ਮਾਰੇ ਝਾਤੀਆਂ, ਮੇਰੀ ਧਰਤੀ ਕਰੇ ਪਛਾਣ।

ਮੈਂ ਇਕ ਹੱਥ ਫੜ ਲਈ ਦਾਤਰੀ ਤੇ ਦੂਜੇ ਹੱਥ ਵਿਦਾਨ।
ਮੈਂ ਕੱਠੇ ਕਰ ਲਏ ਮਿਹਨਤੀ, ਕੁੱਲ ਕਾਮੇ ਤੇ ਕਿਰਸਾਨ।
ਮੈਂ ਸਭੇ ਫਾਹੀਆਂ ਤੋੜੀਆਂ, ਫਿਰ ਮੈਂ ਜੋੜੇ ਲੋਕ ਮਹਾਨ।
ਮੈਂ ਪੌਣ ਨੂੰ ਗੰਢਾ ਮਾਰਕੇ, ਕੀਤੇ ਪਿਛਲੇ ਰੱਦ ਅਖਾਣ।

ਮੇਰਾ ਚਰਚਾ ਹੁੰਦਾ ਅੰਬਰੀ, ਮੇਰਾ 'ਆਲਮ' ਵਿਚ ਸਨਮਾਨ।
ਛੰਨਾ ਢਾਰਿਆ ਵਿੱਚੋਂ ਜੰਮਿਆ, ਮੈਂ ਇਸ ਜੁੱਗ ਦਾ ਇਨਸਾਨ।

ਆਲਮ ਦੀ ਕਵਿਤਾ ਦਲਿਤ ਪਛਾਣ ਦੇ ਸਵਾਲ ਨੂੰ ਤਿੱਖਾ ਕਰਦੇ ਹੋਏ ਉਸ ਨੂੰ ਸੋਧਵਾਦੀ ਵਿਚਾਰਧਾਰਾਵਾਂ ਦੇ ਆਹਮਣੇ-ਸਾਹਮਣੇ ਕਰਕੇ ਉਸ ਦੀ ਨਿਵੇਕਲੀ ਸਮਾਜਿਕ ਤਰਾਸਦੀ ਅਤੇ ਉਸ ਨਾਲ ਲੋਹਾ ਲੈਣ ਲਈ ਬਣ ਰਹੀ ਰੌਂਅ ਨੂੰ ਇਨ੍ਹਾਂ ਸਤਰਾਂ ਵਿੱਚ ਪੇਸ਼ ਕਰਦੀ ਹੈ–

ਦੁਨੀਆਂ ਦੇ ਕਾਮੇ, ਤੇ ਗ਼ਰੀਬ ਸਾਡੇ ਨਾਲ ਆ।
ਸਿੱਧੇ ਤੁਰੇ ਜਾਨੇ, ਸਾਡੀ ਤਿੱਖੀ ਤਿੱਖੀ ਚਾਲ ਆ।
ਇਕ ਮਿਕ ਹੋ ਕੇ ਸਾਰੇ, ਜੰਗ ਦੇ ਕਿਸਾਨਾਂ ਨੇ,
ਬੀੜਾ ਚੁੱਕ ਲਿਆ, ਨੰਗੇ ਭੁੱਖਿਆਂ ਜੁਆਨਾਂ ਨੇ।

ਲੋਹੇ ਦਾ ਮਨੁੱਖ ਜਿਹਦੇ, ਹੱਥ 'ਚ ਮਸ਼ਾਲ ਆ,

ਇਹ 'ਆਲਮ' ਅਸਾਡਾ, ਸਾਡੇ ਸਾਰੇ ਸਾਂਝੀਵਾਲ ਆ।
ਸਿੱਧੇ ਤੁਰੇ ਜਾਨੇ, ਸਾਡੀ ਤਿੱਖੀ ਤਿੱਖੀ ਚਾਲ ਆ।

ਆਲਮ ਹੁਰਾਂ ਨੇ ਜਿਸ ਤਰ੍ਹਾਂ ਆਪਣੀ ਕਵਿਤਾ ਦੇ ਮਾਧਿਅਮ ਰਾਹੀਂ ਦਲਿਤ ਵਰਗ ਦੇ ਨਿਘਰ ਰਹੇ ਹਾਲਾਤਾਂ ਦਾ ਵਰਣਨ ਕੀਤਾ ਹੈ ਉਹ ਅੱਜ ਦੇ ਸਮੇਂ ਵਿੱਚ ਹੋਰ ਵੀ ਢੁੱਕਵਾਂ ਪ੍ਰਤੀਤ ਹੁੰਦਾ ਹੈ। ਉਹ ਦਲਿਤ ਪਛਾਣ ਅਤੇ ਮੁਕਤੀ ਦੇ ਸਵਾਲ ਨੂੰ ਦਰਪੇਸ਼ ਮੁਸ਼ਕਲਾਂ ਦੀ ਚਰਚਾ ਕਰਦੇ ਹੋਏ ਦਲਿਤ ਗੱਭਰੂਆਂ ਨੂੰ ਸੰਬੋਧਿਤ ਹੁੰਦੇ ਹਨ ਜਿਸ ਦੀ ਉਦਾਹਰਨ ਉਸ ਦੀ ਕਵਿਤਾ 'ਸਾਡਾ ਘਰ' ਖ਼ੁਦ ਹੈ:

ਜਿਸ ਵੀਹੀ ਵਿੱਚ ਸਾਡਾ ਘਰ ਹੈ,
ਇੱਜ਼ਤ ਦਾ ਹਰ ਵੇਲੇ ਡਰ ਹੈ।
ਵੱਸਦੇ ਏਥੇ ਲੋਕ ਅਭਾਗੇ,
ਅਕਲ ਜਿਹਨਾਂ ਦੇ ਗਈ ਨਹੀਂ ਲਾਗੇ।

ਬੂਹਿਆਂ ਮੂੱਢ ਸੁਆਹ ਦੀ ਢੇਰੀ,
ਗੰਦ ਬੱਚਿਆਂ ਦਾ ਵੱਖਰੀ ਢੇਰੀ।
ਡੰਗ ਦੇ ਡੰਗ ਲਿਆਉਣੇ ਦਾਣੇ,
ਰੁਲਣ ਅਵਾਰਾ ਅਨਪੜ੍ਹ ਨਿਆਣੇ।
ਬੁੜ੍ਹੇ ਬੁੜ੍ਹੀਆਂ ਕਮਾਈਆਂ ਕਰਕੇ,
ਕਦੇ ਨਹੀਂ ਸੌਂਦੇ ਢਿਡ ਨੂੰ ਭਰਕੇ।
ਟੁੱਕਰ ਭਾਵੇਂ ਮਿਲੇ ਕੁਵੇਲੇ,
ਗੱਭਰੂ ਸਾਰੇ ਰਹਿੰਦੇ ਵੇਹਲੇ।
ਕੰਮ ਕਾਰ ਨੂੰ ਹੱਥ ਨਹੀਂ ਲਾਉਂਦੇ,
ਮੱਤ ਦੇਵੋ ਤਾਂ ਸਿਰ ਨੂੰ ਆਉਂਦੇ।
ਖੇਲਣ ਜੂਆ ਸ਼ਰਾਬਾਂ ਪੀਂਦੇ,
ਨੰਗ ਭੁੱਖ ਵਿੱਚ ਸਦਾ ਖੁਸ਼ ਥੀਂਦੇ।

ਕੋਈ ਨਹੀਂ ਲੱਗਦਾ ਕਿਸੇ ਦੇ ਆਖੇ ਸਭ ਹੋ ਜਾਂਦੇ ਲੋਹੇ ਲਾਖੇ।
ਤੀਵੀਂ ਪੱਤ ਮਰਦ ਦੀ ਲਾਹੁੰਦੀ,
ਨੂੰਹ ਸਹੁਰੇ ਨੂੰ ਜੂਤ ਵਿਖਾਉਂਦੀ।

ਨਾ ਪੰਚਾਇਤ ਨਾ ਪੁਲਸ ਹਟਾਵੇ,
ਨਾ ਭਾਈ ਪੰਡਤ ਸਮਝਾਵੇ।
ਸੁੱਖ ਸ਼ਾਂਤੀ ਆਉਣ ਨਹੀਂ ਦਿੰਦੇ,
ਆਲਮ ਨੂੰ ਵੀ ਸੌਣ ਨਹੀਂ ਦਿੰਦੇ।

ਲੋਕ ਕਵੀ ਆਲਮ ਦਾ ਇਹ ਵੱਡਪਨ ਹੈ ਕਿ ਉਹ ਦਲਿਤ ਮੁਕਤੀ ਨੂੰ ਦਲਿਤਾਂ ਦੇ ਹੀ ਜਤਨਾਂ 'ਚੋਂ ਉਤਪੰਨ ਹੁੰਦੀ ਦੇਖਣੀ ਚਾਹੁੰਦਾ ਹੈ। ਉਹ ਦਲਿਤ ਸਮਾਜ ਦੀ ਮੁਕਤੀ ਅਤੇ ਸ਼ਕਤੀਕਰਨ ਹਿੱਤ ਕਿਸੇ ਤੋਂ ਵੀ ਕਿਸੇ ਤਰ੍ਹਾਂ ਦੀ ਆਸ ਨਹੀਂ ਰੱਖਦਾ। ਉਹ ਇਹ ਭਲੀਭਾਂਤੀ ਜਾਣਦੇ ਸਨ ਕਿ ਜਿਸ ਤਰ੍ਹਾਂ ਦੇ ਸਮਾਜਿਕ-ਆਰਥਿਕ-ਰਾਜਨੀਤਕ ਤਾਣੇਬਾਣੇ ਨੇ ਦਲਿਤ ਮਨੁੱਖ ਨੂੰ ਹਾਸ਼ੀਆਕ੍ਰਿਤ ਕਰਕੇ ਉਸ ਦੇ ਤਮਾਮ ਹੱਕਾਂ ਦਾ ਹਨਨ ਕੀਤਾ ਹੋਇਆ ਹੈ ਉਸ ਵਿੱਚੋਂ ਬਾਹਰ ਆਉਣ ਲਈ ਦਲਿਤ ਮਨੁੱਖ ਨੂੰ ਕੋਈ ਰਸਤਾ ਦਿਖਾਈ ਨਹੀਂ ਦਿੰਦਾ। ਉਹ ਆਪਣੀ ਕਵਿਤਾ 'ਗ਼ੁਲਾਮਾਂ ਦੀ ਬਗਾਵਤ' ਵਿੱਚ ਮਜ਼ਲੂਮਾਂ ਵੱਲੋਂ ਇੱਕਠੇ ਹੋ ਕੇ ਧਨੀਆਂ ਦੇ ਵਿਰੁੱਧ ਉਠਦੇ ਵਿਦਰੋਹ ਵਿੱਚੋਂ ਦਲਿਤ ਮੁਕਤੀ ਦੇ ਰਸਤੇ ਦੀ ਗੱਲ ਵੀ ਕਰਦੇ ਹਨ। ਪੇਸ਼ ਹਨ ਕੁਝ ਸਤਰਾਂ:

ਰੋਣਾ ਪਿੱਟਣਾ, ਮਾਰੋ, ਫੜ ਲਉ, ਮਚੀ ਦੁਹਾਈ ਗੂੜ੍ਹੀ।
ਫਸਲਾਂ, ਬਾਗਾਂ ਵਿੱਚੋਂ ਲੱਭ-ਲੱਭ, ਕਈ ਮਾਲਕ ਉਹਨਾਂ ਝੱਪੇ,
ਕਈ ਮਾਲਕ ਉਹਨਾਂ ਨੱਸੇ ਜਾਂਦੇ ਰਸਤਿਆਂ ਦੇ ਵਿੱਚ ਨੱਪੇ।
ਗਿਣਤੀ ਭਾਵੇਂ ਕਿਸੇ ਨਹੀਂ ਕੀਤੀ, ਐਦਾਂ ਮਾਲਕ ਵੱਢੇ,
ਜਿਵੇਂ ਗ਼ੁਲਾਮਾਂ ਅਗਲੇ ਪਿਛਲੇ, ਸਾਰੇ ਗੁੱਸੇ ਕੱਢੇ।
ਦੋ ਰਾਤਾਂ ਦੋ ਦਿਨ ਲੈਂਦੇ ਰਹੇ, ਉਹ ਮਾਲਕਾਂ ਦੀਆਂ ਜਾਨਾਂ,

ਮਰਦੇ ਮਰਦੇ ਕਿਹਾ 'ਸੁਪਾਰਟਸ' ਗੱਲ ਸੁਣ ਡੇਵਿਡ ਭਾਈ,
ਬੇਸ਼ਕ ਆਪਾਂ ਹਾਰ ਗਏ ਹਾਂ, ਲੜ ਕੇ ਇਹ ਲੜਾਈ।
ਡੰਗਰਾਂ ਵਾਂਗ ਸਮਝਦੇ ਹੈ ਸੀ, ਜੋ ਮੈਨੂੰ ਤੇ ਤੁਹਾਨੂੰ,
ਮਾਲਕ ਵੀ ਹੁਣ ਕਈ ਪੀੜ੍ਹੀਆਂ, ਯਾਦ ਰਖਣਗੇ ਸਾਨੂੰ।

ਲੋਕੀਂ ਕਹਿੰਦੇ ਜਿਸ ਦਿਨ ਫੌਜਾਂ, 'ਸੁਪਾਰਟਸ' ਮਾਰ ਮੁਕਾਇਆ,
ਗ਼ੁਲਾਮ ਯੁੱਗ ਵੀ ਉਸ ਦਿਨ 'ਆਲਮ' ਕਬਰਾਂ ਵਿੱਚ ਦਫਨਾਇਆ।

ਡਾ. ਸੇਵਾ ਸਿੰਘ ਅਤੇ ਕੇਵਲ ਸਿੰਘ ਪਰਵਾਨਾ ਕ੍ਰਮਵਾਰ ਪ੍ਰਧਾਨ ਅਤੇ ਜਨਰਲ ਸਕੱਤਰ 'ਮਾਨਵਵਾਦੀ ਰਚਨਾ ਮੰਚ, ਪੰਜਾਬ' (ਰਜਿ.) ਆਲਮ ਤੇ ਉਸ ਦੇ ਕਾਵਿ ਬਾਰੇ ਲਿਖਦੇ ਹਨ ਕਿ "ਉਸ ਨੇ ਆਪਣੇ ਵਰਗ ਦੇ ਲੋਕਾਂ ਵਿੱਚ ਮਰ ਚੁੱਕੇ ਆਤਮ ਸਨਮਾਨ ਨੂੰ ਜਿਉਂਦਾ ਕੀਤਾ ਅਤੇ ਹੱਕਾਂ ਪ੍ਰਤੀ ਜਾਗਰੂਕ ਕੀਤਾ। ... ਨਿਰਸੰਦੇਹ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਪ੍ਰੋ. ਮੋਹਨ ਸਿੰਘ ਨੂੰ ਪੰਜਾਬੀ ਕਵਿਤਾ ਦੀ ਪ੍ਰਗਤੀਵਾਦੀ ਕਾਵਿ-ਧਾਰਾ ਦਾ ਮੋਢੀ ਮੰਨਿਆ ਜਾਂਦਾ ਹੈ ਪਰ ਗੁਰਦਾਸ ਰਾਮ ਆਲਮ ਜੋ ਪ੍ਰੋ. ਮੋਹਨ ਸਿੰਘ ਦਾ ਸਮਕਾਲੀ ਸੀ ਕਿਸੇ ਪੱਖੋਂ ਵੀ ਉਸ ਨਾਲੋਂ ਘੱਟ ਨਹੀਂ ਹੈ। ... ਅਸੀਂ ਇਹ ਗੱਲ ਕਹਿਣ ਤੋਂ ਸੰਕੋਚ ਨਹੀਂ ਕਰਾਂਗੇ ਕਿ ਪੰਜਾਬੀ ਕਵਿਤਾ ਵਿੱਚ ਸਭ ਤੋਂ ਪਹਿਲਾਂ ਗੁਰਦਾਸ ਰਾਮ 'ਆਲਮ' ਨੇ ਕਿਰਤੀ, ਕਿਸਾਨਾਂ ਨੂੰ ਆਪਣੇ ਗੀਤਾਂ ਅਤੇ ਕਵਿਤਾਵਾਂ ਦਾ ਨਾਇਕ ਬਣਾਇਆ। ਇਸ ਤੋਂ ਪਹਿਲਾਂ ਜਾਗੀਰਦਾਰੀ ਦਾ ਪੱਖ ਪੂਰਨ ਵਾਲੇ ਪਤਾਰਾਂ-ਲੰਬੜਾਂ, ਪਟਵਾਰੀਆਂ, ਸੂਬੇਦਾਰਾਂ, ਠਾਣੇਦਾਰਾਂ ਤੇ ਉੱਚ-ਸ਼੍ਰੇਣੀ ਦੇ ਪਾਤਰਾਂ ਨੂੰ ਸਾਹਿਤ ਵਿੱਚ ਨਾਇਕ ਦੇ ਤੌਰ ਤੇ ਉਭਾਰਿਆ ਜਾਂਦਾ ਸੀ। ਪਰ ਆਲਮ ਨੇ ਵਿਰੋਧੀ ਨਾਇਕ (ਅਵਜ – ਕਗਰ) ਦੀ ਪਿਰਤ ਪੰਜਾਬੀ ਸਾਹਿਤ ਵਿੱਚ ਤੋਰੀ''।

ਆਲਮ ਦੀ ਵਿਰੋਧੀ ਨਾਇਕ ਦੀ ਪਿਰਤ ਅਸਲ ਵਿੱਚ ਦਲਿਤ ਪਛਾਣ ਵੱਲ ਪਹਿਲਕਦਮੀ ਸੀ। ਡਾ. ਤਰਸੇਮ ਲਾਲ ਸਾਗਰ ਦੇ ਸ਼ਬਦ ਇੱਥੇ ਪ੍ਰਸੰਗਕ ਹਨ, "ਆਲਮ ਕਾਵਿ ਦਲਿਤ ਵਰਗ ਦੇ ਜੀਵਨ ਦਾ ਪ੍ਰਮਾਣਿਕ ਦਸਤਾਵੇਜ਼ ਕਿਹਾ ਜਾ ਸਕਦਾ ਹੈ ਅਤੇ ਗੁਰਦਾਸ ਰਾਮ ਆਲਮ ਇਸ ਦਾ ਪ੍ਰਤੀਨਿਧ, ਸਿਰਮੌਰ ਕਵੀ ਹੋ ਨਿਬੜਿਆ ਹੈ, ਜਿਸ ਦੇ ਪੂਰਵਰਤੀ ਅਗਾਂਹਵਧੂ ਕਵੀਆਂ ਨੇ ਉਸ ਤੋਂ ਪ੍ਰੇਰਣਾ ਲਈ ਅਤੇ ਉਸ ਦੀ ਪ੍ਰਸੰਸਾ ਵੀ ਕੀਤੀ''।

ਗੁਰਦਾਸ ਰਾਮ ਆਲਮ ਭਾਵੇਂ ਅੰਬੇਡਕਰੀ ਲਹਿਰ ਵਿੱਚ ਉਸ ਤਰ੍ਹਾਂ ਸ਼ਾਮਲ ਨਹੀਂ ਸੀ ਜਿਸ ਤਰ੍ਹਾਂ ਚਰਨ ਦਾਸ ਨਿਧੜਕ ਅਤੇ ਪ੍ਰੀਤਮ ਰਾਮਦਾਸਪੁਰੀ, ਪਰੰਤੂ ਬਾਅਦ ਵਿੱਚ ਉਸ ਨੇ ਅੰਬੇਡਕਰੀ ਲਹਿਰ ਤੋਂ ਪ੍ਰਭਾਵਿਤ ਇਨ੍ਹਾਂ ਕਵੀਆਂ ਅਤੇ ਕਾਰਕੁੰਨਾਂ ਦੇ ਸੰਪਰਕ ਵਿੱਚ ਆਉਣ ਤੇ ਜਿਸ ਤਰ੍ਹਾਂ ਦੀ ਤਿੱਖੀ ਅਤੇ ਇਨਕਲਾਬੀ ਕਵਿਤਾ ਰਚੀ ਉਸ ਨੇ ਦਲਿਤ ਪਛਾਣ ਦੇ ਸਵਾਲ ਨੂੰ ਹੋਰ ਤਿੱਖਾ ਕੀਤਾ। ਉਨ੍ਹਾਂ ਵੱਲੋਂ 27 ਅਕਤੂਬਰ 1951 ਨੂੰ ਜਲੰਧਰ ਦੇ ਰਾਮਦਾਸਪੁਰਾ (ਬੂਟਾ ਮੰਡੀ) ਵਿਖੇ ਡਾ. ਅੰ-ਬੇਡਕਰ ਦੇ ਸੰਮੇਲਨ ਦੌਰਾਨ ਪੜ੍ਹੀ ਗਈ ਕਵਿਤਾ 'ਇਹ ਅੱਜ ਕੌਣ ਆਇਆ ਸਵੇਰੇ ਸਵੇਰੇ' ਦਲਿਤ ਸਾਹਿਤ ਦੀਆਂ ਸਿਖਰਾਂ ਨੂੰ ਛੂੰਹਦੀ ਪ੍ਰਤੀਤ ਹੁੰਦੀ ਹੈ। ਪੇਸ਼ ਹੈ ਕਵਿਤਾ:

ਬੜਾ ਸ਼ੋਰ ਪੈਂਦਾ ਗਰੀਬਾਂ ਦੇ ਡੇਰੇ,
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ।

ਨਵੀਂ ਇਹ ਦੀ ਥਿਊਰੀ ਨਵਾਂ ਇਹਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ।
ਲੁਕ ਲੁਕ ਕੇ ਰੋਂਦੇ ਸਮਾਜੀ ਲੁਟੇਰੇ, ਇਹ.....

ਛੰਨਾਂ ਤੇ ਢਾਰਿਆਂ ਦਾ ਦਸਦਾ ਉਜਾਲਾ,
'ਆਲਮ' 'ਚ ਹੈ ਹੁਣ ਕੁਝ ਹੋਣ ਵਾਲਾ।
ਲੱਖਾਂ ਲੋਕ ਜੁੜ ਬੈਠੇ ਜਿਸ ਦੇ ਚੁਫੇਰੇ ਇਹ.....

ਗੁਰਦਾਸ ਰਾਮ ਆਲਮ ਬਾਰੇ ਇਹ ਵੀ ਮਸ਼ਹੂਰ ਹੈ ਕਿ ਜਦੋਂ ਡਾ. ਅੰਬੇਡਕਰ ਕੇਂਦਰੀ ਮੰਤਰੀ ਦੇ ਤੌਰ ਤੇ ਅੰਬਾਲਾ ਆਏ ਸਨ ਤਾਂ ਆਲਮ ਨੇ ਉਨ੍ਹਾਂ ਨੂੰ ਜਦ ਆਪਣੀ ਕਵਿਤਾ 'ਆਜ਼ਾਦੀ' ਸੁਣਾਈ ਤਾਂ ਡਾ. ਅੰਬੇਡਕਰ ਨੇ ਉਹ ਇੰਨੀ ਪਸੰਦ ਕੀਤੀ ਕਿ ਆਲਮ ਨੂੰ ਇਹ ਕਵਿਤਾ ਦਬਾਰਾ ਸੁਣਾਉਣ ਲਈ ਕਿਹਾ। ਵੱਖ-ਵੱਖ ਵਿਦਵਾਨਾਂ ਨੇ ਪੰਜਾਬੀ ਦਲਿਤ ਕਵਿਤਾ ਦੀ ਸ਼ੁਰੂਆਤ ਆਲਮ ਦੀ ਕਾਵਿ-ਰਚਨਾ ਨਾਲ ਸ਼ੁਰੂ ਹੁੰਦੀ ਦੱਸੀ ਹੈ। ਇਸ ਵਿੱਚ ਕੋਈ ਦੋ ਰਾਏ ਨਹੀਂ ਕਿ ਗੁਰਦਾਸ ਰਾਮ ਆਲਮ ਦੀ ਕਵਿਤਾ ਦੱਬੇ-ਕੁੱਚਲੇ ਅਤੇ ਆਰਥਿਕ ਤੰਗੀਆਂ-ਤੁਰਸ਼ੀਆਂ ਦੇ ਸਤਾਏ ਲੋਕਾਂ ਦੇ ਵਿਸ਼ੇ ਨੂੰ ਲੈ ਕੇ ਬੜੀ ਤਿੱਖੀ ਸੁਰ ਵਿੱਚ ਸਥਾਪਿਤ ਸਮਾਜਿਕ ਅਤੇ ਆਰਥਿਕ ਨਿਜ਼ਾਮ ਦੇ ਅਡੰਬਰ ਦਾ ਭਾਂਡਾ ਭੰਨਦੀ ਹੋਈ ਦਲਿਤ ਪਛਾਣ ਦਾ ਬੰਨਾ ਬੰਨ੍ਹਦੀ ਹੈ।

**(ਲੜੀਵਾਰ ਚਲਦਾ ਲੇਖ)**



# ਲੋਕ ਵਿਰਸਾ

## ਭੈਣਾਂ ਨੂੰ ਫਿਕਰ ਪਿਆ



ਡਾ. ਕਰਮਜੀਤ ਸਿੰਘ
91-98763-23862




**ਦੁਨੀਆਂ** ਦੇ ਸਭ ਸਮਾਜਾਂ ਵਿਚ ਵਿਆਹ ਸੰਸਕਾਰ ਦਾ ਆਪਣਾ ਮਹੱਤਵ ਰਿਹਾ ਹੈ ਅਤੇ ਅੱਜ ਵੀ ਹੈ। ਇਸ ਨਾਲ ਖੁਸ਼ੀਆਂ ਦਾ ਇਜ਼ਹਾਰ ਜੁੜਿਆ ਹੋਇਆ ਹੈ। ਨੱਚਣਾ, ਟੱਪਣਾ, ਖਾਣਾ, ਪੀਣਾ ਇਸੇ ਖੁਸ਼ੀ ਦੇ ਪ੍ਰਗਟਾਵੇ ਹਨ। ਪੰਜਾਬੀ ਸਮਾਜ ਵਿਚ ਖੁਸ਼ੀ ਦਾ ਪ੍ਰਗਟਾਵਾ ਨਾ ਹੋਵੇ, ਇਹ ਤਾਂ ਸੰਭਵ ਹੀ ਨਹੀਂ, ਕਿਉਂਕਿ ਇੱਥੋਂ ਦੇ ਸਭਿਆਚਾਰ ਵਿਚ ਇਤਿਹਾਸਕ ਤੇ ਭੂਗੋਲਿਕ ਕਾਰਣਾਂ ਕਰਕੇ ਜੋ ਵੀ ਸਮਾਂ ਮਿਲਦਾ ਹੈ, ਉਸ ਨੂੰ ਜਸ਼ਨ ਵਾਂਗ ਜਿਊਣ ਦੀ ਪਿਰਤ ਹੈ?

ਵਿਆਹ ਸੰਸਕਾਰ ਵਿਚ ਸਾਨੂੰ ਬਹੁਤ ਕੁਝ ਜਾਦੂ ਸਭਿਆਚਾਰ (ਕਬੀਲਾ ਸਭਿਆਚਾਰ) ਦਾ ਵੀ ਮਿਲ ਜਾਂਦਾ ਹੈ ਪ੍ਰੰਤੂ ਇਸ ਸਭ ਕੁਝ ਦੇ ਪਿੱਛੇ ਇਕੋ ਇਕ ਕਾਮਨਾ ਹੁੰਦੀ ਹੈ ਨਵੀਂ ਜੋੜੀ ਦੇ ਜੀਵਨ ਵਿਚ ਸੁਖ ਸ਼ਾਂਤੀ ਦੀ ਚਾਹਤ। ਜਾਦੂ ਟੂਣੇ ਦੇ ਤੌਰ ਤੇ ਜੋ ਕੁਝ ਵੀ ਕੀਤਾ ਜਾਂਦਾ ਹੈ, ਉਸਦਾ ਮੰਤਵ ਹੁੰਦਾ ਹੈ ਅਦ੍ਰਿਸ਼ ਇੱਲ ਬਲਾਵਾਂ ਨੂੰ ਦੂਰ ਰੱਖਣਾ ਤਾਂ ਕਿ ਉਹ ਖੁਸ਼ੀ ਦੇ ਮੌਕੇ ਵਿਚ ਦਖ਼ਲ ਨਾ ਦੇ ਸਕਣ। ਪ੍ਰਾਕਿਰਤਕ ਸ਼ਕਤੀਆਂ ਨੂੰ ਖੁਸ਼ ਰੱਖ ਕੇ ਆਪਣੇ ਹੱਕ ਵਿਚ ਕਰਨਾ। ਜੋੜੀ ਦੇ ਭਵਿੱਖ ਨੂੰ ਉਜਲਾ ਦੇਖਣਾ। ਇਸੇ ਲਈ ਹਰ ਕਾਰਜ ਸ਼ਗਨਾਂ ਨਾਲ ਕੀਤਾ ਜਾਂਦਾ ਹੈ? ਸੱਤ ਸੁਹਾਗਣਾਂ ਚੱਕੀ ਹੱਥ ਲਾਉਂਦੀਆਂ ਹਨ। ਸੱਤ ਸੁਹਾਗਣਾਂ ਦੀ ਗਿਣਤੀ ਸ਼ੁਭ ਹੈ। ਵਿਧਵਾ ਨੂੰ ਇਸੇ ਲਈ ਸ਼ੁਭ ਕੰਮ ਤੋਂ ਦੂਰ ਰੱਖਿਆ ਜਾਂਦਾ ਹੈ। ਬਿਨਾਂ ਬੱਚੇ ਦੇ ਔਰਤ ਨੂੰ ਵੀ ਸ਼ਗਨਾਂ ਵਿਚ ਸ਼ਾਮਲ ਨਹੀਂ ਕੀਤਾ ਜਾਂਦਾ। ਵਿਅਕਤੀਗਤ ਤੌਰ ਤੇ ਇਹ ਸਭ ਕੁਝ ਇਕ ਇਸਤਰੀ ਲਈ ਦੁਖਾਂਤ ਹੈ ਪਰ ਸਮੂਹਿਕ ਚੇਤਨਾ ਸਮੁੱਚੇ ਸਮਾਜ ਦੇ ਭਵਿੱਖ ਦੀ ਚਿੰਤਾ ਵਿਚ ਲੱਗੀ ਹੋਈ ਹੈ। ਉਸ ਨੂੰ ਇਹ ਸੋਚਣ ਦੀ ਚਿੰਤਾ ਵੀ ਨਹੀਂ ਹੈ ਕਿ ਉਹ ਕਿੰਨਾ ਅਨਰਥ ਵੀ ਕਰ ਰਹੀ ਹੈ। ਇਸੇ ਤਰ੍ਹਾਂ ਗਾਉਣ, ਮਾਈਏਂ ਪੈਣ, ਵਹੁਟੀ ਉਤੋਂ ਪਾਣੀ ਵਾਰ ਕੇ ਪੀਣ ਆਦਿ ਦੀਆਂ ਰੀਤਾਂ ਪਿੱਛੇ ਉਪਰੋਕਤ ਮਾਨਸਿਕਤਾ ਹੀ ਕੰਮ ਕਰਦੀ ਹੈ।

ਜੁਲਾਈ, 1979 ਦੀ ਗੱਲ ਹੈ ਜਦੋਂ ਮੇਰਾ ਵਿਆਹ ਧਰਿਆ ਗਿਆ। ਭਾਵੇਂ ਮੈਂ ਉਸ ਵੇਲੇ ਤੱਕ ਵਿਗਿਆਨਕ ਸੋਚ ਧਾਰਣ ਕਰ ਚੁੱਕਾ ਸਾਂ ਤੇ ਘਰਦਿਆਂ ਤੇ ਰਿਸ਼ਤੇਦਾਰਾਂ ਨੂੰ ਇਸ ਸਾਰੀ ਗੱਲ ਦਾ ਪਤਾ ਸੀ, ਫਿਰ ਵੀ ਵਿਆਹ ਦੀ ਹਰ ਰਸਮ ਨੂੰ ਪ੍ਰਤੀਕ ਰੂਪ ਵਿਚ ਹੱਸਦਿਆਂ ਹੱਸਦਿਆਂ ਨਿਭਾਇਆ ਗਿਆ। ਮੈਂ ਹਰ ਚੀਜ਼ ਨੂੰ ਮਜ਼ਾਕ ਵਿਚ ਲੈਂਦਿਆਂ ਹੋਇਆਂ ਰੀਤ ਨਿਭਾਈ ਵੀ। ਮਾਈਏਂ (ਵਟਣੇ) ਪੈਂਦਿਆਂ ਹੀ ਪਹਿਲਾ ਕੰਮ ਜੋ ਕੀਤਾ ਗਿਆ ਉਹ ਇਹ ਸੀ ਕਿ ਸੱਜੇ ਹੱਥ ਨਾਲ ਮੌਲ਼ੀ ਦਾ ਧਾਗਾ ਬੰਨ੍ਹ ਦਿੱਤਾ ਗਿਆ। ਇਸ ਵਿਚ ਅਨਾਜ, ਲੌਂਗ ਵੀ ਬੰਨ੍ਹਿਆ ਜਾਂਦਾ ਹੈ ਇਸ ਗੱਲ ਦਾ ਪ੍ਰਤੀਕ ਸੀ ਕਿ ਬਦਰੂਹਾਂ ਨੂੰ ਦੂਰ ਰੱਖਿਆ ਜਾਵੇ। ਘਰੋਂ ਨਿਕਲਣ ਦੀ ਮਨਾਹੀ ਹੋ ਗਈ।

ਮੇਰੀ ਧਰਮ ਦੀ ਭੈਣ ਗੁਰਦੀਸ਼ ਗੰਗਾਨਗਰ (ਰਾਜਸਥਾਨ) ਤੋਂ ਅਗਾਂਹ ਕਰਣਪੁਰ ਰਹਿੰਦੀ ਸੀ। ਮੈਂ ਚਾਹੁੰਦਾ ਸੀ ਕਿ ਉਹ ਮੇਰੇ ਵਿਆਹ ਵਿਚ ਜ਼ਰੂਰ ਸ਼ਾਮਲ ਹੋਵੇ। ਸ਼ਾਇਦ ਸੱਤ ਜੁਲਾਈ ਦੀ ਗੱਲ ਹੈ ਮੈਂ ਰੱਸੇ ਤੁੜਾ ਕੇ ਕਰਣਪੁਰ ਨੂੰ ਤੁਰ ਪਿਆ ਇਹ ਕਹਿ ਕੇ ਕਿ ਮੈਂ ਦੂਸਰੇ ਦਿਨ ਸ਼ਾਮ ਨੂੰ ਵਾਪਸ ਆ ਜਾਵਾਂਗਾ। ਲੰਬਾ ਰਸਤਾ ਹੋਣ ਕਾਰਨ ਮੈਂ ਦੂਸਰੇ ਦਿਨ ਆ ਕੇ ਨੌਂ ਜੁਲਾਈ ਸ਼ਾਮ ਹਨੇਰੇ ਹੋਏ ਨੌਂ ਵਜੇ ਦੇ ਕਰੀਬ ਪਿੰਡ ਪਹੁੰਚਾ। ਜੋ ਕੁਝ ਘਰ ਵਾਪਰਿਆ ਸੀ, ਉਸਦਾ ਮੈਨੂੰ ਵੀ ਅੰਦਾਜ਼ਾ ਨਹੀਂ ਸੀ। ਸਾਰੇ ਕੰਮ ਰੋਕ ਦਿੱਤੇ ਗਏ ਸਨ। ਇੱਥੋਂ ਤੱਕ ਕਿ ਗਾਉਣ ਵੀ ਉਸ ਦਿਨ ਨਹੀਂ ਸੀ ਬਿਠਾਇਆ ਗਿਆ ਕਿ ਕਿਤੇ ਕੁਝ ਹੋਰ ਹੀ ਨਾ ਵਿਘਨ ਪੈ ਗਿਆ ਹੋਵੇ ਪਰ ਨਹੀਂ। ਜਿਉਂ ਹੀ ਪਿਤਾ ਜੀ ਨੇ ਮੇਰੇ ਤੋਂ ਗੁੱਸੇ ਦਾ ਰੰਗ ਬਰਸਾਇਆ ਮੈਂ ਸਭ ਕੁਝ ਸਮਝ ਗਿਆ। ਮੈਂ ਸਾਰੀ ਸਥਿਤੀ ਸਪੱਸ਼ਟ ਕੀਤੀ, ਭਈ ਗੁਰਦੀਸ਼ ਬਿਮਾਰ ਸੀ। ਏਡੀ ਦੂਰ ਲਗਾਤਾਰ ਜਾਣਾ ਤੇ ਆਉਣਾ ਸੌਖਾ ਵੀ ਨਹੀਂ ਸੀ। ਹੌਲ਼ੀ-ਹੌਲ਼ੀ ਸਹਿਜ ਅਵਸਥਾ ਹੋਈ ਤਾਂ ਸਾਰੇ ਗੁਰਦੀਸ਼ ਦੀ ਖ਼ਬਰ ਪੁੱਛਣ ਲੱਗੇ।

ਮਾਤਾ ਜੀ ਨੇ ਭੈਣਾਂ ਨੂੰ ਦੁਬਾਰਾ ਕੁੜੀਆਂ ਨੂੰ ਸੱਦਣ ਲਈ ਕਿਹਾ। ਉਹ ਘਰ ਘਰ ਜਾ ਕੇ ਸਾਰਿਆਂ ਨੂੰ ਸੱਦ ਲਿਆਈਆਂ। ਉਹ ਤਾਂ ਪੂਰੀਆਂ ਚਾਂਭਲੀਆਂ ਹੋਈਆਂ ਸਨ। ਸਾਰੀਆਂ ਨੇ ਮੈਨੂੰ ਨਿਸ਼ਾਨਾ ਬਣਾਇਆ ਹੋਇਆ ਸੀ, 'ਭਾ ਜੀ! ਤੁਸੀਂ ਚੰਗੇ ਹੋ। ਆਪ ਜਾ ਕੇ ਉਥੇ ਬਹਿ ਗਏ, ਚਾਚਾ ਜੀ ਨੇ ਸਾਨੂੰ ਸੂਲੀ 'ਤੇ ਟੰਗਿਆ ਹੋਇਆ। ਤੁਹਾਡੇ ਚਾਰ ਮਾਈਏਂ ਵੀ ਅਜੇ ਰਹਿੰਦੇ ਆ। ਉਹ ਕੌਣ ਪੂਰੇ ਕਰੂ।'' ਮੈਂ ਕਿਸੇ ਨੂੰ ਟੋਕ ਲਾ ਕੇ, ਕਿਸੇ ਦਾ ਮਜ਼ਾਕ ਉਡਾ ਕੇ ਉਨ੍ਹਾਂ ਨੂੰ ਸ਼ਾਂਤ ਕੀਤਾ। ਤਾਈਆਂ ਚਾਚੀਆਂ ਨੂੰ ਗੰਭੀਰਤਾ ਨਾਲ ਸਮਝਾ ਕੇ ਚੁੱਪ ਕਰਾਇਆ। ਵਿਚੋਂ ਮਾਤਾ ਜੀ ਨੇ ਟੋਕ ਦਿੱਤਾ, 'ਨੀ ਕੁੜੀਓ ਤੁਹਾਨੂੰ ਖੱਪ ਪਾਉਣ ਲਈ ਨਹੀਂ ਸੱਦਿਆ। ਪੰਜ ਘੋੜੀਆਂ ਗਾਉ ਪਹਿਲਾਂ।'

ਕੁੜੀਆਂ ਨੇ ਢੋਲਕੀ ਵਜਾਉਣੀ ਸ਼ੁਰੂ ਕੀਤੀ। ਉਨ੍ਹਾਂ ਦੇ ਮਨ ਵਿਚ ਸਥਿਤੀ ਤੋਂ ਦੱਬੀਆਂ ਭਾਵਨਾਵਾਂ ਨੇ ਲੈਆਤਮਿਕ ਰੂਪ ਧਾਰਣ ਕੀਤਾ। ਉਨ੍ਹਾਂ ਨੇ ਗੀਤ ਵਿਚ ਹੀ ਮੇਰੇ ਨਾਲ਼ ਤੇ ਮੇਰੇ ਵਰਗੇ ਹੋਰ ਸਾਰੇ ਵੀਰਿਆਂ ਨਾਲ ਸੰਵਾਦ ਰਚਾਉਣਾ ਸ਼ੁਰੂ ਕੀਤਾ। ਸਾਰਿਆਂ ਦੇ ਚਿਹਰਿਆਂ ਤੇ ਇਕ ਚਮਕ ਤੇ ਮੁਸਕਰਾਹਟ ਖੇਲ੍ਹ ਰਹੀ ਸੀ। ਉਨ੍ਹਾਂ ਪੂਰੇ ਜ਼ੋਰ ਨਾਲ ਆਵਾਜ਼ ਚੁੱਕੀ।

ਬੀਰਾ ਸਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ,
ਬੀਰਾ ਕਿੱਥੇ ਗੁਜ਼ਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ

ਹੁਣ ਉਹਨਾਂ ਦੇ ਚਿਹਰਿਆਂ ਤੇ ਫ਼ਿਕਰ ਨਹੀਂ ਸੀ ਕਿਉਂਕਿ ਵੀਰ ਤਾਂ ਸਾਹਮਣੇ ਬੈਠਾ ਸੀ। ਲੱਗਦਾ ਇਉਂ ਸੀ ਕਿ ਉਹਨਾਂ ਨੇ ਮੇਰੇ ਸਾਰੇ ਜਵਾਬ ਨੂੰ ਬਹਾਨਾ ਮੰਨਿਆ ਸੀ ਤਾਂ ਹੀ ਤਾਂ ਉਹਨਾਂ ਦੇ ਗੀਤ ਦਾ ਵੀਰਾ ਬਹਾਨੇ ਬਣਾ ਰਿਹਾ ਸੀ।

ਭੈਣੇ ਗਿਆ ਸੀ ਸੁਨਿਆਰੇ ਪਾਸ, ਗਹਿਣੇ ਘੜਾਉਣੇ ਨੂੰ।
ਬੀਰਾ ਗਹਿਣੇ ਘੜਾਵੇ ਤੇਰਾ ਬਾਪ, ਤੈਨੂੰ ਕਾਹਦਾ ਫਿਕਰ ਪਿਆ।

ਬੀਰੋ ਨੇ ਪਾਂਧੇ ਕੋਲ ਜਾਣ ਦਾ ਬਹਾਨਾ ਬਣਾਇਆ, ਸੁਨਿਆਰੇ ਕੋਲ ਜਾਣ ਦੀ ਗੱਲ ਆਖੀ, ਦਰਜੀ ਕੋਲ ਹੋ ਕੇ ਆਉਣ ਦੀ ਸਫਾਈ ਦਿੱਤੀ ਪਰ ਭੈਣ ਕੋਲ ਤਾਂ ਇਕੋ ਤਰਕ ਸੀ ਕਿ ਇਹ ਸਭ ਕੁਝ ਬਾਪ ਕਰੇਗਾ। ਵੀਰ ਨੂੰ ਚਿੰਤਾ ਕਰਨ ਦੀ ਲੋੜ ਨਹੀਂ। ਗੀਤ ਖਤਮ ਹੋਇਆ, ਹਾਸੇ ਦੇ ਫੁਹਾਰੇ ਛੁੱਟੇ। ਉਸ ਦਿਨ ਮੈਂ ਇਕ ਲੋਕ ਗੀਤ ਦੇ ਉਪਜਣ ਦੀਆਂ ਪ੍ਰਸਥਿਤੀਆਂ ਨੂੰ ਸਮਝ ਸਕਿਆ ਸਾਂ ਤੇ ਸਮੂਹਿਕ ਭਾਵਾਂ ਦੇ ਜਾਦੂ ਨੂੰ ਵੀ ਮਹਿਸੂਸ ਕਰ ਰਿਹਾ ਸਾਂ। ਹਾਸੇ ਠੱਠੇ ਦੇ ਮਾਹੌਲ ਵਿਚ ਹੀ ਭਰਜਾਈਆਂ (ਕਿਉਂਕਿ ਵੱਡਾ ਮੈਂ ਹੀ ਸਾਂ, ਇਸ ਲਈ ਸਾਰੀਆਂ ਚਾਚਿਉਂ-ਤਾਇਉਂ ਹੀ ਸਨ) ਨੇ ਮੈਨੂੰ ਚੜ੍ਹਦੇ ਮੂੰਹ ਕਰਵਾ ਕੇ ਚੌਂਕ ਪੂਰ ਕੇ ਰੱਖੀ ਲੱਕੜੀ ਦੀ ਫੱਟੀ ਉਪਰ ਬਿਠਾ ਦਿੱਤਾ, ਦੇਹੁਰੇ ਦੇ ਸਾਹਮਣੇ। ਚੜ੍ਹਦੇ ਮੂੰਹ ਕਰਨਾ ਸੂਰਜ ਦੇਵਤਾ ਨੂੰ ਸਨਮਾਨ ਦੇਣਾ ਹੈ। ਗੀਤ ਗਾ ਕੇ ਆਟੇ ਦਾ ਪੂਰਿਆਂ ਚੌਂਕ ਇਕ ਤਰ੍ਹਾਂ ਨਾਲ ਧਰਤੀ ਦੀ ਪੂਜਾ ਹੈ। ਮੌਲੀ ਬੱਝੀ ਲੱਕੜੀ, ਪਵਿੱਤਰ ਹੈ। ਦੇਹੁਰਾ ਲੱਕੜੀ ਦਾ ਬਣਿਆ ਮੰਦਰ ਜਿਹਾ ਹੈ, ਜਿਸ ਵਿਚ ਕੌੜੇ ਤੇਲ (ਸਰ੍ਹੋਂ) ਦਾ ਦੀਵਾ ਜਗ ਰਿਹਾ ਸੀ। ਅਗਨੀ ਦੇਵਤਾ, ਕਾਹਲ਼ੀ ਕਾਹਲ਼ੀ ਚਾਰੇ ਮਾਈਏਂ ਭੁਗਤਾਏ ਗਏ ਅਖੀਰ'ਚ ਚੌਂਕ ਹਟਾਉਣਾ ਸੀ। ਮਾਤਾ ਜੀ ਨੇ ਫੱਟੀ ਤੋਂ ਕਈ ਵਾਰ ਉਲਟਾ ਟੱਪ ਕੇ ਚੌਂਕ ਮਿਟਾ ਦਿੱਤਾ। ਔਰਤਾਂ ਗੀਤ ਗਾਉਂਦੀਆਂ ਰਹੀਆਂ।

ਪਟੜੀ ਟੱਪ ਪਿਆਰੀਏ ਨੀ, ਸੱਤਾਂ ਪੁੱਤਾਂ ਦੀਏ ਮਾਏ,
ਪਟੜੀ ਟੱਪ ਪਿਆਰੀਏ ਨੀ, ਝੁੜੂਏ ਬਾਬੇ ਦੀ ਪੋਤੀ,
ਪਟੜੀ ਟੱਪ ਪਿਆਰੀਏ ਨੀ, ਸੱਤਾਂ ਖਸਮਾਂ ਦੀਏ ਰੰਨੇ।

ਲੱਗਦਾ ਸੀ ਕੋਈ ਮਾਂਦਰੀ ਮੰਤਰ ਘੜ ਰਿਹਾ ਹੋਵੇ। ਮਾਤਾ ਜੀ ਨੇ ਵੀ ਗੱਲ ਹੱਸ ਕੇ ਟਾਲ ਦਿੱਤੀ। ਮੈਂ ਇਨ੍ਹਾਂ ਗੀਤਾਂ ਤੇ ਰਸਮਾਂ ਬਾਰੇ ਸੋਚਦਾ ਪਤਾ ਨਹੀਂ ਥੱਕਿਆ ਹਾਰਿਆ, ਕਦੋਂ ਨੀਂਦ ਦੀ ਗੋਦ ਵਿਚ ਜਾ ਕੇ ਸੁੱਤਾ ਕਿਉਂਕਿ ਗਿਆਰਾਂ ਜੁਲਾਈ ਦਾ ਵਿਆਹ ਸੀ, ਇਸ ਲਈ ਇਕ ਦਿਨ ਪਹਿਲਾਂ ਦਸ ਤਾਰੀਖ ਨੂੰ ਸਾਰਾ ਦਿਨ ਰੌਣਕਾਂ ਰਹੀਆਂ। ਦੁਪਹਿਰ ਵੇਲੇ ਮੈਂ ਮਿੱਤਰ ਕੋਲੋਂ ਟੇਪ ਰਿਕਾਰਡ ਮੰਗ ਲਿਆਂਦੀ ਤੇ ਕੁੜੀਆਂ ਨੂੰ ਇਕੱਠਿਆਂ ਕਰਕੇ ਰਾਤ ਵਾਲਾ ਗੀਤ ਗਾਉਣ ਲਈ ਕਿਹਾ। ਉਨ੍ਹਾਂ ਨੇ ਰਾਤ ਨਾਲੋਂ ਵੀ ਵਧੇਰੇ ਚਾਅ ਨਾਲ ਗੀਤ ਛੋਹਿਆ।

ਬੀਰਾ ਸ਼ਗਨ ਮੰਨਣ ਵਾਲੀ ਰਾਤ, ਤਾਰਾ ਸਿਖਰ ਗਿਆ,
ਬੀਰਾ ਕਿੱਥੇ ਗੁਜ਼ਾਰੀ ਸਾਰੀ ਰਾਤ, ਭੈਣਾਂ ਨੂੰ ਫਿਕਰ ਪਿਆ

ਉਹਨਾਂ ਨੇ ਗਾ ਗਾ ਕੇ ਸਾਰੀ ਕੈਸਿਟ ਭਰ ਦਿੱਤੀ। ਇੱਥੋਂ ਹੀ ਸ਼ੁਰੂ ਹੁੰਦਾ ਹੈ ਮੇਰਾ ਗੀਤਾਂ ਨੂੰ ਇਕੱਠੇ ਕਰਨ ਦਾ ਸਫ਼ਰ।

## 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"






ਡਾ. ਜਸਵੰਤ ਰਾਏ
91-98158-25999

### ਗੁਜਰੀ

ਇਕ ਰਾਜੇ ਦੇ ਮਹਿਲਾਂ ਵਿਚ ਗੁਜਰੀ ਆਈ। ਗੁਜਰੀ ਆ ਕੇ ਕਹਿਣ ਲੱਗੀ - ਰਾਣੀ, ਇਹ ਜ਼ਨਾਨੀ ਨੀ ਮਰਦ ਆ।

ਰਾਣੀ ਸੋਚਾਂ 'ਚ ਪੈ ਗਈ। ਕਹਿੰਦੀ ਇਹ ਗੱਲ ਕੀ ਆ। ਰਾਣੀ ਦੇ ਕੋਈ ਗੱਲ ਖਾਨੇ ਨਾ ਪਈ। ਹਾਰ ਕੇ ਰਾਜੇ ਨੂੰ ਕਹਿਣ ਲੱਗੀ- ਰਾਜਾ ..., ਅੱਜ ਮਹਿਲਾਂ 'ਚ ਇਕ ਗੁਜਰੀ ਆਈ ਸੀ। ਉਹ ਕਹਿੰਦੀ ਇਹ ਜ਼ਨਾਨੀ ਨੀ ਮਰਦ ਆ, ਇਹਦਾ ਕੀ ਭਾਵ ਹੋਊਗਾ।

ਰਾਜੇ ਨੇ ਦੂਜੇ ਦਿਨ ਕਚਹਿਰੀ 'ਚ ਸਾਰੇ ਵਜ਼ੀਰ, ਅਹਿਲਕਾਰ ਸੱਦ ਲਏ। ਕਹਿੰਦਾ ਬਈ ਤੁਸੀਂ ਇਸ ਗੱਲ ਦਾ ਭੇਤ ਕੱਢੋ। ਵਜ਼ੀਰਾਂ ਨੇ ਬਥ੍ਹੇਰਾ ਦਮਾਗ ਦੜ੍ਹਾਇਆ ਪਰ ਗੱਲ ਦਾ ਭੇਤ ਨਾ ਪਤਾ ਲੱਗੇ।

ਰਾਜੇ ਨੇ ਪੂਰੀ ਕਚਹਿਰੀ 'ਚ ਕਹਿਤਾ ਪਈ ਜਿਹੜਾ ਇਸ ਗੱਲ ਦਾ ਭੇਤ ਦੱਸੇਗਾ ਉਸਨੂੰ ਭਾਰੀ ਇਨਾਮ ਦਊਂਗਾ।

ਇਕ ਵਜ਼ੀਰ ਦਾ ਲੜਕਾ ਬੜਾ ਸਿਆਣਾ ਸੀ। ਉਹ ਰਾਜੇ ਕੋਲੋਂ ਛੇ ਮਹੀਨੇ ਦੀ ਮੋਹਲਤ ਲੈ ਕੇ ਇਸ ਗੱਲ ਦਾ ਭੇਤ ਲੱਭਣ ਲਈ ਘਰੋਂ ਨਿੱਕਲ ਤੁਰਿਆ।

ਤੁਰਿਆ ਜਾਂਦਾ ਤਾਂ ਰਸਤੇ ਵਿਚ ਉਹ ਨੂੰ ਇਕ ਹੋਰ ਮੁਸਾਫ਼ਰ ਟੱਕਰ ਪਿਆ। ਲੜਕਾ ਮੁਸਾਫਿਰ ਨੂੰ ਕਹਿਣ ਲੱਗਾ-ਵਾਟ ਲੰਮੀ ਆ, ਇੱਦਾਂ ਕਰ ਅੱਧੀ ਵਾਟ ਤੂੰ ਮੈਨੂੰ ਚੱਕ, ਅੱਧੀ ਵਾਟ ਮੈਂ ਤੈਨੂੰ ਚੱਕੂੰਗਾ। ਸਾਡਾ ਸਫ਼ਰ ਮੁੱਕ ਜਾਣਾ।

ਮੁਸਾਫਿਰ ਨੇ ਕੋਈ ਗੱਲ ਨਾ ਗੌਲ਼ੀ। ਕਹਿੰਦਾ ਨਈਂ ਤੂੰ ਇੱਦਾਂ ਈ ਚਲਿਆ ਚੱਲ।

ਥੋੜ੍ਹੀ ਕੁ ਵਾਟ ਅੱਗੇ ਗਏ। ਅੱਗੇ ਸੀ ਉਤਰਾਈ ਚੜ੍ਹਾਈ। ਲੜਕਾ ਮੁਸਾਫਿਰ ਨੂੰ ਕਹਿਣ ਲੱਗਾ - ਇੱਦਾਂ ਕਰ ਤੂੰ ਜੰਗਲ 'ਚੋਂ ਦੋ ਘੋੜੇ ਲੈ ਆ। ਅਸੀਂ ਤਰਾਈ ਚੜ੍ਹਾਈ ਛੇਤੀ ਤੇ ਸੌਖੀ ਚੜ੍ਹ ਜਾਵਾਂਗੇ।

ਮੁਸਾਫਿਰ ਕਹਿਣ ਲੱਗਾ - ਹੈਂ ਮੂਰਖ ...। ਮੈਂ ਇਹਨੂੰ ਜੰਗਲ ਵਿਚੋਂ ਦੋ ਘੋੜੇ ਕਿੱਥੋਂ ਲਿਆ ਦੇਵਾਂ।

ਕਹਿੰਦਾ ਨਹੀਂ ਤੂੰ ਇੱਦਾਂ ਚਲਿਆ ਚੱਲ ਪਹੁੰਚ ਈ ਜਾਣਾ। ਅੱਗੇ ਜਾਂਦੇ ਤਾਂ ਰਾਹ ਵਿਚ ਪਾਣੀ ਆ ਗਿਆ। ਵਜ਼ੀਰ ਦਾ ਲੜਕਾ ਸਣੇ ਬੂਟ ਜੁਰਾਬਾਂ ਪਾਣੀ ਵਿਚੋਂ ਲੰਘ ਗਿਆ। ਮੁਸਾਫਿਰ ਆਪਣੇ ਕੱਪੜੇ ਸੁਆਰੀ ਜਾਂਦਾ ਆ।

ਮੁਸਾਫਿਰ ਕਹਿੰਦਾ ਇਹ ਲੜਕਾ ਮੂਰਖ ਈ ਆ। ਏਦਾਂ ਈ ਲੰਘ ਗਿਆ ਪਾਣੀ ਚੀਂ। ਕੋਈ ਪਰਵਾਹ ਨੀ ਇਹਨੂੰ ਆਪਣੇ ਕੱਪੜਿਆਂ ਦੀ।

ਅੱਗੇ ਗਏ ਤਾਂ ਕਣਕ ਦਾ ਖੇਤ ਆ। ਲੜਕਾ ਮੁਸਾਫਿਰ ਨੂੰ ਪੁੱਛਣ ਲੱਗਾ- ਆਹ ਖਾਧੀਓ ਹੋਊ ਕਿ ਖਾਣੇ ਵਾਲੀ ਆ।

ਮੁਸਾਫਿਰ ਕਹਿੰਦਾ - ਹੈਂ ਮੂਰਖ ...! ਖੜ੍ਹੀ ਦੀਹਦੀ ਆ। ਖਾਧੀਓ ਖਾਣੇ ਵਾਲੀ ਕਿੱਦਾਂ ਹੋਊਗੀ।

ਜਦੋਂ ਗਹਾਂ ਗਏ ਤਾਂ ਮੁਸਾਫਿਰ ਦਾ ਪਿੰਡ ਆ ਗਿਆ। ਰਾਤ ਪੈ ਗਈਓ ਸੀ। ਮੁਸਾਫਿਰ ਲੜਕੇ ਨੂੰ ਕਹਿੰਦਾ - ਬਈ ਨ੍ਹੇਰਾ ਹੋ ਗਿਆ। ਤੂੰ ਅੱਜ ਮੇਰੇ ਘਰ ਰਹਿ ਲਾ। ਸਵੇਰੇ ਚਲਾ ਜਾਵੀਂ। ਲੜਕਾ ਕਹਿੰਦਾ - ਠੀਕ ਆ।

ਓਧਰ ਮੁਸਾਫਿਰ ਦੀ ਵੀ ਇਕ ਲੜਕੀ ਸੀ। ਉਹ ਵੀ ਕਹਿੰਦੀ ਸੀ ਮੈਂ ਉਹਦੇ ਨਾਲ ਵਿਆਹ ਕਰਾਉਣਾ ਜਿਹੜਾ ਮੇਰੀ ਗੱਲ ਦਾ ਉੱਤਰ ਦਊਗਾ।

ਮੁਸਾਫਿਰ ਨੇ ਲੜਕੇ ਨੂੰ ਬੜਾ ਜੋਰ ਲਾਇਆ ਘਰ ਜਾਣ ਲਈ। ਪਰ ਉਹ ਹਵੇਲੀ ਅਟਕ ਗਿਆ।

ਮੁਸਾਫਿਰ ਆਪਣੇ ਘਰ ਗਿਆ। ਜਾ ਕੇ ਲੜਕੀ ਨੂੰ ਕਹਿੰਦਾ ਬਈ ਰੋਟੀ ਤਿਆਰ ਕਰਦੇ। ਮੇਰੇ ਨਾਲ ਇਕ ਬੰਦਾ ਆਇਆ, ਮੂਰਖ ਜਿਹਾ। ਮੈਂ ਉਹਨੂੰ ਹਵੇਲੀ ਬਠਾ ਕੇ ਆਇਆਂ।

ਲੜਕੀ ਪੁੱਛਣ ਲੱਗੀ-ਪਿਤਾ ਜੀ ਤੁਹਾਨੂੰ ਕਿੱਦਾਂ ਪਤਾ ਉਹ ਮੂਰਖ ਆ।

ਅਸੀਂ ਕੱਠੇ ਤੁਰੇ ਆਉਂਦੇ ਸੀ। ਉਹ ਮੈਨੂੰ ਆਖਣ ਲੱਗਾ - ਅੱਧੀ ਵਾਟ ਤੂੰ ਮੈਨੂੰ ਚੱਕ ਅੱਧੀ ਮੈਂ ਤੈਨੂੰ ਚੱਕੂੰਗਾ। ਮੂਰਖ ਨੀ ਤਾਂ ਉਹ ਹੋਰ ਕੀ ਆ।

ਪਿਤਾ ਜੀ ਮੂਰਖ ਉਹ ਨੀ। ਇਹਦੇ ਵਿਚ ਮੂਰਖਤਾ ਤੁਹਾਡੀ ਆ। ਅਖੇ ਕਿਉਂ ....?

ਉਹਨੇ ਕਿਹਾ ਸੀ ਅੱਧੀ ਵਾਟ ਤੂੰ ਮੈਨੂੰ ਗੱਲਬਾਤ ਸੁਣਾ। ਅੱਧੀ ਵਾਟ ਮੈਂ ਤੈਨੂੰ ਗੱਲਬਾਤ ਸੁਣਾਊਂਗਾ। ਸਾਡਾ ਸਫ਼ਰ ਛੇਤੀ ਮੁੱਕ ਜਾਊਗਾ।

ਕਹਿੰਦਾ - 'ਅੱਛਾ...। ਗੱਲ ਤਾਂ ਤੇਰੀ ਠੀਕ ਆ।

ਲੈ ਹੋਰ ਸੁਣ। ਜਦੋਂ ਥੋੜ੍ਹੀ ਵਾਟ ਅਸੀਂ ਹੋਰ ਆਏ ਤਾਂ ਧਰਤੀ ਉੱਚੀ ਨੀਵੀਂ ਸੀ। ਮੈਨੂੰ ਕਹਿੰਦਾ ਦੋ ਘੋੜੇ ਲੈ ਆ। ਅਸੀਂ ਸੌਖੇ ਚਲੇ ਜਾਵਾਂਗੇ। ਮੂਰਖ ਨੀ ਹੋਇਆ।

'ਪਿਤਾ ਜੀ ਉਹਦਾ ਮਤਲਬ ਇਹ ਨਹੀਂ ਸੀ। ਉਹ ਤਾਂ ਕਹਿੰਦਾ ਸੀ ਹਿਥੋਂ ਦੋ ਡੰਡੇ ਵੱਢ ਲਿਆ। ਤਰਾਈ ਚੜ੍ਹਾਈ ਆ। ਸੌਖੇ ਚਲੇ ਜਾਵਾਂਗੇ।

ਕਹਿੰਦਾ - ਅੱਛਾ ...। ਤੂੰ ਠੀਕ ਕਹਿੰਦੀ ਆਂ।

ਲੈ ਅੱਗੇ ਸੁਣ ਲੈ। ਰਾਹ ਵਿਚ ਪਾਣੀ ਸੀ। ਉਹ ਸਣੇ ਬੂਟ ਜਰਾਬਾਂ ਪਾਣੀ ਵਿਚੀਂ ਲੰਘ ਗਿਆ। ਮੂਰਖ ਨੀ ਤਾਂ ਉਹ ਹੋਰ ਕੀ ਆ। ਪਿਤਾ ਜੀ ਉਹਦਾ ਕਿਹੜਾ ਘਰ ਸੀ ਲਾਗੇ। ਉਹਨੇ ਸੋਚਿਆ ਕਿ ਜੇ ਮੈਂ ਨੰਗੇ ਪੈਰੀਂ ਲੰਘਿਆ ਤਾਂ ਮੇਰੇ ਕੋਈ ਕੀੜਾ ਮਕੌੜਾ ਲੜ ਸਕਦਾ। ਇਸ ਕਰਕੇ ਉਹ ਜੋੜੇ ਜਾਮੇ ਥਣੀਂ ਲੰਘ ਗਿਆ।

ਅੱਗੇ ਬੇਟਾ ਕਣਕ ਦਾ ਖੇਤ ਸੀ। ਉਹ ਮੈਨੂੰ ਪੁੱਛਣ ਲੱਗਾ ਕਿ ਇਹ ਖਾਧੀਓ ਆ ਜਾਂ ਖਾਣੇ ਵਾਲੀ ਆ। ਇਦੇ ਵਿਚ ਦੱਸਦੇ ਉਹਦੀ ਕੀ ਸਮਝਦਾਰੀ ਆ।

ਪਿਤਾ ਜੀ ਉਹਦੀ ਗੱਲ ਠੀਕ ਸੀ। ਪਿਤਾ ਜੀ ਕਈ ਵਾਰੀ ਕਿਸੇ ਟੱਬਰ ਨੇ ਪਹਿਲਾਂ ਹੀ 8, 10 ਮਣ ਕਣਕ ਉਧਾਰੀ ਲੈ ਕੇ ਖਾਧੀ ਹੁੰਦੀ ਆ। ਉਹ ਸਮਝ ਲਓ ਖਾਧੀਓ ਆ। ਜੇ ਨਹੀਂ ਉਧਾਰੀ ਲਈਓ ਤਾਂ ਸਮਝ ਲਓ ਖੜ੍ਹੀ ਆ। 'ਫੇਰ ਪੁੱਤ ਮੈਂ ਉਹਨੂੰ ਕਿਹਾ ਸਾਡੇ ਘਰ ਆ ਜਾ। ਉਹ ਹਵੇਲੀ ਅਟਕ ਗਿਆ। ਕਹਿੰਦਾ ਪਹਿਲਾਂ ਦੇਖ ਆ ਕੋਈ ਸ਼ਤੀਰੀ ਬਾਲਾ ਤਨੀ ਟੁੱਟਿਆ।

ਪਿਤਾ ਜੀ ਇਹਦੇ ਵਿਚ ਵੀ ਉਹਨੇ ਅਕਲਮੰਦੀ ਵਰਤੀ। ਕਈ ਵਾਰੀ ਘਰਾਂ ਵਿਚ ਵਹੁਟੀਆਂ, ਕੁੜੀਆਂ ਸਹਿਜ ਸੁਭਾਅ ਬੈਠੀਆਂ ਹੁੰਨੀਆਂ। ਲੀੜਾ ਈ ਨੀ ਹੁੰਦਾ ਸਿਰ ਤੇ। ਤਾਂ ਨੀ ਉਹ ਘਰ ਨੂੰ ਆਇਆ।

ਤਾਂ ਤੇ ਪੁੱਤ ਉਹ ਦਮਾਗੀ ਬੰਦਾ। ਹੁਣ ਤੂੰ ਉਹਦੇ ਲਈ ਰੋਟੀ ਬਣਾ ਲੈ ਛੇਤੀ। ਪਤਾ ਨੀ ਕਦ ਦਾ ਭੁੱਖਾ ਹੋਣਾ।

ਲੜਕੀ ਝਬ ਦੇਣੀ ਉੱਠੀ। ਰੋਟੀ ਤਿਆਰ ਕਰਨ ਲੱਪਈ। ਉਹਨੇ ਚੌਲ਼ ਬਣਾਏ, ਤਰੀ ਬਣਾਈ ਤੇ ਨਾਲ ਰੋਟੀ ਪਕਾ ਕੇ ਝੀਰੀ ਨੂੰ ਸੱਦਾ ਭੇਜ ਦਿੱਤਾ। ਝੀਰੀ ਆਗਈ। ਲੜਕੀ ਝੀਰੀ ਨੂੰ ਕਹਿੰਦੀ- ਆਹ ਸਾਡੀ ਹਵੇਲੀ ਰੋਟੀ ਫੜਾ ਆ। ਉੱਥੇ ਇਕ ਮੁਸਾਫਿਰ ਬੈਠਾ ਹੋਣਾ। ਉਹਨੂੰ ਜਾ ਕੇ ਮੇਰਾ ਇਕ ਸੁਨੇਹਾ ਵੀ ਦੇ ਦੇਵੀਂ।

ਕਿਹੜਾ ਸੁਨੇਹਾ ....?

ਤੂੰ ਕਹੀਂ - ਚੌਦਵੀਂ ਦੀ ਰਾਤ ਭਾਗਾਂ ਨਾਲ ਆਈ ਏ
ਚੰਨ ਕਰੇ ਰੁਸ਼ਨਾਈ, ਤਾਰਿਆਂ ਸ਼ੈਬਰ ਲਾਈ ਏ।

ਝੀਰੀ ਨੇ ਗੱਲ ਸੁਣ ਲਈ । ਕਹਿੰਦੀ ਅੱਛਾ - ਮੈਂ ਦੇ ਦਊਂਗੀ ਸੁਨੇਹਾ। ਤੁਰ ਪਈ ਰੋਟੀ ਲੈ ਕੇ। ਰਸਤੇ ਵਿਚ ਝੀਰੀ ਦਾ ਮੁੰਡਾ ਉਹਦੇ ਮਗਰ ਲੱਗ ਤੁਰਿਆ। ਮੁੰਡਾ ਕਹਿੰਦਾ ਤੂੰ ਮੈਨੂੰ ਦੇ ਦੇ ਤੇਰੇ ਕੋਲ ਕੀ ਆ।

ਝੀਰੀ ਨੇ ਅੱਧਾ ਅੱਧਾ ਸਮਾਨ ਕੱਢ ਕੇ ਮੁੰਡੇ ਆਪਣੇ ਨੂੰ ਦੇਤਾ। ਬਾਕੀ ਰੋਟੀ ਲੈ ਕੇ ਹਵੇਲੀ ਪਹੁੰਚ ਗਈ।

ਮੁਸਾਫ਼ਿਰ ਨੂੰ ਰੋਟੀ ਪਾ ਕੇ ਦੇਤੀ।
ਮੁਸਾਫ਼ਿਰ ਕਹਿੰਦਾ - ਕੁਝ ਕਿਹਾ ਵੀ ਆ ਉਨ੍ਹੀ।
ਕਹਿੰਦੀ - ਹਾਂ
ਕਹਿੰਦਾ - ਕੀ
ਕਹਿੰਦੀ - ਲੜਕੀ ਨੇ ਕਿਹਾ ਸੀ ਕਿ-
ਚੌਦਵੀਂ ਦੀ ਰਾਤ ਭਾਗਾਂ ਨਾਲ ਆਈ ਏ
ਚੰਨ ਕਰੇ ਰੁਸ਼ਨਾਈ,
ਤਾਰਿਆਂ ਸ਼ੈਬਰ ਲਾਈ ਏ।
ਤੁਸੀਂ ਤਨੀ ਕੁਛ ਕਹਿਣਾ।
ਹਾਂ ਕਹਿਣਾ !
ਕੀ - ?
ਤੂੰ ਕਹੀਂ - ਚੌਦਵੀਂ ਦੀ ਰਾਤ ਸਾਡੇ, ਚੌਥ ਆਈ ਆ।
ਚੰਨ ਗਿਆ ਛੁੱਪ,
ਤਾਰਾ ਕੋਈ ਕੋਈ ਆ।

ਝੀਰੀ ਕਹਿੰਦੀ ਅੱਛਾ - ਰੋਟੀ ਫੜਾ ਕੇ ਵਾਪਸ ਉਸ ਲੜਕੀ ਕੋਲ ਆ ਗਈ। ਉਹ ਪੁਛਦੀ ਆ ਕਿ ਸੁਨੇਹਾ ਮੇਰਾ ਦਿੱਤਾ ਸੀ ...?

ਕਹਿੰਦੀ ਹਾਂ ਦਿੱਤਾ ਸੀ।

ਫੇਰ ਉਨ੍ਹੇ ਕੀ ਕਿਹਾ। ਝੀਰੀ ਨੇ ਸਾਰੀ ਗੱਲ ਸੁਣਾ ਦਿੱਤੀ ਜੋ ਲੜਕੇ ਨੇ ਕਹੀ ਸੀ।

ਲੜਕੀ ਨੇ ਉਸੇ ਵੇਲੇ ਝੀਰੀ ਗੁੱਤੋਂ ਫੜ ਲਈ। ਕਹਿੰਦੀ ਦੱਸ ਅੱਧਾ ਸਮਾਨ ਕਿੱਥੇ ਰੱਖ ਕੇ ਗਈ ਸੀ। ਝੀਰੀ ਕਰੇ ਮਿੰਨਤਾਂ।

ਕਹਿੰਦੀ ਮੈਨੂੰ ਕੀ ਪਤਾ ਸੀ ਕਿ ਸਾਰਾ ਭੇਤ ਤੁਹਾਡੀਆਂ ਗੱਲਾਂ ਵਿਚ ਈ ਛੁਪਿਆ ਪਿਆ।

(ਬਾਕੀ ਸਫਾ 22 ਤੇ)



ਐਸ ਬਲਵੰਤ
44-745-021-1512

# ਨਹੀਓਂ ਲੱਭਣੇ ਲਾਲ ਗੁਆਚੇ...

## ਦਿੱਲੀ 1984 — ਇਤਿਹਾਸਿਕ ਵਿਸ਼ਵਾਸਘਾਤ !

*(ਤੀਜੀ ਕਿਸਤ)*

ਉਨ੍ਹਾਂ ਦਾ ਲਗਭਗ ਸਾਧੂਆਂ ਵਰਗਾ ਭੇਸ ਬਣ ਗਿਆ। ਕੁਝ ਸਾਥੀ ਫਤੇਹਪੁਰੀ ਤੋਂ ਮਾਲ ਗੱਡੀ ਵਿਚ ਉਨ੍ਹਾਂ ਨੂੰ ਚੜ੍ਹਾ ਗਏ। ਉਹ ਡੱਬੇ ਅੰਦਰ ਸਾਮਾਨ ਪਿਛੇ ਲੁਕ ਗਏ ਤੇ ਅਖੀਰ ਸਰਾਇ ਰੋਹੇਲਾ ਸਟੇਸ਼ਨ ਤੋਂ ਬਚਦੇ ਬਚਾਂਉਂਦੇ ਕਿਸੇ ਤਰ੍ਹਾਂ ਘਰ ਪਹੁੰਚੇ ਸਨ।

ਮੇਰੇ ਪ੍ਰਕਾਸ਼ਨ ਵਾਲੇ ਦਫਤਰੋਂ ਇਸ ਰੌਲੇ ਗੌਲੇ ਕਰਕੇ ਛੁੱਟੀ ਹੋਣ ਤੇ ਲੋਕਾਂ 'ਚ ਹੋਰ ਰੌਲਾ ਪੈਣ ਕਾਰਨ ਮੇਰੀ ਸੈਕਰੇਟਰੀ ਮਾਲਾ ਅਹੂਜਾ ਸਭ ਤੋਂ ਵੱਧ ਚਿੰਤਿਤ ਸੀ। ਉਹ ਆਪਣੇ ਪਿਤਾ ਨਾਲ ਆਪਣੇ ਵੈਸਪਾ ਸਕੂਟਰ 'ਤੇ ਸਾਡਾ ਪਤਾ ਕਰਨ ਆਈ। ਉਸ ਨੂੰ ਮੈਂ ਦੇਸ਼-ਵੰਡ ਵੇਲੇ ਦੀਆਂ ਕਾਫੀ ਗੱਲਾਂ ਸੁਣਾਈਆਂ ਹੋਈਆਂ ਸਨ। ਕਿਵੇਂ ਉਸ ਵੇਲੇ ਔਰਤਾਂ ਦੀ ਪੱਤ ਬਚਾਈ ਸੀ ਕਾਫਲਿਆਂ ਨੇ ਤੇ ਔਰਤਾਂ ਦੀ ਹੀ ਇੱਜ਼ਤ ਬਚਾਉਣ ਲਈ ਕਿਸ ਤਰ੍ਹਾਂ ਗਹਿਣੇ ਦਰਿਆਵਾਂ 'ਚ ਸੁੱਟਣੇ ਪਏ ਸਨ ਉਦੋਂ। ਉਸ ਦੇ ਪਿਤਾ ਨੂੰ ਵੀ ਪਤਾ ਸੀ ਕਿ ਕੀ ਕੀ ਵਾਪਰਿਆ ਸੀ ਉਦੋਂ। ਵੈਸੇ ਵੀ ਆਹੂਜਾ ਪਰਿਵਾਰ ਨਾਲ ਸਾਡੇ ਘਰੇਲੂ ਸੰਬੰਧ ਬਣ ਚੁਕੇ ਸਨ। ਸਾਰਿਆਂ ਸਲਾਹ ਕੀਤੀ ਕਿ ਕੁਝ ਵੀ ਪਤਾ ਨਹੀਂ ਕਿ ਕੀ ਵਾਪਰੇਗਾ? ...ਕੁਝ ਵੀ ਹੋ ਸਕਦਾ ਸੀ? ...ਅਸੀਂ ਮਾਰੇ ਵੀ ਜਾ ਤਾਂ ਕਿ ਉਨ੍ਹਾਂ ਦਾ ਹਸਪਤਾਲ ਦੇ ਅੰਦਰ ਜਾਣਾ ਸੌਖਾ ਹੋ ਸਕੇ। ਉਸੇ ਕੋਲੋਂ ਇਹ ਪਤਾ ਲੱਗਾ ਕਿ ਕੱਲ੍ਹ ਆਉਂਦੇ ਹੋਏ ਰੌਲਾ ਸੀ ਕਿ ਆਈ ਐਨ ਐਸ ਮਾਰਕੀਟ ਦੇ ਕੋਲ ਇਕ ਸਿੱਖ ਦਾ ਸਕੂਟਰ ਰੋਕ ਕੇ ਉਸ 'ਚੋਂ ਹੀ ਪੈਟਰੋਲ ਕੱਢ ਸਕੂਟਰ ਉਪਰ ਡੋਲ੍ਹ ਕੇ ਅੱਗ ਲਗਾ ਦਿੱਤੀ ਸੀ। ਪਰ ਸ਼ਾਇਦ ਇਹ ਪਹਿਲਾ ਮੌਕਾ ਹੋਣ ਕਰਕੇ ਲੋਕ ਹਾਲੇ ਝਿਜਕ ਰਹੇ ਸਨ ਤੇ ਭੀੜ 'ਚੋਂ ਕਿਸੇ ਨੇ ਵੀ ਸਕੂਟਰ ਵਾਲੇ ਸਿੱਖ ਨੂੰ ਜਾਨੀ ਨੁਕਸਾਨ ਨਹੀਂ ਸੀ ਪਹੁੰਚਾਇਆ। ਫਰ ਪਲਾਂ ਵਿਚ ਹੀ ਉਥੇ ਭੀੜ ਵਿਚੋਂ ਕਿਸੇ ਦੀ ਇਕ ਆਵਾਜ਼ ਗੂੰਜੀ "ਅੱਗ ਲਾਓ ਇਹਨਾਂ ਸਾਲਿਆਂ ਨੂੰ ! "ਲੋਕਾਂ ਇਕ ਹੋਰ ਸਕੂਟਰ ਉਪਰ ਸਵਾਰ ਸਿੱਖ ਦੀ ਪੱਗ ਲਾਹ ਅੱਗ ਲਾ ਦਿੱਤੀ! ਪਿਛੋਂ ਸਕੂਟਰ ਨੂੰ ਵੀ ਅੱਗ ਲਾ ਦਿੱਤੀ...ਪਲਾਂ 'ਚ ਹੀ ਸਕੂਟਰ ਤੇ ਪੱਗਾਂ ਅੱਗ ਦੀ ਭੂਟ ਚੜ੍ਹ ਭਾਂਬੜ ਬਣ ਗਏ...! ਪਰ ਮਗਰੋਂ ਸੁਣਿਆ ਕਿ ਕਿਸੇ ਚੀਜ਼ ਦੀ ਪਰਵਾਹ ਨਾ ਕੀਤੀ ਗਈ...! ਨਾ ਜਾਨ ਦੀ ਤੇ ਨਾ ਮਾਲ ਦੀ। ਅਮਰੀਕ ਕੋਲ ਕੱਲ੍ਹ ਦੀ ਅਖਬਾਰ ਦਾ ਜਮੀਮਾ ਵੀ ਸੀ ਤੇ ਅਜ ਦੀਆਂ ਕੁਝ ਅਖਬਾਰਾਂ ਵੀ ਸਨ। ਅਮਰੀਕ ਦੱਸ ਰਿਹਾ ਸੀ ਕਿ ਕੱਲ੍ਹ ਅਖਬਾਰਾਂ ਦੇ ਬਾਹਰ "ਤਾਜ਼ੀ ਖਬਰ" ਵਾਲੇ ਬੋਰਡ 'ਤੇ "ਸਿੱਖ ਬਾਡੀਗਾਰਡਾਂ" ਦੇ ਗੋਲੀ ਮਾਰਨ ਦੀ ਗੱਲ ਲਿਖੀ ਹੋਈ ਸੀ! ਅਖਬਾਰਾਂ ਦੇ ਜਮੀਮੇ ਖਰੀਦ ਲੋਕ ਪੜ੍ਹ ਰਹੇ ਸਨ! ਕਿਸੇ ਲਿਖਿਆ ਸੀ "ਇੰਦਰਾ ਗਾਂਧੀ ਦਾ ਕਤਲ ਹੋ ਗਿਆ!" ਕਿਸੇ ਲਿਖਿਆ ਸੀ.. "ਦੋ ਸਿੱਖ ਬਾਡੀਗਾਰਡਾਂ ਗੋਲੀਆਂ ਨਾਲ ਵਿੰਨ੍ਹ ਦਿੱਤਾ !" ਕੋਈ ਕਹੇ...

ਹੋਣ, ਇਸ ਲਈ ਉਨ੍ਹਾਂ ਨੇ ਆਪਣੇ ਸੀਨੀਅਰਾ ਤੋਂ ਦੇਖਦੇ ਹੀ ਗੋਲੀ ਮਾਰਨ ਦੇ ਆਦੇਸ਼ ਮੰਗੇ ਸਨ!... ਜੇ ਮਿਲ ਗਏ ਤਾਂ ਆਪਣੇ ਇਲਾਕੇ ਵਿਚ ਹਾਲਾਤ ਕਾਫੀ ਹੱਦ ਤੀਕ ਕਾਬੂ 'ਚ ਹੀ ਰਹਿਣੇ ਸਨ...! ਉਹ ਦੋਵੇਂ ਪੁਲੀਸ ਅਫਸਰ ਕਾਫੀ ਐਕਟਿਵ ਸਨ। ਪੂਰਾ ਇਲਾਕਾ ਵੀ ਤੇ ਥਾਣਾ ਵੀ ਸੁਰੱਖਿਅਤ ਸੀ ਜਦ ਉਹ ਘਰ ਗਿਆ। ਪਰ ਉਸ ਨੇ ਜਦ ਸਵੇਰੇ ਹਾਲਾਤ ਬਾਰੇ ਹੋਰ ਜਾਣਕਾਰੀ ਲਈ ਥਾਣੇ ਸੰਪਰਕ ਕੀਤਾ ਤਾ ਪਤਾ ਲੱਗਾ ਕਿ ਉਨ੍ਹਾਂ ਦੋਹਾਂ ਅਫਸਰਾ ਦਾ ਤਬਾਦਲਾ ਕਰ ਦਿੱਤਾ ਗਿਆ! ..ਰਾਤੋ-ਰਾਤ...! ਉਹ ਦਸ ਰਿਹਾ ਸੀ ਕਿ ਉਸ ਦੇ ਦਫਤਰ ਵੀ ਖੰਬਰਾਂ ਦਾ ਤਾਂਤਾ ਲੱਗਾ ਰਿਹਾ, ਜਿਨ੍ਹਾਂ ਵਿਚ ਕਾਂਗਰਸੀ ਨੇਤਾਵਾਂ ਨੇ ਅੰਦਰ ਵੜ ਮੀਟਿੰਗਾਂ ਕੀਤੀਆਂ ਵੀ ਸ਼ਾਮਲ ਸੀ। ਇਨ੍ਹਾਂ ਮੀਟਿੰਗਾਂ 'ਚ ਮੁੱਦਾ ਇਹ ਪਕਾਇਆ ਗਿਆ ਕਿ ਸਿੱਖਾਂ ਨੂੰ ਗੁਰਦੁਆਰਿਆਂ ਵਿਚ ਨਾ ਜਾਣ ਦਿੱਤਾ ਜਾਵੇ। ਖਤਰਾ ਇਹ ਸਮਝਿਆ ਗਿਆ ਕਿ ਕਿਤੇ ਉਹ ਇਕੱਠੇ ਹੋ ਆਪਣਾ ਸਵੈ-ਰੱਖਿਆ ਦਾ ਇੰਤਜ਼ਾਮ ਨਾ ਕਰ ਲੈਣ! ...ਉਧਰ ਸ਼ਹਿਰ 'ਚ ਹਾਲਾਤ ਵਿਗੜਨ ਦੀ ਸੰਭਾਵਨਾ ਬਾਰੇ... ਸ਼ਹਿਰ ਦੇ ਮੁਹਤਬਰ ਲੋਕ ਜਿਨ੍ਹਾਂ 'ਚ ਸਾਬਕਾ ਫੌਜੀ ਵੀ ਸਨ, ਵੀ ਰਾਸ਼ਟਰਪਤੀ ਨੂੰ ਮਿਲੇ ਤੇ ਸਲਾਹਾਂ ਕੀਤੀਆਂ ਕਿ ਕੁਝ ਕੀਤਾ ਜਾਵੇ... ਗ੍ਰਹਿ ਮੰਤਰੀ ਨੂੰ ਸ਼ਹਿਰ ਦੇ ਕਈ ਹੋਰ ਮੁਹਤਬਰ ਲੋਕ ਵੀ ਖਬਰਦਾਰ ਕਰ ਚੁੱਕੇ ਸਨ ਪਰ ਗ੍ਰਹਿ ਮੰਤਰੀ ਭਰੋਸਾ ਦਿੰਦੇਇਹ ਹੀ ਕਹਿੰਦੇ ਰਹੇ... "ਸਭ ਕੁਝ ਕੰਟਰੋਲ 'ਚ ਹੈ।" ...ਉਹਦੇ ਜਾਣ ਮਗਰੋਂ ਫਿਰ ਮੈਂ ਸੋਚਾਂ ਵਿਚ ਪੈ ਗਿਆ। ਆਵਾ ਊਤ ਗਿਆ ਤਾਂ ਇਹ ਬੰਦਾ ਮੇਰੀ ਜ਼ਰੂਰ ਮਦਦ ਕਰੇਗਾ। ਕਿਉਂਕਿ ਉਸ ਦਾ ਰੀਕਾਰਡ ਸੀ ਕਿ ਉਸ ਨੇ ਆਪਣੀ ਬਦਮਾਸ਼ੀ ਦੀ ਭਰਪੂਰ ਭਖਦੀ ਦੁਪਹਿਰ ਵੇਲੇ ਵੀ ਕਦੇ ਕਿਸੇ ਗਰੀਬ ਜਾਂ ਲੋੜਵੰਦ ਨੂੰ ਤੰਗ ਨਹੀਂ ਸੀ ਕੀਤਾ। ਸਗੋਂ ਉਸ ਦੇ ਪੂਰੇ ਇਲਾਕੇ ਵਿਚ ਉਸ ਦੀ ਹਕੂਮਤ ਚਲਦੀ ਸੀ। ਇਥੋਂ ਤਕ ਕਿ ਜੇ ਪੁਲੀਸ ਕੋਲੋਂ ਕੋਈ ਗੁੱਥੀ ਨਾ ਸੁਲਝਦੀ ਤਾਂ ਇਸ ਲਈ ਉਹ ਚੁਟਕੀ ਦਾ ਕੰਮ ਹੁੰਦਾ। ਉਸ ਜ਼ਮਾਨੇ ਵਿਚ ਉਹ ਦਿੱਲੀ ਦਾ ਰਾਬਿਨਹੁੱਡ ਹੁੰਦਾ ਸੀ ਤੇ ਜੇਲ੍ਹ ਕੱਟਣ ਤੋਂ ਬਾਅਦ ਵੀ। ਮੈਨੂੰ ਉਸਦਾ ਬਹੁਤ ਆਸਰਾ ਹੋਇਆ ਸੀ ਉਦੋਂ।

ਸ਼ਰਮਾ ਜੀ ਆਏ ਤਾਂ ਬਹੁਤ ਘਬਰਾਏ ਹੋਏ ਸਨ। ਢੇਰ ਸਾਰੀਆਂ ਖਬਰਾਂ ਕਰਕੇ ਪਰੇਸ਼ਾਨ ਸਨ । ਉਹ ਦੱਸ ਰਹੇ ਸਨ ਕਿ ਸਾਰੇ ਸ਼ਹਿਰ ਵਿਚ ਰੌਲਾ ਪਿਆ ਹੋਇਆ ਕਿ "ਸਿੱਖਾਂ ਨੇ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਵਿਚ ਜ਼ਹਿਰ ਮਿਲਾ ਦਿੱਤਾਂ ਹੈ। ਪੁਲੀਸ ਵਾਲੇ ਸਭ ਨੂੰ ਵਰਜ ਰਹੇ ਹਨ ਕਿ ਨਲਕੇ ਵਾਲਾ ਪਾਣੀ ਨਾ ਪੀਓ।" ਮੈਂ ਸੁਣ ਕੇ ਖਾਮੋਸ਼ ਹੋ ਗਿਆ। ਬੱਚਿਆ ਵਲ ਦੇਖਣ ਲੱਗਾ। ਉਨ੍ਹਾਂ ਨੇ ਤਾਂ ਹੁਣੇ ਹੁਣੇ ਇਸ ਪਾਣੀ ਦੀ ਬਣੀ ਹੋਈ ਚਾਹ ਪੀਤੀ ਸੀ। ਸ਼ਰਮਾ ਜੀ ਮੇਰੇ ਵਲ ਦੇਖ ਰਹੇ ਸਨ ਤੇ ਮੈਂ ਬੱਚਿਆਂ ਵਲ। ਮੈਂ ਅੰਦਰੋਂ ਡਰ ਗਿਆ ਕਿ ਜਿਨ੍ਹਾਂ ਨੂੰ ਬਚਾਉਣ ਲਈ ਇਹ ਸਭ ਕੁਝ ਸਹਿ ਰਿਹਾਂ ਉਨ੍ਹਾਂ ਨੂੰ ਆਪਣੇ ਹੱਥੀਂ ਜ਼ਹਿਰ ਪਿਲਾ ਦਿੱਤੀ? ਪਰ ਪਲ ਮਗਰੋਂ ਹੀ ਇਹ ਡਰ ਉਤਰਨਾ ਸ਼ੁਰੂ ਹੋ ਗਿਆ ਕਿਉਂਕਿ ਸਿੱਖਾਂ ਦੇ ਘਰਾਂ ਵਿਚ ਵੀ ਤਾਂ ਇਹੀ ਪਾਣੀ





ਸਕਦੇ ਸਾਂ। ਉਨ੍ਹਾਂ ਨੇ ਵੀ ਜ਼ਿਦ ਕੀਤੀ ਕਿ ਅਸੀਂ ਉਨ੍ਹਾਂ ਨਾਲ ਉਨ੍ਹਾਂ ਦੇ ਘਰ ਚਲੀਏ, ਪਰ ਨਵੰਬਰ ਦੀ ਇਕ ਤਰੀਕ ਨੂੰ ਜਦ ਸਭ ਪਾਸੇ ਦੰਗੇ ਹੋ ਰਹੇ ਸਨ,ਤਾਂ ਸਾਡਾ ਘਰੋਂ ਇਸ ਤਰ੍ਹਾਂ ਜਾਣਾ ਸੰਭਵ ਨਹੀਂ ਸੀ। ਅਖੀਰ ਅਸੀਂ ਇਸ ਗੱਲ ਤੇ ਅਸੀਂ ਰਾਜ਼ੀ ਹੋ ਗਏ ਕਿ ਘਰ ਵਿਚ ਜਿੰਨਾ ਵੀ ਸੋਨਾ ਜਾਂ ਹੋਰ ਕੀਮਤੀ ਸਾਮਾਨ ਪਿਆ ਹੈ, ਉਹ ਉਨ੍ਹਾਂ ਦੇ ਹਵਾਲੇ ਕਰ ਦੇਈਏ ਤੇ ਜੇ ਅਸੀਂ ਬਚ ਗਏ ਤਾਂ ਫਿਰ ਲੈ ਲਵਾਂਗੇ ਪਰ ਜੇ ਬਚੇ ਹੀ ਨਾ ਤਾਂ, ਬਦਮਾਸ਼ਾਂ ਦੇ ਹੱਥ ਜਾਣੋਂ ਇਹ ਕੀਮਤੀ ਸਾਮਾਨ ਤਾਂ ਬਚ ਜਾਵੇਗਾ?

ਸੋ ਅਸੀਂ ਸਾਰਾ ਸਾਮਾਨ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਤੇ ਉਹ ਬਚ ਬਚਾ ਕੇ ਨਿਕਲ ਗਏ। ਉਸ ਤੋਂ ਮਗਰੋਂ ਵੀ ਮਾਲਾ ਹਰ ਰੋਜ਼ ਸਾਡਾ ਪਤਾ ਕਰਨ ਆਉਂਦੀ ਰਹੀ ਸੀ ਤੇ ਘਰ 'ਚ ਜੋ ਸਾਮਾਨ ਦੀ ਕਮੀ ਹੁੰਦੀ ਉਹ ਜਾਂ ਕਿਤਿਓਂ ਖਰੀਦ ਲਿਆਉਂਦੀ ਤੇ ਜਾਂ ਆਪਣੇ ਘਰੋਂ ਚੁਕ ਲਿਆਉਂਦੀ। ਸਾਡੇ ਇਲਾਕੇ 'ਚ ਸ਼ਾਇਦ ਉਹ ਪਹਿਲੀ ਧੜੱਲੇਦਾਰ ਕੁੜੀ ਸੀ ਜੋ ਵੈਸਪਾ ਸਕੂਟਰ 'ਤੇ ਮੇਰੇ ਦਫਤਰ ਤੇ ਹੋਰ ਆਸੇ ਪਾਸੇ ਆਉਂਦੀ- ਜਾਂਦੀ ਸੀ। ਲੋਕ ਟੱਡੇ ਮੂੰਹ ਨਾਲ ਉਹਦੇ ਵਲ ਤੱਕਦੇ ਤਾਂ ਸਹੀ, ਪਰ ਕੁਸਕਦਾ ਕੋਈ ਬਿਲਕੁਲ ਵੀ ਨਾ। ਸ਼ਾਇਦ ਮੇਰੇ ਰਸੂਖ ਜਾਂ ਡਰ ਕਰਕੇ ਤੇ ਜਾਂ ਮਾਲਾ ਦੀ ਆਪਣੀ ਦਲੇਰੀ ਕਰਕੇ।

ਸਹਿਮ 'ਚ ਸਭ ਦੀਆਂ ਨਜ਼ਰਾਂ ਟੀ.ਵੀ. 'ਤੇ ਗੱਡੀਆਂ ਹੋਈਆਂ ਸਨ! ... ਸਹਿਮ ਜਿਵੇਂ ਬੱਚਿਆਂ ਦੇ ਮਨਾਂ 'ਚ ਧੱਸ ਗਿਆ ਹੋਵੇ...! ਇਹ ਨਹੀਂ ਕਿ ਅਸੀਂ ਸਾਰੇ ਡਰਾਕਲ ਸੁਭਾਅ ਦੇ ਹੋਈਏ...ਜਾਨ 'ਤੇ ਖੇਲ੍ਹਣ ਲਈ ਅਸੀਂ ਤੇ ਬੱਚੇ ਹਰ ਤਰ੍ਹਾਂ ਤਿਆਰ ਸਾਂ। ਪਰ ਮੈਂ ਵਾਰ ਵਾਰ ਇਸ ਗੱਲ 'ਤੇ ਕਿਰਸ ਕਰ ਰਿਹਾ ਸੀ, ਕਿ ਹਕੂਮਤ ਦੇ ਹੁੰਦਿਆਂ ਇਥੇ ਨਾ-ਹਕੂਮਤ ਚਲ ਰਹੀ ਹੈ?...ਇਹ ਸਭ ਤੋਂ ਵੱਡਾ ਵਿਸ਼ਵਾਸਘਾਤ ਹੈ! ਇਹ ਲਗਣ ਲਗ ਪਿਆ ਕਿ ਜਦ ਵਾੜ ਹੀ ਖੇਤ ਨੂੰ ਖਾਣ ਲਈ ਤਿਆਰ ਬੈਠੀ ਹੈ ਤਾਂ ਅਜਿਹੇ ਮੌਕੇ ਜਾਨ ਗੁਆਉਣੀ ਬੇਵਕੂਫੀ ਹੋਵੇਗੀ।

ਅਚਾਨਕ ਬਾਹਰੋਂ ਕਿਸੇ ਦੇ ਆਉਣ ਵਾਲੀ ਘੰਟੀ ਵੱਜੀ। ਇਹ ਮੇਰਾ ਦੋਸਤ ਅਮਰ਼ੀਕ ਅਰੋੜਾ ਸੀ। ਸਾਡੀ ਕਾਫੀ ਸਮੇਂ ਤੋਂ ਦੋਸਤੀ ਸੀ ਤੇ ਉਹ ਸਾਨੂੰ ਆਪਣੇ ਘਰ ਲੈ ਜਾਣ ਆਇਆ ਸੀ। ਮੈਂ ਉਸ ਨੂੰ ਸਾਰੇ ਹਾਲਾਤ ਤੋਂ ਜਾਣੂੰ ਕਰਵਾਇਆ। ਫਿਰ ਅਚਾਨਕ ਜਿਵੇਂ ਜਿਵੇਂ ਸਮਾਂ ਲੰਘਦਾ ਜਾ ਰਿਹਾ ਸੀ, ਤਿਵੇਂ ਤਿਵੇਂ ਬਹੁਤ ਹੀ ਡਰਾਉਣਾ ਸੀਨ ਬਣਦਾ ਜਾ ਰਿਹਾ ਸੀ। ਅਮਰੀਕ ਕਿਉਂਕਿ ਸਰਕਾਰੀ ਅਫਸਰ ਸੀ ਤੇ ਉਹਦਾ ਦਫਤਰ ਸਫਦਰਜੰਗ ਹਸਪਤਾਲ ਵਲ ਹੀ ਪੈਂਦਾ ਸੀ, ਇਸ ਕਰਕੇ ਕੱਲ੍ਹ ਉਹ ਉਧਰੋਂ ਲੰਘਦਾ ਆਇਆ ਸੀ। ਉਹ ਦੱਸ ਰਿਹਾ ਸੀ ਕਿ ਜਦੋਂ ਗਿਆਨੀ ਜ਼ੈਲ ਸਿੰਘ, ਜੋ ਕਿ ਉਸ ਵੇਲੇ ਭਾਰਤ ਦੇ ਰਾਸ਼ਟਰਪਤੀ ਸਨ, ਦੀ ਕਾਰ ਉਪਰ ਵੀ ਭੀੜ ਨੇ ਸਿੱਖ ਸਮਝ ਕੇ ਪਥਰਾਉ ਕੀਤਾ ਸੀ। ਪਰ ਜਲਦੀ ਹੀ ਸਕਿਉਰਿਟੀ ਵਾਲਿਆਂ ਨੇ ਉਨ੍ਹਾਂ ਦੇ ਨੇੜਿਉਂ ਭੀੜ ਨੂੰ ਤਿਤਰ- ਬਿਤਰ ਕਰਾ ਦਿੱਤਾ ਸੀ, """ਇਕ ਮੋਨਾ ਵੀ ਸੀ !" ਕੋਈ ਕਹੇ...„ਤੀਜਾ ਮੁਸਲਮਾਨ ਸੀ !... ਪ੍ਰਧਾਨ ਮੰਤਰੀ ਦੇ ਘਰ ਵਾਲੇ ਵਿਜ਼ੀਟਰ ਰਜਿਸਟਰ ਵਿਚ ਉਹਦਾ ਨਾਂ ਦਰਜ ਏ !" ਅਫਵਾਹਾਂ ਤੇ ਖਬਰਾਂ ਦਾ ਤਾਂਤਾ ਦੁਪਹਿਰ ਤੀਕ ਲੱਗ ਚੀਕਾ ਸੀ । ਜਿਹੜੇ ਜਮੀਮੇ ਉਹਦੇ ਕੋਲ ਸਨ ਇਹ ਸਭ ਤਸਦੀਕ ਕਰ ਰਹੇ ਸਨ ! ...ਅਮਰੀਕ ਸਾਡਾ ਹਾਲ ਪੁੱਛ ਤ੍ਰਿਕਾਲਾਂ ਵੇਲੇ ਪਤਾ ਕਰਨ ਆਉਣ ਦਾ ਵਾਅਦਾ ਕਰ ਤੁਰ ਹਿਆ।

ਖੈਰ, ਅਖਬਾਰਾਂ ਨੇ ਵੀ ਇਸ ਗਰਮਾਇਸ਼ ਵਿਚ ਲੋਕਾਂ ਦੀ ਮਾਨਸਿਕਤਾ ਨੂੰ ਭੜਕਾਉਣ ਲਈ ਬਹੁਤ ਅਜੀਬੋ ਗਰੀਬ ਰੋਲ ਅਦਾ ਕੀਤਾ। ਜਿਹੜੇ ਲੋਕ ਪੰਜਾਬੋਂ ਬਾਹਰ ਇਸ ਤਰ੍ਹਾਂ ਦੀ ਹਾਲਾਤ ਵਿਚ ਫਸੇ ਹੋਏ ਸਨ, ਉਨ੍ਹਾਂ ਲਈ ਕਈ ਖਬਰਾਂ ਵੀ "ਤੋਹਫਾ" ਬਣ ਕੇ ਆਈਆਂ, ਜਿਸ ਨੇ ਬਲਦੀ ਤੇ ਤੇਲ ਪਾਉਣ ਦਾ ਕੰਮ ਕੀਤਾ। ਇਕ ਖਬਰ ਇਹ ਛਪੀ ਕਿ ਅੰਮ੍ਰਿਤਸਰ ਵਿਚ ਸਿੱਖਾਂ ਦੇ ਇਕ ਨੇਤਾ ਨੂੰ ਕਿਸੇ ਪੱਤਰਕਾਰ ਨੇ ਇਹ ਪੁਛਿਆ ਕਿ ਜੋ ਸਿੱਖ ਪੰਜਾਬੋਂ ਬਾਰਰ ਫਸੇ ਹੋਏ ਹਨ, ਉਨ੍ਹਾਂ ਦੀ ਮਦਦ ਲਈ ਤੁਸੀਂ ਕੀ ਕਰ ਰਹੇ ਹੋ?...ਇਸ ਦੇ ਜੁਆਬ ਵਿਚ ਉਸ ਨੇਤਾ ਦਾ ਕਹਿਣਾ ਸੀ ਕਿ "ਸਾਡੇ ਲਈ ਤਾਂ ਪੰਜਾਬੋਂ ਬਾਹਰ ਰਹਿੰਦੇ ਸਿੱਖ ਪਹਿਲਾਂ ਹੀ ਮਰੇ ਹੋਏ ਹਨ। ਜੇ ਕੋਈ ਉਥੋਂ ਬਚ ਕੇ ਆ ਜਾਵੇ ਤਾਂ ਅਸੀਂ ਮੁਨਾਸਿਬ ਮਦਦ ਕਰਨ ਨੂੰ ਤਿਆਰ ਹਾਂ।" ਇਸ ਇਕ ਬਿਆਨ ਨੇ ਬਲਦੀ ਨੂੰ ਹੋਰ ਸੇਕ ਦੇਣ ਦਾ ਜੋ ਕੰਮ ਕੀਤਾ, ਉਹਦੇ ਨਾਲ ਇਹ ਹੋਇਆ ਕਿ ਦੰਗਾਈਆਂ ਦੇ ਹੌਂਸਲੇ ਹੋਰ ਵਧ ਗਏ। ਉਨਾਂ ਨੂੰ ਲੱਗਾ ਕਿ ਦਿੱਲੀ ਦੇ ਸਿੱਖਾਂ ਨੂੰ ਜੋ ਮਰਜ਼ੀ ਕਰ ਲਓ, ਕਿਸੇ ਨੇ ਬਾਤ ਨਹੀਂ ਪੁਛਣੀ।

ਦਿਨ ਲੰਘਦਾ ਜਾ ਰਿਹਾ ਸੀ । ਪਰ ਰਾਤ 'ਚ ਹਾਲੇ ਦੇਰ ਸੀ ।...ਟੀ.ਵੀ. ਕੈਮਰਾ ਤੀਨ ਮੂਰਤੀ ਹਾਊਸ 'ਚ ਇੰਦਰਾ ਦੀ ਮ੍ਰਿਤਿਕ ਦੇਹ 'ਤੇ ਟਿਕਿਆ ਖੰਬਰਾਂ ਦਿੰਦਾ ਰਿਹਾ...!...ਹਾਲੇ ਮੈਂ ਇਨ੍ਹਾਂ ਪਰੇਸ਼ਾਨੀਆ 'ਚੋਂ ਲੰਘ ਰਿਹਾ ਸਾਂ ਕਿ ਮੇਰਾ ਇਕ ਪੱਤਰਕਾਰ ਦੋਸਤ ਆਇਆ ਤਾਂ ਉਹ ਦੱਸ ਰਿਹਾ ਸੀ ਕਿ ਹਾਲਾਤ ਬਹੁਤ ਖਰਾਬ ਹਨ । ਉਸ ਚਾਹ ਪੀਂਦਿਆ ਦੱਸਿਆ ਕਿ ਉਨ੍ਹਾ ਦੇ ਇਲਾਕੇ 'ਚ ਵੀ ਕਾਫੀ ਗੜਬੜ ਹੈ !...ਰਾਤੀਂ ਰੋਸ਼ਨਆਰਾ ਰੋਡ...ਸ਼ੋਰਾ ਕੋਠੀ...ਮਲਕਾ ਗੰਜ...ਸਾਰੇ ਇਲਾਕੇ ਵਿਚ ਲੁੱਟਮਾਰ ਮਚੀ ਹੋਈ ਸੀ... ਪਰ ਸਬਜ਼ੀ ਮੰਡੀ ਥਾਣੇ 'ਚ ਸਿੱਖ ਇਨਸਪੈਕਟਰ ਤੇ ਏ.ਸੀ.ਪੀ. ਪੂਰੇ ਇਲਾਕੇ ਵਿਚ ਕਾਫੀ ਪ੍ਰਭਾਵਤ ਰਹੇ ਸਨ...ਕਲ੍ਹ ਰਾਤ ਹੀ ਉਨ੍ਹਾ ਲੁੱਟਮਾਰ ਕਰਨ ਵਾਲੇ ਨੱਬੇ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਸੀ...ਕਰੀਬ ਲੱਖ ਰੁਪਏ ਦਾ ਲੁਟਿਆ ਮਾਲ ਵੀ ਬਰਾਮਦ ਕਰ ਲਿਆ ਸੀ!...ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾ ਦੇ ਇਸ ਐਕਸ਼ਨ ਦੇ ਵਿਰੋਧ ਵਿਚ ਕੁਝ ਲੋਕ ਥਾਣੇ ਨੂੰ ਅੱਗ ਲਗਾਉਣ ਦੀ ਤਿਆਰੀ ਕਰ ਰਹੇ ਹਨ ਤਾ ਉਹ ਥਾਣੇ ਵਲ ਲਪਕੇ ਤੇ ਅਜਿਹੀ ਘਟਨਾ ਨਾ ਵਾਪਰੇ ਦਾ ਪੂਰਾ ਇੰਤਜ਼ਾਮ ਕਰ ਮੁੜ ਇਲਾਕੇ 'ਚ ਇੰਤਜ਼ਾਮ ਲਈ ਚਲੇ ਗਏ ਸਨ...! ਉਹ ਦੱਸ ਰਿਹਾ ਸੀ ਕਿ ਹਾਲਾਤ ਹੋਰ ਖਰਾਬ ਨਾ ਤਿਲਲਿਹਟ ਵਧਦੀ ਜਾ ਰਹੀ ਸੀ।

ਡਾਕਟਰ ਨੂਰ ਦਾ ਗੁਆਂਢੀ ਭੂਸ਼ਨ ਘਰ ਦੇ ਦਰਵਾਜ਼ੇ ਕੋਲ ਖੜਾ ਸਾਡਾ ਘਰ ਲਭ ਰਿਹਾ ਸੀ। ਮੈਨੂੰ ਦੇਖ ਉਹ ਖੁਸ਼ ਹੋਇਆ ਕਿ ਮੈਂ ਠੀਕ ਠਾਕ ਹਾਂ। ਉਸ ਨੂੰ ਨੂਰ ਤੇ ਰਾਣੀ ਭਾਬੀ ਨੇ ਭੇਜਿਆ ਸੀ ਸਾਡਾ ਪਤਾ ਕਰਨ ਲਈ ਕਿ ਅਸੀਂ ਸਭ ਲੋਕ ਠੀਕ ਠਾਕ ਹਾਂ? ...ਕਿਉਂਕਿ ਚਰਚਾ ਇਹ ਸੀ ਕਿ ਸਾਰੀ ਲੁੱਟ ਮਾਰ ਗੁੱਜਰ ਹੀ ਕਰ ਰਹੇ ਸਨ ਤੇ ਮੇਰਾ ਘਰ ਉਨ੍ਹਾਂ ਦੇ ਐਨ ਨਾਲ ਲਗਦਾ ਸੀ। ਮੇਰੀ ਇਥੇ ਰਿਹਾਇਸ਼ ਦਾ ਵੀ ਫਾਇਦਾ ਹੋਇਆ ਕਿ ਸਭ ਜਾਣਦੇ ਸਨ। ਉਹ ਲੋਕ ਉਂਝ ਭਾਵੇਂ ਜਰਾਈਮ ਪੇਸ਼ੇ ਵਜੋਂ ਲੱਖ ਬਦਨਾਮ ਹੋਣ, ਪਰ ਆਪਣੇ ਇਲਾਕੇ ਵਿਚ ਇਸ ਤਰ੍ਹਾਂ ਦਾ ਕਾਰਾ ਨਹੀਂ ਸੀ ਕਰਦੇ ਤੇ ਉਹ ਵੀ ਮੇਰੇ ਵਰਗੇ ਬੰਦੇ ਨਾਲ। ਪਰ ਰਾਣੀ ਭਾਬੀ ਤੇ ਨੂਰ ਚਿੰਤਿਤ ਇਸ ਕਰਕੇ ਵੀ ਸਨ ਕਿ ਮੇਰਾ ਗੁਆਂਢ ਇਲਾਕਾ ਬਹੁਤ ਵਧੀਆ ਨਹੀਂ ਸੀ । ਪਰ ਦੂਜੇ ਪਾਸੇ ਮੈਨੂੰ ਨੂਰ ਦੀ ਵੱਧ ਚਿੰਤਾ ਹੋ ਰਹੀ ਸੀ ਪਰ ਉਸ ਨੇ ਮੇਰਾ ਪਤਾ ਕਰਨ ਲਈ ਭੂਸ਼ਨ ਨੂੰ ਭੇਜ ਪਹਿਲ ਕਰ ਲਈ ਸੀ। ਭੂਸ਼ਨ ਚਾਹ ਪੀ ਕੇ ਨੂਰ ਤੇ ਰਾਣੀ ਭਾਬੀ ਨੂੰ ਸਾਡੀ ਸੁੱਖ ਸਾਂਦ ਦੱਸਣ ਲਈ ਚਲਾ ਗਿਆ। ਇਥੇ ਇਕ ਐਸੇ ਵਿਅਕਤੀ ਦਾ ਜ਼ਿਕਰ ਕਰਨਾ ਜ਼ਰੂਰੀ ਹੈ । ਇਹ ਸੱਜਣ ਆਪਣੇ ਜ਼ਮਾਨੇ ਦਾ ਖੂੰ-ਖਾਰ ਬਦਮਾਸ਼ ਤੇ ਦਿੱਲੀ ਦਾ ਸਿਰਕੱਢ ਨੰਬਰੀਆ ਡਾਕੂ ਵੀ ਰਿਹਾ ਸੀ । ਇਕ ਵਕਤ ਸੀ ਕਿ ਪੁਲੀਸ ਉਪਰ ਵੀ ਉਸ ਦਾ ਕਹਿਰ ਹੁੰਦਾ ਸੀ। ਉਸ ਦਾ ਸਾਹਮਣਾ ਜਿਸ ਨਾਲ ਵੀ ਹੁੰਦਾ, ਉਹ ਭਾਵੇਂ ਪੁਲੀਸ ਵਾਲਾ ਹੁੰਦਾ ਤੇ ਭਾਵੇਂ ਕੋਈ ਹੋਰ, ਇਹੀ ਦੁਆ ਕਰਦਾ ਕਿ ਕਦੋਂ ਤੇ ਕਿਵੇਂ ਉਸ ਦੇ ਸਾਹਮਣਿਓਂ ਗਾਇਬ ਹੋ ਜਾਵੇ। ਇਨ੍ਹਾਂ ਦੰਗਿਆਂ ਵੇਲੇ ਉਸ ਦਾ ਘਰ ਵੀ ਸਾਡੇ ਨੇੜੇ ਹੀ ਸੀ। ਸਰਕਾਰੀ ਸਕੀਮ ਅਨੁਸਾਰ ਉਸ ਨੇ ਆਪਣੇ ਆਪ ਨੂੰ ਸਰੰਡਰ ਕਰਾ ਕੇ ਜੇਲ੍ਹ ਕੱਟ ਲਈ ਸੀ ਤੇ ਹੁਣ ਮੱਝਾਂ ਦਾ ਦੁੱਧ ਵੇਚਦਾ ਸੀ। ਬੜੀ ਅਜੀਬ ਸ਼ਕਲ ਸੀ ਉਸ ਦੀ। ਗਿੱਠ-ਗਿੱਠ ਮੁੱਛਾਂ, ਚੌੜੀ ਪਕੌੜੇ ਵਰਗੀ ਨੱਕ, ਕਿਲੋ ਕਿਲੋ ਦੇ ਬੁੱਲ, ਕੱਦ ਵੀ ਸੁੱਖ ਨਾਲ ਛੇ ਫੁੱਟ ਤੋਂ ਉਪਰ ਹੀ ਸੀ ਉਸ ਦਾ। ...ਆਪ ਉਹ ਤਖਤਪੋਸ਼ ਤੇ ਬੈਠ ਹੁੱਕਾ ਪੀਂਦਾ ਤੇ ਜਾਂ ਆਪਣੇ ਪੋਤਿਆਂ ਨਾਲ ਤਾਸ਼ ਖੇਢਦਾ ਰਹਿੰਦਾ। ਉਸ ਦਾ ਨੌਕਰ ਜਾਂ ਪੁੱਤ ਦੁੱਧ ਮਾਪ ਕੇ ਵੇਚਦਾ। ਉਹ ਮੈਨੂੰ ਜਾਣਦਾ ਤਾਂ ਉਦੋਂ ਤੋਂ ਸੀ ਜਦੋਂ ਤੋਂ ਉਸ ਦੀ ਨਾਜਾਇਜ਼ ਕੰਮਾਂ ਵਿਚ ਸਰਦ-ਾਰੀ ਚਲਦੀ ਸੀ, ਪਰ 1984 ਦੇ ਹਾਲਾਤ ਸਮੇਂ ਉਸ ਨੂੰ ਮੇਰੀ ਵਧੇਰੇ ਹੀ ਫਿਕਰ ਲਗ ਗਈ। ਜਦੋਂ ਇਹ ਸਾਰੇ ਪਾਸੀਂ ਦੰਗੇ ਹੋ ਰਹੇ ਸਨ, ਉਸ ਨੇ ਲਗਾਤਾਰ ਸਾਡੇ 'ਤੇ ਨਜ਼ਰ ਰਖੀ ਤੇ ਹਰ ਤਰ੍ਹਾਂ ਦੀ ਸਹਾਇਤਾ ਕਰਦਾ ਰਿਹਾ। ਉਸ ਦੇ ਘਰੋਂ ਵੀ ਲਗਾਤਾਰ ਸੁਨੇਹੇ ਆਉਂਦੇ ਰਹੇ ਕਿ ਕੁਝ ਚਾਹੀਦਾ ਹੋਵੇ ਤਾਂ ਬਿਨਾਂ ਝਿਜਕ ਅਸੀਂ ਉਨ੍ਹਾਂ ਨੂੰ ਕਹਿ ਸਕਦੇ ਹਾਂ। ਉਸ ਨੇ ਵੀ ਪਹਿਲੇ ਹੀ ਦਿਨ ਕੁਝ ਗੁੜ ਤੇ ਹੋਰ ਖਾਣ ਪੀਣ ਦੀਆਂ ਚੀਜ਼ਾਂ ਭੇਜ ਦਿੱਤੀਆਂ ਤੇ ਅੱਗੋਂ ਤਾਕੀਦ ਵੀ ਕੀਤੀ ਕਿ ਜੋ ਚਾਹੀਦਾ ਹੋਵੇ ਉਨ੍ਹਾਂ ਨੂੰ ਦੱਸੀਏ। ਮੈਨੂੰ ਇਸ ਗੱਲ ਦਾ ਵੀ ਬਹੁਤ ਸਹਾਰਾ ਸੀ ਕਿ ਜੇ ਬਿਲਕੁਲ ਹੀ ਇਸਤਿਮਾਲ ਹੋਣਾ ਸੀ? ਇਹ ਜਰੂਰ ਅਫਵਾਹ ਹੋਵੇਗੀ। ਅਸੀਂ ਬੈਠੇ ਗੱਲਾਂ ਕਰਦੇ ਰਹੇ। ਮੈਂ ਸ਼ਰਮਾ ਜੀ ਨੂੰ ਵਾਰ ਵਾਰ ਇਹੀ ਕਹਿੰਦਾ ਕਿ ਇਹ ਖਬਰ ਝੂਠੀ ਹੋਵੇਗੀ। ਮੈਂ ਉਨ੍ਹਾਂ ਨੂੰ ਦੱਸਦਾ ਰਿਹਾ ਕਿ ਸੰਤਾਲੀ ਵਿਚ ਕਿੱਦਾਂ ਅਫਵਾਹਾਂ ਨੇ ਦੰਗੇ ਕਰਵਾਏ ਸਨ। ਇਹੋ ਜਿਹੀਆਂ ਖਬਰਾਂ ਉਹੀ ਉੜਾਉਂਦੇ ਹਨ ਜਿਨ੍ਹਾਂ ਦੀ ਅਜਿਹੀ ਗੜਬੜ ਕਰਵਾਉਣ ਦੀ ਇੱਛਾ ਹੁੰਦੀ ਹੈ।

ਮੈਂ ਸ਼ਰਮਾ ਜੀ ਨੂੰ ਕਿਹਾ ਕਿ ਮੇਰੇ ਦਫਤਰ ਦਾ ਇਕ ਚੱਕਰ ਲਗਾ ਲਈਏ? ਮੈਂ ਇਸੇ ਬਹਾਨੇ ਡਾਕਟਰ ਨੂਰ ਤੇ ਕ੍ਰਿਸ਼ਨਾ ਸੋਬਤੀ ਦਾ ਪਤਾ ਵੀ ਕਰਨਾ ਚਾਹੂੰਦਾ ਸਾਂ। ਅਸੀਂ ਜਦੋਂ ਮੇਰੇ ਦਫਤਰ ਕੋਲ ਪਹੁੰਚੇ ਤਾਂ ਮੇਰਾ ਦਫਤਰ ਤਾਂ ਠੀਕ ਠਾਕ ਸੀ। ਉਂਝ ਵੀ ਪਹਿਲੀ ਮੰਜ਼ਿਲ 'ਤੇ ਹੋਣ ਕਰਕੇ ਖਤਰਾ ਘੱਟ ਸੀ। ਤੇ ਇਸ ਦੇ ਉਪਰੋਂ ਉਪਰਲੀ ਮੰਜ਼ਿਲ 'ਤੇ ਮਕਾਨ ਮਾਲਕ ਜੈਨੀਆਂ ਦਾ ਘਰ ਸੀ। ਉਨ੍ਹਾ ਨੇ ਹੇਠਲਾ ਗੇਟ ਹੀ ਤਾਲਾ ਲਗਾ ਕੇ ਬੰਦ ਕੀਤਾ ਹੋਇਆ ਸੀ। ਤੇ ਉਹ ਖੁਦ ਚਾਰੋਂ ਭਰਾ ਘਰੇ ਹੀ ਸਨ। ਇਸ ਕਰਕੇ ਦਫਤਰ ਦਾ ਮੈਨੂੰ ਖਤਰਾ ਨਾ ਭਾਸਿਆ। ਅਸੀਂ ਡਾਕਟਰ ਨੂਰ ਦੇ ਘਰ ਵਲ ਜਾਣ ਲੱਗੇ ਹੀ ਸਾਂ ਕਿ ਯੂਨੀਵਰਸਿਟੀ ਦੇ ਕਈ ਵਿਦਿਅਰਥੀ ਲੁੱਟ ਦਾ ਮਾਲ ਚੁੱਕੀ ਜਾ ਰਹੇ ਸਨ। ਉਨ੍ਹਾਂ 'ਚੋਂ ਇਕ ਮੁੰਡਾ ਮੈਨੂੰ ਜਾਣਦਾ ਸੀ। ਜਦ ਉਸ ਨੇ ਮੈਨੂੰ ਦੇਖਿਆ ਤਾਂ ਕੁਝ ਝੇਪ ਕੇ ਮੂੰਹ ਪਰੇ ਨੂੰ ਕਰ ਲਿਆ। ਪਰ ਮੈਂ ਅਖੀਰ ਉਸ ਨੂੰ ਬੁਲਾ ਹੀ ਲਿਆ ਤਾਂ ਉਹ ਡਰਦਾ ਡਰਦਾ ਮੇਰੇ ਕੋਲ ਆਇਆ। ਉਸ ਨੇ ਦੱਸਿਆ ਕਿ ਕਿਵੇਂ ਸਵੇਰੇ ਦੁਕਾਨਾਂ ਦੇ ਸ਼ਟਰ ਖੋਹਲੇ ਗਏ ਤੇ ਕਿਵੇਂ ਲੋਕਾਂ ਨੂੰ ਉਕਸਾਇਆ ਗਿਆ ਕਿ ਅੰਦਰ ਵੜ ਕੇ ਜੋ ਮਰਜ਼ੀ ਲੁੱਟ ਲਓ। ਸ਼ਟਰ ਖੋਹਲਣ ਵਾਲੇ ਮੁੜਕੇ ਪਤਾ ਨਹੀਂ ਕਿੱਥੇ ਗਏ, ਜਿਵੇਂ ਉਨ੍ਹਾਂ ਨੂੰ ਸਿਰਫ ਸ਼ਟਰ ਖੋਹਲਣ ਲਈ ਹੀ ਬੁਲਾਇਆ ਹੋਵੇ। ਪਹਿਲਾਂ ਤਾਂ ਲੋਕੀ ਡਰਦੇ ਸਨ ਕਿ ਪਤਾ ਨਹੀਂ ਕੀ ਹੋ ਜਾਵੇ, ਚੋਰੀ ਤਾਂ ਚੋਰੀ ਹੀ ਹੈ, ਪਰ ਹੌਲੀ ਹੌਲੀ ਲੋਕਾਂ ਦੇ ਹੌਂਸਲੇ ਵਧਦੇ ਗਏ। ਯੂਨੀਵਰਸਿਟੀ ਵਿਚ ਵੀ ਇਹੀ ਹਾਲ ਸੀ। ਉਸ ਨੇ ਦੱਸਿਆ ਕਿ ਜਦੋਂ ਕੁਝ ਮੁੰਡਿਆਂ ਨੇ ਹੋਸਟਲ 'ਚ ਜਾ ਕੇ ਸਾਥੀਆਂ ਨੂੰ ਚੀਜ਼ਾਂ ਦਿਖਾਈਆਂ ਤਾਂ ਉਹ ਵੀ ਉੱਠ ਕੇ ਨਾਲ ਤੁਰ ਪਏ। ਤੇ ਇਸ ਤਰ੍ਹਾਂ ਇਕ ਤੋਂ ਬਾਦ ਦੂਜਾ ਆਉਂਦੇ ਰਹੇ। ਪਰ ਹਾਲਾਂਕਿ ਮੈਨੂੰ ਅਹਿਸਾਸ ਸੀ ਕਿ ਮੇਰੇ ਇਸ ਯਤਨ ਨਾਲ ਕੁਝ ਨਹੀਂ ਫਰਕ ਪੈਣਾ, ਪਰ ਆਪਣੀ ਆਤਮਾ ਦੀ ਆਵਾਜ਼ ਸੁਣਦਿਆਂ ਮੈ ਉਸ ਮੁੰਡੇ ਤੋਂ ਲੁੱਟ ਕੇ ਲਿਆਂਦੀਆਂ ਜੀਨਾਂ ਵਾਪਸ ਰਖਵਾਈਆਂ ਤੇ ਉਸ ਨੂੰ ਵਰਜਿਆ ਵੀ ਕਿ ਕਿਸੇ ਇਨਸਾਨ ਦੀ ਮਜਬੂਰੀ ਦਾ ਇਸ ਤਰ੍ਹਾਂ ਫਾਇਦਾ ਨਹੀਂ ਉਠਾਈਦਾ। ਉਸ ਤੋਂ ਵਾਅਦਾ ਲੈ ਕਿ ਉਹ ਹੋਰ ਮੁੰਡਿਆਂ ਤੋਂ ਵੀ ਲੁੱਟਿਆ ਸਾਮਾਨ ਵਾਪਸ ਕਰਾਏਗਾ, ਤਾਂ ਅਸੀਂ ਡਾਕਟਰ ਨੂਰ ਵੱਲ ਵਿਜੇ ਨਗਰ ਚਲੇ ਗਏ। ਉਥੇ ਜਾ ਕੇ ਸਾਨੂੰ ਇਸ ਤਰ੍ਹਾਂ ਲਗਾ ਜਿਵੇਂ ਉਥੇ ਰਹਿਣ ਵਾਲਿਆਂ ਨੂੰ ਦੀਨ-ਦੁਨੀਆਂ ਦਾ ਕੋਈ ਪਤਾ ਹੀ ਨਾ ਹੋਵੇ।


**(ਲੜੀਵਾਰ ਚਲਦਾ ਲੇਖ)**

# ਸਾਹਿਤਕ ਪੈੜਾਂ

## ਡਾ.ਮੋਹਣ ਤਿਆਗੀ ਦੀ ਅਮਰੀਕਾ ਫੇਰੀ ਬਾਰੇ

**ਪਿਆਰੇ ਪ੍ਰੇਮ ਕੁਮਾਰ ਜੀ ਚੁੰਬਰ**
**ਚੀਫ ਐਡੀਟਰ, 'ਦੇਸ਼ ਦੁਆਬਾ' ਸੈਕਰਾਮੈਂਟੋ**

ਚੁੰਬਰ ਸਾਹਿਬ ਤੁਸਾਂ ਦੇਸ਼ ਦੁਆਬਾ ਅਖਬਾਰ ਦੇ 25 ਜੂਨ 2015 ਦੇ ਅੰਕ ਵਿਚ ਡਾ. ਮੋਹਣ ਤਿਆਗੀ ਦੀ ਅਮਰੀਕਾ ਫੇਰੀ ਬਾਰੇ ਲਿਖਿਆ ਹੈ, ਪੜ੍ਹ ਕੇ ਬੇਹੱਦ ਖੁਸ਼ੀ ਹੋਈ। ਚੁੰਬਰ ਸਾਹਿਬ,



ਤਿਆਗੀ ਸਾਹਿਬ ਦਾ ਨਾਂ ਤਾਂ ਬੜੇ ਚਿਰਾਂ ਤੋਂ ਸੁਣਦੇ ਆ ਰਹੇ ਸਾਂ, ਮਗਰ ਉਹਨਾਂ ਦੇ ਪਿਛੋਕੜ, ਸਿੱਖਿਆ ਅਤੇ ਉਪਲੱਬਧੀਆਂ ਬਾਰੇ ਘੱਟ ਲੋਕਾਂ ਨੂੰ ਪਤਾ ਸੀ। ਤਿਆਗੀ ਸਾਹਿਬ ਆਪਣੀ ਮਿਹਨਤ, ਹਿੰਮਤ ਅਤੇ ਲਗਨ ਸਦਕਾ ਕਿੱਥੋਂ ਉਠ ਕੇ ਕਿੱਥੇ ਪੁੱਜ ਗਏ। ਇਹ 'ਦੇਸ਼ ਦੁਆਬਾ' ਅਖ਼ਬਾਰ ਪੜ੍ਹ ਕੇ ਪਤਾ ਲੱਗਾ ਹੈ। ਇਹੋ ਜਿਹੇ ਹਿੰਮਤੀ ਨੌਜਵਾਨ, ਮੁਲਕ ਅਤੇ ਕੌਮਾਂ ਦੀ ਸ਼ਾਨ ਹੁੰਦੇ ਹਨ। ਮੈਂ ਇਹੋ ਜਿਹੀਆਂ ਸ਼ਖਸੀਅਤਾਂ ਨੂੰ ਸਲਾਮ ਕਰਦਾ ਹਾਂ।

ਚੁੰਬਰ ਸਾਹਿਬ ਅੱਜਕਲ੍ਹ ਪਾਠਕ 'ਦੇਸ਼ ਦੁਆਬਾ' ਬੜੇ ਸ਼ੌਂਕ ਨਾਲ ਪੜ੍ਹਦੇ ਹਨ। ਇਹਦੀ ਕਾਮਯਾਬੀ ਦਾ ਰਾਜ਼ ਇਸ ਗੱਲ 'ਤੇ ਵੀ ਨਿਰਭਰ ਕਰਦਾ ਹੈ ਕਿ ਇਸ ਲਈ ਲਿਖਣ ਵਾਲੇ ਬਹੁਤ ਸਾਰੇ ਵਿਦਵਾਨ ਲਿਖਾਰੀ ਹਨ। ਮਿਸਾਲ ਦੇ ਤੌਰ ਤੇ ਡਾ. (ਪ੍ਰੋਫੈਸਰ) ਰੌਣਕੀ ਰਾਮ, ਡਾ. ਜਸਵੰਤ ਰਾਏ ਅਤੇ ਪ੍ਰੋ. ਐਚ. ਐਲ. ਕਪੂਰ ਆਦਿ ਅਤੇ ਹੋਰ ਬਹੁਤ ਸਾਰੇ ਵਿਦਵਾਨ। ਇਸ ਤੋਂ ਇਲਾਵਾ ਅੱਜਕਲ੍ਹ 'ਦੇਸ਼ ਦੁਆਬਾ' ਅਖਬਾਰ ਵਿਚ ਬਿਹਤਰੀਨ ਗ਼ਜ਼ਲਗੋ, ਸ਼ਾਇਰਾਂ ਅਤੇ ਕਵੀਆਂ ਦਾ ਕਲਾਮ ਛਪ ਰਿਹਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸਰੋਤਿਆਂ ਨੂੰ ਕੁਲਵਿੰਦਰ ਪਲਾਹੇ, ਸੁਰਿੰਦਰ ਸੀਰਤ, ਹਰਜਿੰਦਰ ਕੰਗ, ਡਾ. ਗੁਰੂਮੇਲ ਸਿੱਧੂ, ਹਰਭਜਨ ਸਿੰਘ ਬੈਂਸ, ਸ. ਹਰਭਜਨ ਢਿੱਲੋਂ, ਈਸ਼ਰ ਸਿੰਘ ਮੋਮਨ, ਸੁਰਿੰਦਰ ਸੋਹਲ, ਕਮਲਦੇਵ ਪਾਲ ਵਰਗੇ ਸ਼ਾਇਰਾਂ ਨੂੰ ਪੜ੍ਹਨ ਦਾ ਅਵਸਰ ਮਿਲਦਾ ਹੈ। ਮੈਨੂੰ ਪੂਰੀ ਉਮੀਦ ਹੈ ਕਿ ਅਖ਼ਬਾਰ 'ਦੇਸ਼ ਦੁਆਬਾ' ਆਉਣ ਵਾਲੇ ਸਮਿਆਂ ਵਿਚ ਵੀ ਇਹ ਸਿਲਸਿਲਾ ਜਾਰੀ ਰੱਖੇਗਾ।

**ਸ਼ੁਭਚਿੰਤਕ ਅਤੇ ਪਾਠਕ**
**ਆਜ਼ਾਦ ਜਾਲੰਧਰੀ**

### ਜਨਾਬ ਮੋਹਣ ਤਿਆਗੀ ਜੀ ਦੀ ਨਜ਼ਰ

ਮੋਹਨ ਤਿਆਗੀ ਜਹੇ ਜਿਸ ਕੌਮ ਦੇ ਮਰਦ ਹਠੀਲੇ
ਲੱਭ ਲੈਂਦੇ ਨੇ ਅੱਗੇ ਵਧਣ ਦੇ ਕਈ ਵਸੀਲੇ।

ਭੀਮ ਰਾਓ ਤੋਂ ਬਾਅਦ ਹੈ ਮੋਹਣ ਤਿਆਗੀ ਜੀ ਨੇ
ਪਾਰ ਕੀਤੀਆਂ ਕਈ ਘਾਟੀਆਂ ਉੱਚੇ ਟੀਲੇ।

ਪੈਰਾਂ ਦੇ ਛਾਲੇ ਤਾਂ ਭਰਦੇ ਫਿੱਸਦੇ ਰਹਿੰਦੇ
ਮਰਦ ਕਦੇ ਨਹੀਂ ਰੁਕਦੇ ਦੇਖ ਕੇ ਰਾਹ ਪੱਥਰੀਲੇ।

ਲਹੂ ਜਦੋਂ ਮਿਹਨਤ ਦੀ ਤੱਕੜੀ ਦੇ ਵਿਚ ਤੁਲਦਾ
ਰੱਬ ਦਾ ਸ਼ੁਕਰ ਮਨਾਉਂਦੇ ਨੇ ਇਹ ਮਰਦ ਜੋਸ਼ੀਲੇ।

ਲੱਖਾਂ ਨੂੰ ਬਲ ਜੀਣ ਦਾ ਜਿਹਨਾਂ ਸਿਖਾਉਣਾ ਹੋਵੇ
ਪੈਦਾ ਕਰ ਲੈਂਦੇ ਨੇ ਜੀਣ ਦੇ ਕਈ ਵਸੀਲੇ।

ਕਿਸੇ ਦੇ ਮੋਹਰੇ ਹੱਥ ਨਹੀਂ ਅੱਡਦੇ ਨਾ ਝੁਕਦੇ ਨੇ
ਡੌਲੇ ਨੇ ਮਜ਼ਬੂਤ ਜਿਹਨਾਂ ਦੇ ਮਰਦ ਅਣਖੀਲੇ।

ਤੇਜ਼ ਹਵਾਵਾਂ ਤੋੜਨ ਬੇਸ਼ੱਕ ਸੌ ਸੌ ਵਾਰੀ
ਨਵੇਂ ਆਹਲਣੇ ਪਾ ਲੈਣ ਕਰਕੇ ਕੱਠੇ ਤੀਲੇ।

ਲੱਖ ਔਕੜਾਂ ਆ ਕੇ ਬੇਸ਼ੱਕ ਰਸਤਾ ਰੋਕਣ
ਅੱਗੇ ਪੈਰ ਵਧਾਉਂਦੇ ਨੇ ਹਿੰਮਤੀ ਹਰ ਹੀਲੇ।

ਆਜ਼ਾਦ ਇਹਨਾਂ ਦੀ ਹਿੰਮਤ ਨੂੰ ਪਰਣਾਮ ਕਰਾਂ ਮੈਂ
ਪਾਕ ਪਵਿੱਤਰ ਕਰ ਦਿੱਤੇ ਜਿਹਨਾਂ ਕਈ ਕਬੀਲੇ।

**– ਆਜ਼ਾਦ ਜਾਲੰਧਰੀ**

### ਸਾਈਆਂ

**–ਰਵੀ ਸ਼ੇਰਗਿੱਲ**

ਤੂੰ ਨਾਨਕ ਬਣਕੇ ਚੱਲ ਸਾਈਆਂ
ਕੋਈ ਸੱਚ ਦਾ ਰਹਿਬਰ ਘੱਲ ਸਾਈਆਂ
ਇਹ ਕਾਲ ਘਟਾਵਾਂ ਜ਼ੁਲਮ ਦੀਆਂ
ਤੂੰ ਆਪੇ ਆ ਕੇ ਠੱਲ੍ਹ ਸਾਈਆਂ
ਤੇਰੇ ਨਾ 'ਤੇ ਵੰਡੀਆਂ ਪਾ ਪਾ ਕੇ
ਨਿੱਤ ਲੋਕੀ ਕਰਦੇ ਝੱਲ ਸਾਈਆਂ
ਹੁਣ ਸੱਚੇ ਸੌਦੇ ਕਰਨ ਵਾਲੇ
ਝੂਠਿਆਂ ਨੂੰ ਆ ਗਏ ਵੱਲ਼ ਸਾਈਆਂ
ਕੋਈ ਕਰਦਾ ਨਾ ਸਤਿਕਾਰ ਤੇਰਾ
ਖ਼ੁਦ ਰੱਬ ਬਣੇ ਅੱਜਕੱਲ ਸਾਈਆਂ
ਕਿੰਝ ਕਰਾਂ ਪਛਾਣ ਮੈਂ ਕਾਫ਼ਰਾਂ ਦੀ
ਸਭ ਘੁੰਮਦੇ ਪਾ ਕੇ ਖੱਲ ਸਾਈਆਂ
ਜੋ ਰੂਹਾਂ ਤਾਈਂ ਰੁਸ਼ਨਾ ਦੇਵੇ
ਤੂੰ ਐਸੀ ਕਰ ਕੋਈ ਗੱਲ ਸਾਈਆਂ
ਤੂੰ ਆਵੇਂਗਾ ਇੱਕ ਦਿਨ ਵਾਪਸ
'ਗਿੱਲ' ਤੱਕਦਾ ਅੰਬਰਾਂ ਵੱਲ ਸਾਈਆਂ

### ਮੋਹ

**–ਮੁਹਿੰਦਰ ਸਿੰਘ ਘੱਗ**

ਮੋਹ ਮਾਇਆ ਦਾ ਜਾਲ ਹੈ ਐਸਾ
ਲੋਕੀਂ ਇਸ ਵਿਚ ਖੁਸ਼ੀ ਮਨਾਉਂਦੇ
ਮੋਹ ਦੀ ਮਾਇਆ ਜਗਤ ਹੈ ਬਧਾ
ਨਹੀਂ ਤਾਂ ਪਲਾਂ ਵਿਚ ਖਿੰਡ ਜਾਵੇ
ਭਰਤੇ ਨੂੰ ਪਤਨੀ ਨਾਲ ਮੋਹ
ਪਤਨੀ ਨੂੰ ਬੱਚਿਆਂ ਦਾ ਮੋਹ
ਬਾਪੂ ਨੂੰ ਪੁੱਤਰ ਨਾਲ ਮੋਹ
ਬੱਚਿਆਂ ਦਾ ਖੇਲਾ ਨਾਲ ਮੋਹ
ਭਗਤਾਂ ਨੂੰ ਹੈ ਰੱਬ ਨਾਲ ਮੋਹ
ਹਰ ਕਿਸੇ ਨੂੰ ਹਰ ਕਿਸੇ ਨਾਲ
ਥੋੜਾ ਜਾਂ ਬਹੁਤਾ ਹੈ ਮੋਹ

### ਗ਼ਜ਼ਲ

**–ਇੰਦਰਜੀਤ ਸਿੰਘ ਗਰੇਵਾਲ**

ਮੁੱਖ ਤੇਰਾ ਜਿਉਂ ਟੋਟਾ, ਕੋਈ ਟੁੱਟਿਆ ਸੂਰਜ ਤੋਂ
ਰੂਹ ਰੁਸ਼ਨਾਉਂਦਾ ਚਾਨਣ, ਜਾਣੀਂ ਫੁੱਟਿਆ ਸੂਰਜ ਤੋਂ
ਉਤੇ ਦੁਪੱਟਾ ਸਿਰ ਤੋਂ, ਬਾਗੀਂ ਪੈਲਾਂ ਪਾਵੇਂ ਜੋ
ਜਿਉਂ ਹਵਾਵਾਂ ਬੱਦਲੀ ਦਾ ਘੁੰਡ, ਚੁੱਕਿਆ ਸੂਰਜ ਤੋਂ
ਚੰਨ ਜੇਹੇ ਮਾਹੀ ਨਾਲ ਤੇਰਾ, ਜੁੜਿਆ ਚਾਨਣ ਜਾਂ
ਅੰਬਰਾਂ ਦੇ ਵਿਚ, ਚਾਅ ਗਿਆ ਨਾਂ, ਚੁੱਕਿਆ ਸੂਰਜ ਤੋਂ
ਆਦਿ ਜੁਗਾਦੀਂ ਸ਼ਾਲਾ! ਰਹੇ ਮੁੱਖੜੇ ਤੇ ਲਾਲੀ
ਸਦੀਆਂ ਤੋਂ ਜਿਵੇਂ ਤੇਜ਼ ਭੋਰਾ ਨਾ, ਮੁੱਕਿਆ ਸ਼ੁਰੂ
ਛੁੱਪ ਗਿਆ ਸ਼ਰਮਾ ਕਿਉਂ, ਉਹਲੇ ਦੂਰ ਪਹਾੜੀ ਦੇ
ਆ ਬੁੱਕਲ ਵਿਚ ਸਮਾਂ-ਲਾਂ, ਜਦ ਮੈਂ ਪੁੱਛਿਆ
ਉਮਰੋਂ ਲੰਮੀ ਜਾਪੇ, ਸ਼ਰੀਕੇ ਘੜੀ ਵਿਛੋੜੇ ਦੀ
ਇਕ ਘੜੀ ਵੀ ਜਦ ਕਿਧਰੇ, ਮੈਂ ਰੁੱਸਿਆ ਸੂਰਜ ਤੋਂ

### ਸੁਣ ਗੁਰਬਖਸ਼ ਸਿਆਂ!



ਜੋ ਸੀ ਭੱਜਿਆ ਵਾਂਗ ਭਗੌੜਿਆਂ ਦੇ
ਸਿਰੜੀ ਸੂਰਮੇ ਨਾਲ ਇਉਂ ਖਹਿਣ ਲੱਗਾ
ਲਾਇਆ ਸੀਗਾ ਕਲੰਕ ਜੋ ਪੰਥ ਮੱਥੇ
ਚੰਗਾ ਲੱਗੇ ਨਾ ਉਹਨੂੰ ਹੁਣ ਲਹਿਣ ਲੱਗਾ
ਨਹੀਂ ਸੀ ਨਿਕਲਣਾ ਚਾਹੀਦਾ ਬਾਹਰ ਉਹਨੂੰ
ਲਾਹ ਕੇ ਲੋਈ ਗੁਰਬਖਸ਼ ਸੌਂਹ ਕਹਿਣ ਲੱਗਾ
ਅਖੇ ਬਾਪੂ ਦੇ ਵਕਤ 'ਤੇ ਸ਼ੱਕ ਮੈਨੂੰ
ਉਸਦੇ ਕਹੇ ਨੂੰ ਪੰਥ ਨਹੀਂ ਸਹਿਣ ਲੱਗਾ
ਹਾਂਡੀ ਕਾਠ ਦੀ ਚਾੜ੍ਹ ਕੇ ਦੇਖ ਲਈ ਤੂੰ
ਤੇਰੀ ਜੀਭ ਹੁਣ ਕੁਫ਼ਰ ਫਿਰ ਤੋਲਦੀ ਐ।
ਚਾਹੇ ਬੋਲਣਾ ਛੱਜ ਤਾਂ ਲੱਖ ਬੋਲੇ
ਛੇਕਾਂ ਵਾਲੀ ਕਿਉਂ ਛਾਨਣੀ ਬੋਲਦੀ ਐ?

**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

### ਤਾਨੇਸ਼ਾਹ

**ਕਮਲ ਬੰਗਾ ਸੈਕਰਾਮੈਂਟੋ**
**916-895-8570**

ਨਵੇਂ-ਨਵੇਂ ਤਾਨਾਸ਼ਾਹ ਨਜ਼ਰ ਆ ਰਹੇ।
ਜਦਕਿ ਪੁਰਾਣੇ ਵੀ ਮੁੱਖ ਛੁਪਾ ਰਹੇ।
ਜੱਗ ਤੇ ਅਕਲਮੰਦਾਂ ਦੀ ਘਾਟ ਨਾ ਪਰ,
ਕਾਫਲੇ 'ਚ ਹਾਓਮੇ ਵਾਲੇ ਵੀ ਜਾ ਰਹੇ।
ਨਫਰਤ ਦੀ ਅੱਗ ਠੰਢੀ ਹੋਣ ਦਿੰਦੇ ਨਾ,
ਸ਼ਰਾਰੇ ਤੇ ਸ਼ਰਾਰੇ ਜੋਸ਼ ਦਿਖਾ ਰਹੇ।
ਸਾਰੇ ਜਹਾਨ ਨੂੰ ਨਿੰਦਣਾ ਚੰਗਾ ਨਈਂ,
ਅਜ਼ਾਦ ਨੂੰ ਐਵੇਂ ਗੁਲਾਮ ਬਣਾ ਰਹੇ।
ਸਾਂਝੀਆਂ ਕਿਰਨਾਂ ਤੇ ਸਾਂਝੀ ਹਵਾ ਸੱਭੇ,
ਭਲਾ ਕੌਣ ਰੋਕੇ ਜੋ ਫਰਜ਼ ਨਿਭਾ ਰਹੇ।
ਸਰੂ ਦੇ ਬੂਟੇ ਲੰਬੇ ਤੇ ਸੋਹਣੇ ਬੜੇ ਪਰ,
ਬਹੁਤ ਸ਼ਮਸ਼ਾਨਘਾਟਾਂ 'ਚ ਲਗਾ ਰਹੇ।
ਚਾਰ ਦਿਨਾਂ ਦੇ ਮੇਲੇ ਮੁੱਕ ਜਾਣੇ 'ਕਮਲ'
ਐਵੇਂ ਨਿੰਦਿਆਂ 'ਚ ਕੀਮਤੀ ਵਕਤ ਗਵਾ ਰਹੇ।

### ਤੂੰ ਸਾਥੋਂ ਮੁੱਖ ਨਾ ਮੋੜੀਂ

**–ਪਿਸ਼ੌਰਾ ਸਿੰਘ ਢਿੱਲੋਂ**

ਤੂੰ ਸਾਥੋਂ ਮੁੱਖ ਨਾ ਮੋੜੀਂ, ਅਸੀਂ ਕੁਝ ਲੈਣ ਨਹੀਂ ਆਏ।
ਸਬੱਬੀਂ ਹੋ ਗਏ ਮੇਲੇ, ਅਸੀਂ ਕੋਈ ਰਹਿਣ ਨਹੀਂ ਆਏ।
ਅਸਾਂ ਪਰਦੇਸੀਆਂ ਦੀ, ਜੋਗੀਆਂ ਵਾਲੀ ਹੀ ਫੇਰੀ ਹੈ,
ਕੱਟਣੀ ਸਫ਼ਰ ਵਿਚ ਸਾਡੀ, ਤਾਂ ਏਥੇ ਬਹਿਣ ਨਹੀਂ ਆਏ।
ਤੂੰ ਏਹੋ ਆਖਿਆ ਸੀ ਨਾ, ਸਰਾਂ ਹੈ ਇਹ ਮੁਸਾਫਿਰ ਲਈ,
ਅਸੀਂ ਪਾਹਰੂ ਬਣੇ ਹਾਂ, ਇਸ ਸਰਾਂ ਵਿਚ ਪੈਣ ਨਹੀਂ ਆਏ।
ਦਿਲਾਂ ਦੀ ਤਰਬ ਵੀ ਛੇੜੇਂ, ਕਹੇਂ ਖਾਮੋਸ਼ ਵੀ ਰਹੀਓ,
ਅਸੀਂ ਉਹ ਰਜ਼ਦਾ ਬਾਤਾਂ ਤਾਂ ਐਵੇਂ ਕਹਿਣ ਨਹੀਂ ਆਏ।
ਬਣੇ ਨਹੀਂ ਫੁੱਲ ਜਾਂ ਤਾਰਾ, ਰਤਾ ਵੀ ਹਿਰਖ ਨਹੀਂ ਸਾਨੂੰ,
ਅਜਾਈਂ ਅੱਥਰੂ ਦੀ ਜੂਨ ਵੀ, ਪਰ ਜੀਉਣ ਨਹੀਂ ਆਏ।
ਕਿਸੇ ਨੇ ਕੀ ਪਤਾ ਕੋਲੋਂ, ਬਣਾ ਕੇ ਕੀ ਕਿਹਾ ਹੋਣਾ,
ਸਿਰਾਂ ਦੇ ਭਾਰ ਆਏ ਹਾਂ, ਵਿਗੋਚਾ ਲਾਹੁਣ ਨਹੀਂ ਆਏ।
ਜੇ ਮੰਗ ਕੇ ਹੀ ਲਿਆ, ਤੇ ਕੀ ਲਿਆ ਦਰਬਾਰ ਤੇਰੇ 'ਚੋਂ,
ਤਿਰਾ ਦੀਦਾਰ ਵੀ ਹੋਵੇ ਨਾ, ਇਹ ਵੀ ਸਹਿਣ ਨਹੀਂ ਆਏ।

### ਕਵਿਤਾ

**–ਜਸਵੰਤ ਜੱਸੀ ਸ਼ੀਂਮਾਰ**

ਕਿਤਾਬਾਂ ਨੂੰ ਸਦਾ ਮਿੱਤਰ ਬਣਾਈਏ, ਮਿਲਦਾ ਬੜਾ ਗਿਆਨ।
ਗਿਆਨ ਨਾਲ ਹੀ ਜੱਗ ਤੇ ਬੰਦਾ, ਬਣਦਾ ਬੜਾ ਮਹਾਨ।
ਚੋਰ ਚੁਰਾ ਨਹੀਂ ਸਕਦਾ ਇਸਨੂੰ, ਜਿੰਨੀ ਮਰਜ਼ੀ ਲਾ ਲਏ ਜਾਨ।
ਚੰਗੀ ਸੋਚ ਤੇ ਚੰਗਾ ਖਾਣਾ, ਰੱਖਦੇ ਸਦਾ ਜਵਾਨ।
ਸੱਚ ਦੇ ਅੱਗੇ ਝੂਠ ਦੀ ਨਾਹੀਂ, ਚੱਲਦੀ ਚਿਰ ਦੁਕਾਨ।
ਜ਼ਿੰਦਗੀ ਦੇ ਵਿਚ ਕਦੇ ਨਾ ਡਰੀਏ, ਲੱਖਾਂ ਭਾਵੇਂ ਆਣ ਤੁਫ਼ਾਨ।
ਭੀੜ ਬਣੀ ਤੇ ਧਰਮ ਦੀ ਖ਼ਾਤਰ, ਹੋ ਜਾਈਏ ਕੁਰਬਾਨ।
ਚੱਕਰਵਿਊ ਵਿਚ ਖ਼ੁਦ ਫ਼ਸ ਜਾਵੇ, ਬੰਦਾ ਬਣਦਾ ਜੋ ਸ਼ੈਤਾਨ।
ਚੱਤੋ ਪਹਿਰ ਹੀ ਚੇਤੇ ਰੱਖੀਏ, ਕਦੇ ਭੁੱਲੀਏ ਨਾ ਭਗਵਾਨ।
ਜੱਗ ਰੋਵੇ ਤੁਰ ਜਾਣ ਦੇ ਪਿੱਛੋਂ, ਐਸੇ ਜਾਈਏ ਛੱਡ ਨਿਸ਼ਾਨ।
ਚੰਗੀ ਸੰਗਤ 'ਚੋਂ ਸਭ ਮਿਲਦਾ, 'ਜੱਸੀ' ਜਾਣੇ ਕੁੱਲ ਜਹਾਨ।

### ਕਵਿਤਾ

**–ਦਲਵੀਰ 'ਦਿਲ' ਨਿੱਜਰ**

ਬੁਝੇ ਚਿਰਾਗਾਂ ਨੂੰ ਮੁੜ ਜਗਾਉਣ ਤੋਂ ਪਹਿਲਾਂ
ਆ ਹਨ੍ਹੇਰੇ ਵਿੱਚ ਬੈਠ ਕੋਈ ਗੱਲ ਕਰ ਲਈਏ
ਰਲ ਰਹਿਣ ਦੇਈਏ ਸਭ ਮਜ਼੍ਹਬਾਂ ਦੇ ਲੋਕਾਂ ਨੂੰ
ਆ ਹਨ੍ਹੇਰੇ ਵਿੱਚ ਬੈਠ ਸਮਝੌਤਾ ਕਰ ਲਈਏ
ਬੜੇ ਮਰੇ ਨੇ ਪਹਿਲਾਂ ਅਤੇ ਹੋਰ ਵੀ ਮਰਣਗੇ
ਆ ਹਨ੍ਹੇਰੇ 'ਚ ਲਾਸ਼ਾਂ ਦੀ ਪਛਾਣ ਕਰ ਲਈਏ
ਨਫ਼ਰਤ ਦਿਲਾਂ ਵਿੱਚ ਮੁੜਕੇ ਉੱਠਣ ਤੋਂ ਪਹਿਲਾਂ
ਆ ਹਨ੍ਹੇਰੇ ਵਿੱਚ ਏਕਤਾ ਦੀ ਗੱਲ ਕਰ ਲਈਏ
ਇਸ ਗੁੱਸੇ ਨਾਲ ਬੜਾ ਕੁਝ ਸੜਿਆ ਤੇ ਸੜੇਗਾ
ਆ ਹਨ੍ਹੇਰੇ ਵਿੱਚ ਬੈਠ ਕਰੋਧ ਠੰਢਾ ਕਰ ਲਈਏ
ਡੋਲ੍ਹੀਏ ਫ਼ੜੇ ਜੋ ਨੇ ਹੱਥੀਂ ਪਿਆਲੇ ਜ਼ਹਿਰ ਦੇ
ਆ ਹਨ੍ਹੇਰੇ ਵਿੱਚ ਅੰਮ੍ਰਿਤ ਦੇ ਘੁੱਟ ਭਰ ਲਈਏ
ਕੀ ਰੱਖਿਆ ਧਰਮਾਂ,ਜਾਤਪਾਤਾਂ ਤੇ ਮਜ਼੍ਹਬਾਂ ਚ'
ਆ ਹਨ੍ਹੇਰੇ ਵਿੱਚ ਸਾਰੇ ਹੀ ਇੱਕਠੇ ਕਰ ਲਈਏ
ਬੁੱਝੇ ਚਿਰਾਗਾਂ ਨੂੰ ਮੁੜ ਜਗਾਉਣ ਤੋਂ ਪਹਿਲਾਂ
ਆ ਹਨ੍ਹੇਰੇ ਵਿੱਚ ਬੈਠ 'ਦਿਲਾ' ਗੱਲ ਕਰ ਲਈਏ।

### ਕਵਿਤਾ

**–ਰਮੇਸ਼ ਬੰਗੜ**

ਮਹਿਬੂਬ ਨੂੰ ਭੰਡਿਆਂ ਕੀ ਹਾਸਲ
ਸਭ ਤੋਂ ਹੀ ਗ਼ਲਤੀ ਹੋ ਜਾਂਦੀ।
ਇਕ ਨਜ਼ਰ ਪਿਆਰ ਦੀ ਸੱਜਣਾ ਦੇ
ਸਾਰੇ ਹੀ ਐਬ ਲਕੋ ਜਾਂਦੀ।
ਵਾਦਾ ਕਰਕੇ ਉਹ ਆਉਂਦੇ ਨਹੀਂ
ਤਕ ਰਾਹਾਂ ਰਾਤ ਲੰਘਾਈ ਏ।
ਕਿਤੇ ਸੋਚ ਨਾ ਲਵੀਂ ਹਰਜਾਈ ਉਹ
ਕਦੀ ਨੀਂਦ ਵੀ ਭਾਰੂ ਹੋ ਜਾਂਦੀ।
ਗੱਲ-ਗੱਲ ਤੇ ਪਰਖ ਨਾ ਕਰਿਆ ਕਰ
ਇੱਥੇ ਸਭ ਦੀਆਂ ਹੀ ਮਜ਼ਬੂਰੀਆਂ ਨੇ।
ਡਰਨਾ ਵੀ ਬੜਾ ਜ਼ਰੂਰੀ ਏ
ਨਹੀਂ ਦੁਨੀਆਂ ਦੁਸ਼ਮਣ ਹੋ ਜਾਂਦੀ।
ਇੱਜ਼ਤ ਪਾਉਣੀ ਬੜੀ ਮੁਸ਼ਕਲ ਏ
ਖੱਟਣੀ ਬਦਨਾਮੀ ਸੌਖੀ ਏ।
ਰੱਸੀਆਂ ਦੇ ਸੱਪ ਵੀ ਬਣ ਜਾਂਦੇ
ਜਦ ਕਦੀ ਮੁਹੱਬਤ ਹੋ ਜਾਂਦੀ।
ਤੂੰ ਬੰਦਾਂ ਏਂ ਤੇਰਾ ਮਾਣ ਬੜਾ
ਦਿਲ ਹੌਲ਼ਾ ਵੀ ਨਹੀਂ ਕਰ ਸਕਦਾ।
ਬੰਗੜਾ ਮਹਿਬੂਬ ਲਈ ਸੌਖਾ ਏ
ਤੇਰੇ ਕੋਲ ਤਾਂ ਆ ਕੇ ਰੋ ਜਾਂਦੀ।

### ਗੀਤ

**–ਤਾਰਾ ਸਾਗਰ**

ਗੱਲ ਮੈਂ ਸੁਣਾਵਾਂ ਉੱਜੜੀ ਬਹਾਰ ਦੀ,
ਲੀਰੋ ਲੀਰ ਹੋਈ ਆਬਰੂ ਪੰਜਾਬ ਦੀ।
ਜ਼ਹਿਰੀਲਾ ਪਾਣੀ ਹੋ ਗਿਆ ਹੈ ਪੰਜ ਆਬ ਦਾ,
ਧਾਹਾਂ ਮਾਰ ਰੋਵੇ ਵਿਰਸਾ ਪੰਜਾਬ ਦਾ।
ਰਿਸ਼ਤਿਆ ਵਿਚ ਕੋਈ ਮਿਠਾਸ ਨਾ ਰਹੀ,
ਯਾਰੀਆਂ 'ਚ ਗੱਲ ਕੋਈ ਖਾਸ ਨਾ ਰਹੀ।
ਬੋਹੜ ਵਾਲੀ ਠੰਢੀ ਨਹੀਂਓ ਛਾਂ ਲੱਭਦੀ,
ਲੱਗੀ ਏ ਪੰਜਾਬ ਨੂੰ ਜੱਗ ਦੀ,
ਫਿੱਕਾ ਰੰਗ ਪਿਆ ਹੁਸਨ ਸ਼ਬਾਬ ਦਾ,
ਧਾਹਾਂ ਮਾਰ ਰੋਵੇ ਵਿਰਸਾ ਪੰਜਾਬ ਦਾ।
ਨਸ਼ਿਆਂ ਦੀ ਨੇਰ੍ਹੀ ਚਾਰੇ ਪਾਸੇ ਝੁੱਲ ਗਈ,
ਵਿਛੜੇ ਹੋਏ ਪੁੱਤ ਨੂੰ ਨਾ ਮਾਂ ਭੁੱਲਦੀ।
ਚਿਹਰਿਆਂ ਤੋਂ ਰੌਣਕਾਂ ਖਤਮ ਹੋਈਆਂ ਨੇ,
ਚੜ੍ਹੀਆਂ ਜਵਾਨੀਆਂ ਹੀ ਅੱਧ ਮੋਈਆਂ ਨੇ,
ਪਹਿਲਾਂ ਵਾਲਾ ਰੋਬ੍ਹ ਰਿਹਾ ਨਹੀਂ ਜਨਾਬ ਦਾ।
ਧਾਹਾਂ ਮਾਰ ਰੋਵੇ ਵਿਰਸਾ ਪੰਜਾਬ ਦਾ।
ਸਿਰਾਂ ਦੇ ਦੁਪੱਟਿਆਂ ਦੀ ਗੱਲ ਦੂਰ ਦੀ,
ਗੁੱਸਾ ਬੜਾ ਆਉਂਦਾ ਜਦੋਂ ਦਾਦੀ ਘੂਰਦੀ।
ਲੰਮੀ ਗੁੱਤ ਨਹੀਂਓ ਗਿੱਟਿਆਂ ਨੂੰ ਚੁੰਮਦੀ,
ਜਿੰਦ ਇਹ ਨਿਮਾਣੀ ਇਸ਼ਕ 'ਚ ਘੁੰਮਦੀ।
ਕੋਈ ਨਾ ਫਿਕਰ ਮਾਪਿਆ ਦੇ ਖ਼ਾਬ ਦਾ,
ਧਾਹਾਂ ਮਾਰ ਰੋਵੇ ਵਿਰਸਾ ਪੰਜਾਬ ਦਾ।
'ਤਾਰੇ' ਦੇ ਸੁਭਾਅ ਨੂੰ ਸਾਰਾ ਜੱਗ ਜਾਣਦਾ,
ਉੱਚੀ ਜਿਹੜਾ ਵਿਰਸੇ ਦੀ ਸ਼ਾਨ ਭਾਲਦਾ।
ਲੱਗਣ ਨਾ ਤੱਤੀਆਂ ਹਵਾਵਾਂ ਇਸਨੂੰ,
ਦੇਵੇਂ ਸਾਰੇ ਮਿਲਕੇ ਦੁਆਵਾਂ ਇਸਨੂੰ।
ਬਚਦਾ ਨਾ ਕੋਈ ਜਲਿਆ ਤੇਜ਼ਾਬ ਦਾ,
ਧਾਹਾਂ ਮਾਰ ਰੋਵੇ ਵਿਰਸਾ ਪੰਜਾਬ ਦਾ।

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ 28 ਜੂਨ ਦੇ ਕਾਵਿ ਸੰਮੇਲਨ ਲਈ ਆਏ ਸ਼ੁਭ ਸੰਦੇਸ਼ਾਂ ਦੀ ਇਕ ਝਲਕ

## 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕ ਬਾਰੇ ਸੰਖੇਪ ਜਾਣਕਾਰੀ

ਦੋਸਤੋ, ਪਿਛਲੇ ਸਾਲ ਅਪਰੈਲ ਦੇ ਮਹੀਨੇ ਵਿਚ ਮੈਨੂੰ ਅਤੇ ਮੇਰੀ ਪਤਨੀ ਭਜਨ ਕੌਰ ਨੂੰ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ ਦੇ ਫੰਕਸ਼ਨ ਵਿਚ ਹਾਜ਼ਰ ਹੋਣ ਦਾ ਮੌਕਾ ਮਿਲਿਆ। ਉਸ ਮਿਲਣੀ ਦੀ ਮਿੱਠੀ ਯਾਦ ਦਾ ਨਿੱਘ ਅਸੀਂ ਅੱਜ ਤਕ ਵੀ ਮਹਿਸੂਸ ਕਰ ਰਹੇ ਹਾਂ। ਪਿਛਲੇ ਸਾਲ ਦਾ ਫੰਕਸ਼ਨ ਨਾਵਲ ਮੁੱਖ ਰੂਪ ਵਿਚ 'ਰੁੱਤਾਂ ਲਹੂ ਲੁਹਾਣ' ਉਤੇ ਕੇਂਦਰਤ ਸੀ। ਉਸ ਫੰਕਸ਼ਨ ਦਾ ਅਨੰਦ ਮਾਨਣ ਦੇ ਨਾਲ ਨਾਲ ਬਹੁਤ ਸਾਰੇ ਦੋਸਤਾਂ ਨੂੰ ਮਿਲਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਪਰ ਇਸ ਸਾਲ ਮੈਂ ਚਾਹੁੰਦਾ ਹੋਇਆ ਵੀ ਫੰਕਸ਼ਨ ਵਿਚ ਸ਼ਾਮਲ ਨਹੀਂ ਹੋ ਸਕਦਾ। ਫਰ ਮੈਂ ਇੱਥੇ ਬੈਠਾ ਵੀ ਤੁਹਾਡੇ ਦਰਮਿਆਨ ਬੈਠਾ ਮਹਿਸੂਸ ਕਰ ਰਿਹਾ ਹਾਂ। ਮੈਨੂੰ ਇਸ ਗੱਲ ਦੀ ਬੇਹਦ ਖ਼ੁਸ਼ੀ ਹੈ ਕਿ ਇਸ ਵਾਰ ਕੈਲੀਫੋਰਨੀਆ ਦੀਆਂ ਚਾਰ ਸਾਹਿਤਕ ਜਥੇਬੰਦੀਆਂ ਮਿਲ ਕੇ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਤ ਇਸ ਕਾਵਿ ਸੰਮੇਲਨ ਨੂੰ ਅੰਜ਼ਾਮ ਦੇ ਰਹੀਆਂ ਹਨ। ਮੈਂ ਸਾਰੇ ਹੀ ਦੋਸਤਾਂ ਨੂੰ ਰਲ ਮਿਲ ਕੇ ਫੰਕਸ਼ਨ ਕਰਨ ਲਈ ਵਧਾਈ ਭੇਜਦਾ ਹਾਂ ਅਤੇ ਉਮੀਦ ਕਰਦਾ ਹਾਂ ਅਗਲੇ ਸਾਲਾਂ ਵਿਚ ਵੀ ਇਹ ਰੀਤ ਜਾਰੀ ਰਹੇਗੀ।

ਇਸ ਸਾਲ ਦੇ ਫੰਕਸ਼ਨ ਵਿਚ ਤੁਸੀਂ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਨਿਬੰਧ ਸੰਗ੍ਰਹਿ ਰਿਲੀਜ਼ ਕਰਨ ਅਤੇ ਉਸ ਸਬੰਧੀ ਗੱਲ ਬਾਤ ਕਰਨ ਦਾ ਫੈਸਲਾ ਕੀਤਾ ਹੈ। ਇਸ ਕਿਤਾਬ ਦੀ ਸੰਪਾਦਕੀ ਟੀਮ ਦਾ ਮੈਂਬਰ ਹੋਣ ਦੇ ਨਾਤੇ ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦੀ ਹਾਂ। ਬੇਸ਼ਕ ਕਿਤਾਬ ਦੇ ਟਾਈਟਲ ਪੰਨੇ ਉਪਰ ਸੰਪਾਦਕੀ ਬੋਰਡ ਵਜੋਂ ਮੇਰਾ ਅਤੇ ਡਾ. ਸੁਰਜੀਤ ਬਰਾੜ ਦਾ ਨਾਂ ਦਰਜ ਹੈ, ਪਰ ਪ੍ਰੋਫੈਸਰ ਹਰਭਜਨ ਸਿੰਘ ਜੀ ਨੇ ਨਾਮਵਰ ਵਿਦਵਾਨਾਂ ਤੇ ਆਲੋਚਕਾਂ ਕੋਲੋਂ ਖੋਜ ਪੇਪਰ ਇਕੱਠੇ ਕਰਨ ਲਈ ਸਾਡੇ ਨਾਲੋਂ ਵੀ ਵੱਧ ਕੋਸ਼ਿਸ਼ਾਂ ਕੀਤੀਆਂ ਹਨ। ਸਾਰੀ ਕਿਤਾਬ ਨੂੰ ਸਿਰੇ ਚਾੜ੍ਹਨ ਵਿਚ ਉਹਨਾਂ ਦਾ ਵੱਡਾ ਹੱਥ ਹੈ ਅਤੇ ਅਸੀਂ ਉਹਨਾਂ ਦੇ ਅਣਥੱਕ ਯਤਨ ਲਈ ਤਹਿ ਦਿਲੋਂ ਧੰਨਵਾਦੀ ਹਾਂ।

ਨਕਸਲਬਾੜੀ ਲਹਿਰ ਤਕਰੀਬਨ ਅੱਧੀ ਸਦੀ ਤੋਂ ਭਾਰਤਵਰਸ਼ ਦੇ ਗਰੀਬ ਅਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਅਤੇ ਮੁਕਤੀ ਲਈ ਘੋਲ ਕਰ ਰਹੀ ਹੈ। ਇਸ ਲਹਿਰ ਦਾ ਸਬੰਧ ਭਾਰਤਵਰਸ਼ ਵਿਚ ਮਨੁੱਖੀ ਆਜ਼ਾਦੀ ਲਈ ਲੜੀਆਂ ਅਣਗਿਣਤ ਲਹਿਰਾਂ ਨਾਲ ਹੈ। ਇਹ ਲਹਿਰ ਉਹਨਾਂ ਲਹਿਰਾਂ ਦੀ ਅਗਲੀ ਕੜੀ ਵੀ ਹੈ ਅਤੇ ਵਾਰਸ ਵੀ। ਵੈਸੇ ਤਾਂ ਮੁੱਢ ਕਦੀਮ ਤੋਂ ਮਨੁੱਖ ਆਪਣੀ ਆਜ਼ਾਦੀ ਲਈ ਸਥਾਪਤੀ ਨਾਲ ਟੱਕਰ ਲੈਂਦਾ ਆਇਆ ਹੈ। ਜੇ ਬਹੁਤੀ ਦੂਰ ਨਾ ਵੀ ਜਾਈਏ ਤਾਂ ਸੰਨ 1857 ਦਾ ਗਦਰ, ਕੂਕਾ ਲਹਿਰ, ਗਦਰ ਪਾਰਟੀ ਦੀ ਲਹਿਰ, ਭਗਤ ਸਿੰਘ ਅਤੇ ਸਾਥੀਆਂ ਦੀ ਨੌਜਵਾਨ ਭਾਰਤ ਸਭਾ ਦਾ ਆਜ਼ਾਦੀ ਸੰਗਰਾਮ, ਸੰਨ 1917 ਦੇ ਰੂਸੀ ਇਨਕਲਾਬ ਤੋਂ ਪ੍ਰਭਾਵਤ ਹੋ ਕੇ 'ਈਸਟਰਨ ਯੂਨੀਵਰਸਟੀ ਮਾਸਕੋ' ਤੋਂ ਮਾਰਕਸਵਾਦ ਦੀ ਸਿਖਿਆ ਲੈ ਕੇ ਆਏ ਗਦਰੀਆਂ ਵੱਲੋਂ ਸਥਾਪਤ ਕੀਤੀ ਕਿਰਤੀ ਪਾਰਟੀ ਦੀ ਅਗਵਾਈ ਵਿਚ ਚੱਲੀ ਲਹਿਰ ਸਾਡੀ ਮਹਾਨ ਵਿਰਾਸਤ ਹਨ। ਇਸੇ ਸੰਦਰਭ ਵਿਚ ਪਹਿਲਾਂ ਪੰਜਾਬ ਵਿਚ ਲਾਲ ਪਾਰਟੀ ਦੀ ਅਗਵਾਈ ਵਿਚ ਮੁਜ਼ਾਰਾ ਲਹਿਰ ਅਤੇ ਫਿਰ ਕਮਿਊਨਿਸਟ ਇਨਕਲਾਬੀਆਂ ਵੱਲੋਂ ਨਕਸਲਬਾੜੀ ਅੰਦੋਲਨ ਦੇ ਪ੍ਰਭਾਵ-ਆਧੀਨ ਲੜੇ ਗਏ ਅਨੇਕ ਜੁਝਾਰੂ ਸੰਘਰਸ਼ ਵੀ ਅਜੋਕੇ ਸਮਿਆਂ ਦੀਆਂ ਮਹਾਨ ਲਹਿਰਾਂ ਹਨ।

ਪੰਜਾਬ ਵਿਚ ਵੀ ਜਦੋਂ ਨਕਸਲਬਾੜੀ ਲਹਿਰ ਨੇ ਪੈਰ ਪਸਾਰੇ ਤਾਂ ਬਹੁਤ ਸਾਰੇ ਲੋਕ ਨਾਲ ਜੁੜੇ ਅਤੇ ਇਹਨਾਂ ਲੋਕਾਂ ਵਿਚੋਂ ਹੀ ਅਨੇਕ ਇਨਕਲਾਬੀ ਕਵੀ ਪੈਦਾ ਹੋਏ। ਜਿਹਨਾਂ ਵਿਚੋਂ ਸੰਤ ਰਾਮ ਉਦਾਸੀ, ਜੈਮਲ ਸਿੰਘ ਪੱਡਾ, ਲਾਲ ਸਿੰਘ ਦਿਲ, ਦਰਸ਼ਨ ਖਟਕੜ ਅਤੇ ਹੋਰ ਵੀ ਵੱਡੀ ਗਿਣਤੀ ਵਿਚ ਕਵੀਆਂ ਨੇ ਜੁਝਾਰਵਾਦੀ ਤੇ ਇਨਕਲਾਬੀ ਕਵਿਤਾ ਲਿਖੀ। ਭਾਅ ਜੀ ਗੁਰਸ਼ਰਨ ਸਿੰਘ ਵਰਗੇ ਨਾਟਕਕਾਰ ਨੂੰ ਵੀ ਇਸ ਲਹਿਰ ਨੇ ਹੀ ਲੋਕਾਂ ਨਾਲ ਜੋੜਿਆ। ਨਕਸਲਬਾੜੀ ਲਹਿਰ ਦੀ ਇਨਕਲਾਬੀ ਕਵਿਤਾ 'ਤੇ ਕੰਮ ਵੀ ਹੋਇਆ ਅਤੇ ਕਈ ਅਲੋਚਨਾਤਮਕ ਕਿਤਾਬਾਂ ਵੀ ਪ੍ਰਕਾਸ਼ਤ ਹੋਈਆਂ ਹਨ। ਪਰ ਨਾਵਲ ਦੇ ਖੇਤਰ ਵਿਚ ਐਨੇ ਵਰ੍ਹਿਆਂ ਬਾਅਦ ਇਹ ਪਹਿਲੀ ਗੌਲਣਯੋਗ ਪੁਸਤਕ ਪ੍ਰਕਾਸ਼ਿਤ ਹੋਈ ਹੈ।


ਮਹਿੰਦਰਪਾਲ ਸਿੰਘ ਧਾਲੀਵਾਲ

ਇਸ ਪੁਸਤਕ ਵਿਚ ਜਿਨ੍ਹਾਂ ਨਾਵਲਾਂ ਬਾਰੇ ਗੱਲ ਹੋਈ ਹੈ, ਉਹਨਾਂ ਵਿਚ ਜਸਵੰਤ ਸਿੰਘ ਕੰਵਲ ਦਾ 'ਲਹੂ ਦੀ ਲੋਅ' ਅਤੇ ਪ੍ਰੇਮ ਪ੍ਰਕਾਸ਼ ਦਾ 'ਦਸਤਾਵੇਜ਼' ਵੀ ਸ਼ਾਮਲ ਹਨ। ਇਹ ਦੋਵੇਂ ਲੇਖਕ ਕਦੇ ਵੀ ਨਕਸਲਬਾੜੀ ਲਹਿਰ ਦਾ ਹਿੱਸਾ ਨਹੀਂ ਰਹੇ। ਪਰ ਪ੍ਰੋਫੈਸਰ ਹਰਭਜਨ ਸਿੰਘ ਨੇ ਲਹਿਰ ਦੇ ਅੰਦਰ ਝਾਕਣ ਅਤੇ ਸਿਧਾਂਤਕ ਅਤੇ ਅਮਲੀ ਵਰਤਾਰੇ ਦਾ ਜ਼ਿਕਰ ਤੇ ਮੁਲੰਕਣ ਕਰਦਿਆਂ 'ਜੋ ਹਾਰੇ ਨਹੀਂ' ਤ੍ਰੈਲੜੀ ਨਾਵਲ ਲਿਖਿਆ ਹੈ। ਉਹਨਾਂ ਨੇ ਲੰਬੇ ਸਮੇਂ ਲਈ ਸੰਘਰਸ਼ਮਈ ਜੀਵਨ ਜੀਵਿਆ ਅਤੇ ਆਪਣੇ ਤਜ਼ਰਬੇ ਦੇ ਆਧਾਰ 'ਤੇ ਸੂਖਮ ਤੋਂ ਸੂਖਮ ਪ੍ਰਭਾਵਾਂ ਦੇ ਨਾਲ ਨਾਲ ਲਹਿਰ ਦੀਆਂ ਸਿਧਾਂਤਕ ਤੇ ਵਿਹਾਰਕ ਸਮੱਸਿਆਵਾਂ ਅਤੇ ਬਦਲਦੇ ਹਾਲਾਤਾਂ ਵੱਲ ਵੀ ਇਸ਼ਾਰਾ ਕੀਤਾ ਹੈ। ਇਸ ਤੋਂ ਬਾਅਦ ਬਾਰੂ ਸਤਿਵਰਗ ਨੇ 'ਪੰਨਾ ਇਕ ਇਤਿਹਾਸ ਦਾ' ਅਤੇ ਮਹਿੰਦਰਪਾਲ ਧਾਲੀਵਾਲ ਨੇ 'ਰੁੱਤਾਂ ਲਹੂ ਲੁਹਾਣ' ਨਾਵਲ ਲਿਖਿਆ ਹੈ। ਇਹ ਦੋਵੇਂ ਨਾਵਲ ਵੀ ਇਸ ਸਮੇਂ ਚਰਚਾ ਦਾ ਇਕ ਵਿਸ਼ਾ ਹਨ। ਇਨ੍ਹਾਂ ਪੰਜਾਂ ਨਾਵਲਾਂ ਬਾਰੇ ਇਸ ਪੁਸਤਕ ਵਿਚ ਬਹੁਤ ਹੀ ਖ਼ੂਬਸੂਰਤ ਲੇਖ ਸ਼ਾਮਲ ਹਨ।

ਅਸੀਂ ਨਕਸਲਬਾੜੀ ਲਹਿਰ ਬਾਰੇ ਲਿਖੇ ਗਏ ਸਾਰੇ ਹੀ ਨਾਵਲਾਂ ਬਾਰੇ ਲੇਖ ਇਸ ਕਿਤਾਬ ਵਿਚ ਸ਼ਾਮਲ ਕਰਨਾ ਚਾਹੁੰਦੇ ਸਾਂ। ਜਿਨ੍ਹਾਂ ਵਿਚ ਉਹ ਨਾਵਲ ਵੀ ਸ਼ਾਮਲ ਹਨ ਜੋ ਚਾਹੇ ਸਮੁੱਚੇ ਰੂਪ ਵਿਚ ਤਾਂ ਲਹਿਰ ਨਾਲ ਸੰਬੰਧਿਤ ਨਹੀਂ ਹਨ ਪਰ ਉਨ੍ਹਾਂ ਵਿਚ ਇਸ ਲਹਿਰ ਬਾਰੇ ਉਪ-ਪਾਠ ਤੇ ਉਪ-ਬਿਰਤਾਂਤ ਪੇਸ਼ ਹੋਏ ਹਨ। ਪਰ ਇਨ੍ਹਾਂ ਨਾਵਲਾਂ ਬਾਰੇ ਡਾ. ਸੁਰਜੀਤ ਬਰਾੜ ਦਾ ਲਿਖਿਆ ਸਿਰਫ ਇਕੋ ਇਕ ਮੁਕੰਮਲ ਲੇਖ ਅਸੀਂ ਹਾਸਲ ਕਰ ਸਕੇਂ ਹਾਂ ਜੋ ਇਸ ਪੁਸਤਕ ਵਿਚ ਸ਼ਾਮਲ ਹੈ। ਇਸ ਲਈ ਬੇਸ਼ਕ ਅਸੀਂ ਸਾਰੇ ਦੇ ਸਾਰੇ ਨਾਵਲਾਂ ਨੂੰ ਇਸ ਕਿਤਾਬ ਦੇ ਕਲਾਵੇ ਵਿਚ ਨਹੀਂ ਲਿਆ ਸਕੇ, ਪਰ ਫਿਰ ਵੀ ਇਹ ਕਿਤਾਬ ਇਕ ਵਧੀਆ ਸ਼ੁਰੂਆਤ ਕਹੀ ਜਾ ਸਕਦੀ ਹੈ, ਜੋ ਸਾਡੇ ਸਮਿਆਂ ਦੇ ਮਹਾਨ ਇਨਕਲਾਬੀ ਅੰਦੋਲਨ ਅਤੇ ਇਸ ਦੌਰਾਨ ਹੋਈਆਂ ਮਹਾਨ ਕੁਰਬਾਨੀਆਂ ਬਾਰੇ ਰਚੇ ਗਏ ਨਾਵਲੀ ਬਿਰਤਾਂਤ ਉਪਰ ਭਰਪੂਰ ਰੂਪ ਵਿਚ ਫੋਕਸ ਕਰਨ ਵਿਚ ਸਫਲ ਰਹੀ ਹੈ।

ਇੱਥੇ ਮੈਂ ਇਕ ਗੱਲ ਜ਼ੋਰ ਦੇ ਕੇ ਕਹਿਣਾ ਚਾਹੁੰਦਾ ਹਾਂ ਕਿ ਇਹ ਨਾਵਲ, ਜਿਨ੍ਹਾਂ ਬਾਰੇ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਪੁਸਤਕ ਤੁਸੀਂ ਰੀਲੀਜ ਕਰਨ ਜਾ ਰਹੇ ਹੋ, ਇਹ ਹਿੰਦੁਸਤਾਨੀ ਇਨਕਲਾਬੀ ਅੰਦੋਲਨ ਨਾਲ ਸਬੰਧਿਤ ਵਿਚਾਰਧਾਰਕ, ਰਾਜਨੀਤਕ ਅਤੇ ਵਿਹਾਰਕ ਮਸਲਿਆਂ ਨੂੰ ਆਪਣੀ ਬਿਰਤਾਂਤਕਾਰੀ ਦਾ ਸਭ ਤੋਂ ਅਹਿਮ ਹਿੱਸਾ ਬਣਾਉਂਦੇ ਹਨ। ਸੋ, ਇਨ੍ਹਾਂ ਨਾਵਲ ਅਤੇ ਇਸ ਨਿਬੰਧ ਸੰਗ੍ਰਹਿ ਨੂੰ ਸਹੀ ਰੂਪ ਵਿਚ ਸਮਝਣ ਲਈ ਪਾਠਕ ਦੀ ਦ੍ਰਿਸ਼ਟੀ ਵੀ ਉਸਾਰੂ ਤੇ ਅਗਾਂਹਵਧੂ ਹੋਣੀ ਚਾਹੀਦੀ ਹੈ। ਬੇਸ਼ਕ ਕੁਝ ਲੋਕਾਂ ਦਾ ਵਿਚਾਰ ਹੈ ਕਿ ਸਾਹਿਤ ਵਿਚ ਰਾਜਨੀਤੀ ਨਹੀਂ ਹੋਣੀ ਚਾਹੀਦੀ ਪਰ ਮੇਰੇ ਖਿਆਲ ਵਿਚ ਸਾਹਿਤ ਨੂੰ ਜ਼ਿੰਦਗੀ ਤੋਂ ਤੋੜ ਕੇ ਨਹੀਂ ਵੇਖਿਆ ਜਾ ਸਕਦਾ ਅਤੇ ਜ਼ਿੰਦਗੀ ਸਦਾ ਹੀ ਕਿਸੇ ਨਾ ਕਿਸੇ ਕਿਸਮ ਦੀ ਰਾਜਨੀਤੀ ਤੋਂ ਪ੍ਰਭਾਵਤ ਰਹੀ ਹੈ ਅਤੇ ਰਹੇਗੀ। ਲੇਖਕ ਨੇ ਸਮਾਜ ਵਿਚੋਂ ਹੀ ਆਪਣੇ ਪਾਤਰ ਅਤੇ ਕਹਾਣੀਆਂ ਲੈਣੀਆਂ ਹੁੰ-ਦੀਆਂ ਹਨ। ਜੋ ਕੁਝ ਵੀ ਉਹ ਸਮਾਜ ਵਿਚ ਵਾਪਰਦਾ ਵੇਖਦਾ/ਵਿਚਾਰਦਾ ਹੈ ਉਸ ਵਿਚੋਂ ਉਸ ਨੇ ਕੁਝ ਦੀ ਚੋਣ ਕਰਕੇ ਆਪਣੀ ਸਾਹਿਤਕ ਸਿਰਜਣਾ ਲਈ ਵਰਤਣਾ ਹੁੰਦਾ ਹੈ ਅਤੇ ਕੁਝ ਛੱਡ ਦੇਣਾ ਹੁੰਦਾ ਹੈ। ਸਾਹਿਤਕਾਰ ਦੀ ਸੋਚ ਅਤੇ ਵਿਚਾਰ ਹੀ ਇਸ ਰੱਖਣ/ ਛੱਡਣ ਦਾ ਫੈਸਲਾ ਕਰਦੀ ਹੈ। ਸਾਹਿਤਕਾਰ/ ਕਲਾਕਾਰ ਨੇ ਜ਼ਿੰਦਗੀ ਵਿਚ ਵਾਪਰਦੀਆਂ ਘਟਨਾਵਾਂ/ਦ੍ਰਿਸ਼ਾਂ ਨੂੰ ਸਜੀਵਤਾ ਪ੍ਰਦਾਨ ਕਰਨੀ ਹੁੰਦੀ ਹੈ। ਇਕ ਉਦਾਹਰਣ ਵਜੋਂ: ਜੇ ਕਿਸੇ ਪਹਾੜ 'ਤੇ ਬਰਫ ਪਈ ਹੋਵੇ। ਉਹ ਦ੍ਰਿਸ਼ ਬਹੁਤ ਮਨਮੋਹਕ ਲਗ ਸਕਦਾ ਹੈ ਪਰ ਉਸ ਦ੍ਰਿਸ਼ ਨੇ ਕੁਝ ਸਮੇਂ ਬਾਅਦ ਧੁੱਪ ਪੈਣ ਨਾਲ ਬਰਫ ਪਿਘਲਣ ਕਰਕੇ ਖਤਮ ਹੋ ਜਾਣਾ ਹੁੰਦਾ ਹੈ। ਇਕ ਕਲਾਕਾਰ ਉਸ ਦ੍ਰਿਸ਼ ਨੂੰ ਆਪਣੇ ਕੈਮਰੇ ਵਿਚ ਜਾਂ ਪੇਂਟ ਕਰਕੇ ਸਜੀਵਤਾ ਪ੍ਰਦਾਨ ਕਰ ਸਕਦਾ ਹੈ। ਇਹੋ ਕੰਮ ਹੀ ਸਾਹਿਤਕਾਰ ਕਰਦਾ ਹੈ।

ਇਸ ਕਰਕੇ ਸਾਹਿਤਕਾਰ ਦਾ ਕੰਮ ਰਾਜਨੀਤਕ ਲੇਖ ਲਿਖਣ ਵਾਲਿਆਂ ਨਾਲੋਂ ਔਖਾ ਹੁੰਦਾ ਹੈ ਕਿਉਂਕਿ ਉਸ ਨੇ ਰਾਜਨੀਤੀ ਨੂੰ ਕਲਾਤਮਕ ਢੰਗ ਨਾਲ ਪੇਸ਼ ਕਰਨਾ ਹੁੰਦਾ ਹੈ। ਰਾਜਨੀਤਕ ਬੰਦਾ ਸਿੱਧੀ ਪੱਧਰੀ ਗੱਲ ਕਰ ਸਕਦਾ ਹੈ। ਜੇ ਸਾਹਿਤਕਾਰ ਆਪਣੇ ਸ਼ਬਦਾਂ ਦੀ ਕਰੀਗਰੀ ਨਾਲ ਕਲਾ ਪੈਦਾ ਨਹੀਂ ਕਰ ਸਕਦਾ ਤਾਂ ਉਹਦੀ ਕ੍ਰਿਤ ਸਾਹਿਤ ਦਾ ਹਿੱਸਾ ਨਹੀਂ ਬਣ ਸਕਦੀ। ਰਾਜਨੀਤਕ ਨਿਬੰਧ ਅਤੇ ਸਾਹਿਤਕ ਕ੍ਰਿਤ ਨੂੰ ਕਲਾ ਹੀ ਵਖਰਾਉਂਦੀ ਹੈ। ਜਦੋਂ ਸੰਤ ਰਾਮ ਉਦਾਸੀ ਕਹਿੰਦਾ ਹੈ, 'ਭਗਤ ਸਿੰਘ ਦੀ ਮਾਂ ਤਾਂ ਬੇਸ਼ਕ ਬਣਿਉ ਪਰ ਬਣਿਉ ਨੇ ਕਿਤੇ ਪੰਜਾਬ ਮਾਤਾ।' ਜਾਂ 'ਜੇ ਰੋਟੀ ਦੀ ਅੱਗ ਚਾਹੀਦੀ ਤਾਂ ਫਿਰ ਸਾਂਭ ਬਰੂਦ ਨਾ ਰੱਖੀਂ, ਜੇ ਕੁਝ ਮੁੜਕੇ ਦਾ ਮੋਹ ਹੈਗਾ ਤਾਂ ਫਿਰ ਨੱਪ ਖਰੂਦ ਨਾ ਰੱਖੀਂ।' ਸੰਤ ਰਾਮ ਉਦਾਸੀ ਗੱਲ ਤਾਂ ਰਾਜਨੀਤਕ ਹੀ ਕਰਦਾ ਹੈ ਪਰ ਕਲਾਤਮਕ ਢੰਗ ਨਾਲ ਕਰਦਾ ਹੈ। ਇਹੋ ਜਿਹੀਆਂ ਬਹੁਤ ਸਾਰੀਆਂ ਉਦਾਹਰਣਾ ਦਿਤੀਆਂ ਜਾ ਸਕਦੀਆਂ ਹਨ। ਜਿਹੜੇ ਕਵੀ ਕਲਾਤਮਕ ਰਚਨਾ ਰਚ ਗਏ ਉਹਨਾਂ ਦੀ ਕਵਿਤਾ ਅੱਜ ਵੀ ਲੋਕ ਸੁਣਦੇ ਪੜ੍ਹਦੇ ਹਨ। ਜਿਹੜੇ ਕਵੀ ਗੱਲ ਤਾਂ ਇਨਕਲਾਬ ਦੀ ਕਰਦੇ ਹਨ ਪਰ ਉਹ ਉਸ ਗੱਲ ਨੂੰ ਕਲਾਤਮਕ ਨਾ ਬਣਾ ਸਕੇ ਉਹ ਕਵਿਤਾ ਲੋਕਾਂ ਵਿਚ ਹਰਮਨ ਪਿਆਰੀ ਨਹੀਂ ਹੋ ਸਕੀ। ਇਹੋ ਗੱਲ ਨਾਵਲਾਂ ਅਤੇ ਕਹਾਣੀਆਂ 'ਤੇ ਵੀ ਲਾਗੂ ਹੁੰਦੀ ਹੈ। ਨਕਸਲਬਾੜੀ ਲਹਿਰ ਨਾਲ ਸਬੰਧਤ ਨਾਵਲਾਂ ਦੀ ਕਲਾ ਦੇ ਪੱਖ ਨੂੰ ਪਾਠਕਾਂ ਨੇ ਪੜ੍ਹ ਕੇ ਫੈਸਲਾ ਕਰਨਾ ਹੈ।

ਇਸ ਕਿਤਾਬ ਦੇ ਛਪਦੇ ਹੀ ਸਾਨੂੰ ਪਾਠਕਾਂ ਅਤੇ ਆਲੋਚਕਾਂ ਵੱਲੋਂ ਚੰਗਾ ਹੁੰਗਾਰਾ ਅਤੇ ਉਤਸਾਹਜਨਕ ਹੁਲਾਰਾ ਮਿਲਿਆ ਹੈ। ਪੰਜਾਬ ਯੂਨੀਵਰਸਟੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਟੀ ਪਟਿਆਲਾ ਵਿਚ ਇਸ ਲਹਿਰ ਨਾਲ ਸਬੰਧਤ ਨਾਵਲਾਂ ਬਾਰੇ ਐਮ. ਫਿਲ. ਅਤੇ ਪੀ. ਐਚ. ਡੀ. ਲਈ ਕੰਮ ਹੋਣਾ ਵੀ ਆਰੰਭ ਹੋ ਗਿਆ ਹੈ। ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ ਇਸ ਸਬੰਧੀ ਹੋਰ ਵੀ ਕਿਤਾਬਾਂ ਆਉਣਗੀਆਂ।

ਸੋ, ਦੋਸਤੋ ਤੁਸੀਂ ਇਸ ਕਿਤਾਬ ਨੂੰ ਰਿਲੀਜ਼ ਕਰਕੇ ਅਤੇ ਇਸ ਸਬੰਧੀ ਗੱਲਬਾਤ ਕਰਕੇ ਵੱਡਾ ਯੋਗਦਾਨ ਪਾ ਰਹੇ ਹੋ। ਇਸ ਯਤਨ ਲਈ ਮੈਂ ਸੰਪਾਦਕੀ ਬੋਰਡ ਵੱਲੋਂ ਤੁਹਾਡਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਫੰਕਸ਼ਨ ਦੀ ਸਫਲਤਾ ਲਈ ਸ਼ੁਭ ਕਾਮਨਾਵਾਂ ਭੇਜ ਰਿਹਾ ਹਾਂ।

**ਬਹੁਤ ਪਿਆਰ ਅਤੇ ਨਿੱਘੀ ਯਾਦ ਨਾਲ**
**-ਮਹਿੰਦਰਪਾਲ ਧਾਲੀਵਾਲ**

## "ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ" ਪੁਸਤਕ ਬਾਰੇ ਦੋ ਸ਼ਬਦ

ਨਕਸਲਬਾੜੀ ਲਹਿਰ ਨੇ ਪੂਰੇ ਭਾਰਤ ਦੇ ਨਾਲ ਨਾਲ ਪੰਜਾਬ ਦੀ ਰਾਜਨੀਤੀ, ਸਮਾਜਿਕ ਜੀਵਨ ਅਤੇ ਸਾਹਿਤ ਨੂੰ ਵੀ ਆਪਣੀ ਰੰਗਤ ਬਖ਼ਸ਼ੀ ਹੈ। 'ਹੇਮ ਜਯੋਤੀ' ਅਤੇ 'ਰੋਹਲੇ ਬਾਣ' ਵਰਗੇ ਰਸਾਲਿਆਂ ਨੇ ਪਾਠਕਾਂ ਵਿਚ ਨਵੀਂ ਰੌਸ਼ਨੀ ਅਤੇ ਚੇਤਨਾ ਦਾ ਸੰਚਾਰ ਕੀਤਾ। ਇਸ ਲਹਿਰ ਨੇ ਜਿੱਥੇ ਸੰਤ ਰਾਮ ਉਦਾਸੀ, ਜੈਮਲ ਪੱਡਾ, ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ, ਹਰਭਜਨ ਹਲਵਾਰਵੀ ਵਰਗੇ ਕਵੀ ਪੰਜਾਬੀਆਂ ਨੂੰ ਦਿੱਤੇ, ਉਥੇ ਗੁਰਸ਼ਰਨ ਸਿੰਘ (ਭਾਅ ਜੀ) ਵਰਗਾ ਪ੍ਰਤੀਬੱਧ ਨਾਟਕਕਾਰ ਵੀ ਦਰਸ਼ਕਾਂ ਦੇ ਸਾਹਮਣੇ ਉਭਾਰਿਆ। ਗਲਪ ਦੇ ਖੇਤਰ ਵਿਚ ਇਸ ਲਹਿਰ ਦੇ ਪ੍ਰਭਾਵ ਉਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕਹਾਣੀਆਂ ਦੇ ਨਾਲ ਨਾਲ 'ਲਹੂ ਦੀ ਲੋਅ' (ਜਸਵੰਤ ਸਿੰਘ ਕੰਵਲ), 'ਜੋ ਹਾਰੇ ਨਹੀਂ' (ਤ੍ਰੈਲੜੀ ਨਾਵਲ) (ਪ੍ਰੋ. ਹਰਭਜਨ ਸਿੰਘ), 'ਇਕ ਦਹਿਸ਼ਤਪਸੰਦ ਦੀ ਡਾਇਰੀ' (ਸੁਖਪਾਲ ਸੰਘੇੜਾ), 'ਰੁੱਤਾਂ ਲਹੂ ਲੁਹਾਣ' (ਮਹਿੰਦਰਪਾਲ ਸਿੰਘ ਧਾਲੀਵਾਲ), 'ਪੰਨਾ ਇਕ ਇਤਿਹਾਸ ਦਾ' (ਬਾਰੂ ਸਤਵਰਗ), 'ਦਸਤਾਵੇਜ਼' (ਪ੍ਰੇਮ ਪ੍ਰਕਾਸ਼) ਆਦਿ ਨਾਵਲਾਂ ਦੀ ਰਚਨਾ ਵੀ ਹੋਈ ਹੈ। ਅੱਜ ਵੀ ਇਹਨਾਂ ਨਾਵਲਾਂ ਨੂੰ ਪਾਠਕਾਂ ਵਲੋਂ ਮਿਲ ਰਿਹਾ ਭਰਪੂਰ ਹੁੰਗਾਰਾ ਇਸ ਗੱਲ ਦੀ ਨਿਸ਼ਾਨ ਦੇਹੀ ਕਰਦਾ ਹੈ ਕਿ ਜਨ-ਸਾਧਾਰਨ ਵਿਚ ਇਸ ਲਹਿਰ ਦਾ ਆਧਾਰ ਕਿਸੇ ਨਾ ਕਿਸੇ ਰੂਪ ਵਿਚ ਮੌਜੂਦ ਹੈ।



ਇਹ ਲਹਿਰ ਅੱਜ ਵੀ ਕਿਸੇ ਨ ਕਿਸੇ ਰੂਪ ਵਿਚ ਜਾਰੀ ਹੈ ਅਤੇ ਸਾਹਿਤ ਦੇ ਆਕਾਸ਼ ਵਿਚ ਵੀ ਇਸ ਦਾ ਪ੍ਰਭਾਵ ਕਿਸੇ ਨਾ ਕਿਸੇ ਚੰਨ-ਤਾਰੇ ਦੇ ਰੂਪ ਵਿਚ ਪਰਗਟ ਹੋ ਹੀ ਜਾਂਦਾ ਹੈ। ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਵੱਲੋਂ ਸੰਪਾਦਿਤ ਕੀਤੀ ਕਿਤਾਬ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਇਸ ਰੌਸ਼ਨੀ ਦਾ ਮੂੰਹੋਂ ਬੋਲਦਾ ਸਬੂਤ ਹੈ।

ਨਕਸਲਬਾੜੀ ਲਹਿਰ ਦੇ ਇਤਿਹਾਸਿਕ ਪ੍ਰਸੰਗ ਵਿਚ ਪੰਜਾਬੀ ਨਾਵਲ ਦੀ ਪ੍ਰਾਪਤੀ ਦੇ ਮੱਦੇਨਜ਼ਰ ਇਸ ਪੁਸਤਕ ਵਿਚ ਡਾ. ਜਸਵਿੰਦਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਹਰਜਿੰਦਰ ਪੰਧੇਰ, ਪ੍ਰੋ. ਮਾਨ ਸਿੰਘ ਢੀਂਡਸਾ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਸੁਰਿੰਦਰ ਸੋਹਲ, ਡਾ. ਸੁਰਜੀਤ ਬਰਾੜ, ਡਾ. ਅਮਰ ਜਿਉਤੀ, ਡਾ. ਗੁਰਜੀਤ ਸਿੰਘ ਸੰਧੂ, ਡਾ. ਜਲੌਰ ਸਿੰਘ ਖੀਵਾ, ਪ੍ਰੋ. ਗੁਰਬਖ਼ਸ਼ ਸਿੰਘ ਸੱਚਦੇਵ, ਜਗਰਾਜ ਧੌਲਾ, ਕਰਮਜੀਤ ਜੋਗਾ, ਗੁਰਸ਼ਰਨ ਸਿੰਘ (ਭਾਅ ਜੀ), ਡਾ. ਮੀਨਾਕਸ਼ੀ ਰਾਠੌਰ, ਡਾ. ਮੋਹਨ ਸਿੰਘ ਤਿਆਗੀ, ਅਜਮੇਰ ਸਿੱਧੂ, ਹਰਿੰਦਰ ਸਿੰਘ ਬਰਾੜ ਅਤੇ ਸ਼ਬਦੀਸ਼ ਦੇ 23 ਲੇਖ ਸ਼ਾਮਿਲ ਕੀਤੇ ਗਏ ਹਨ।

ਇਹਨਾਂ ਲੇਖਾਂ ਵਿਚ ਪੰਜਾਬੀ ਵਿਚ ਰਚੇ ਗਏ ਨਾਵਲਾਂ ਦਾ ਬੜੀ ਦਿਆਨਤਦਾਰੀ ਨਾਲ ਮੁਲੰਕਣ ਕੀਤਾ ਗਿਆ ਹੈ। ਉਹਨਾਂ ਨਾਵਲਾਂ ਦੇ ਆਧਾਰ 'ਤੇ ਹੀ ਇਸ ਲਹਿਰ ਦੇ ਇਤਿਹਾਸ, ਪ੍ਰਾਪਤੀਆਂ, ਨਾਕਾਮੀਆਂ, ਪ੍ਰਤੀਬੱਧ ਯੋਧਿਆਂ ਦੀ ਵੀਰ-ਗਾਥਾਵਾਂ, ਮੌਕਾ-ਪ੍ਰਸਤ ਲੀਡਰਾਂ ਦੀਆਂ ਕੁਚਾਲਾਂ ਆਦਿ ਦਾ ਵਰਣਨ ਆਲੋਚਨਾਤਮਕ ਦ੍ਰਿਸ਼ਟੀ ਤੋਂ ਕਰਨ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਲੇਖਕਾਂ ਨੇ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਨਾਵਲਾਂ ਦਾ ਅਧਿਐਨ ਬੜੀ ਬਰੀਕੀ ਨਾਲ ਕੀਤਾ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਨਕਸਲਬਾੜੀ ਲਹਿਰ ਦੀ ਪਰਵਿਰਤੀ ਨਾਲ ਸੰਬੰਧਿਤ ਨਾਵਲਾਂ ਦਾ ਇਕ ਵੱਖਰਾ ਅਧਿਆਏ ਜੁੜਿਆ ਹੋਇਆ ਹੈ। ਭਾਈ ਵੀਰ ਸਿੰਘ ਤੋਂ ਸ਼ੁਰੂ ਹੋਇਆ ਨਾਵਲ, ਇਹਨਾਂ ਨਾਵਲਾਂ ਦੀ ਬਦੌਲਤ ਇਕ ਹੋਰ ਇਤਿਹਾਸਕ ਕਦਮ ਪੁੱਟਦਾ ਹੈ। ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਅਤੇ ਵਿਦਵਾਨਾਂ ਵਾਸਤੇ ਇਹ ਇਕ ਤਰ੍ਹਾਂ ਨਾਲ ਤੋਹਫ਼ਾ ਸਾਬਿਤ ਹੁੰਦਾ ਹੈ।

ਡਾ. ਧਨਵੰਤ ਕੌਰ ਦੇ ਸ਼ਬਦਾਂ ਵਿਚ- 'ਡਾ. ਸੁਰਜੀਤ ਸਿੰਘ ਅਤੇ ਸ੍ਰੀ ਮਹਿੰਦਰਪਾਲ ਧਾਲੀਵਾਲ ਵਲੋਂ ਵਿਸ਼ੇਸ਼ ਤਰੱਦਦ ਅਤੇ ਉਚੇਰੀ ਸੂਝ ਨਾਲ ਸੰਪਾਦਿਤ ਕੀਤੀ ਇਹ ਪੁਸਤਕ ਪੰਜਾਬੀ ਸਾਹਿਤ, ਸਭਿਆਚਾਰ ਅਤੇ ਰਾਜਨੀਤੀ ਦੇ ਪ੍ਰਸੰਗ ਵਿਚ ਇਕ ਪ੍ਰਸੰਸਾਯੋਗ ਉੱਦਮ ਹੈ।'

**- ਸੁਰਿੰਦਰ ਸੋਹਲ**

## ਮਾਣਯੋਗ ਪ੍ਰਧਾਨ ਜੀ, ਵਿਦਵਾਨ ਸਾਹਿਤਕਾਰ ਸੱਜਣੋ, ਭੈਣੋ ਤੇ ਭਰਾਵੋ

ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਆਪਣੀ ਮਾਂ-ਬੋਲੀ ਪੰਜਾਬੀ ਅੱਗੇ ਸਿਰ ਝੁਕਾਉਂਦਾ ਹਾਂ; ਜਿਸ ਵਿਚ ਚਾਰ ਦਹਾਕਿਆਂ ਤੋਂ ਸ਼ਬਦ -ਸਾਧਨਾ ਕਰਨ ਉਪਰੰਤ ਮੈਂ ਅੱਜ ਇਸ ਮਹਾਨ ਦੇਸ਼ ਦੇ ਸਿਰਮੌਰ ਅਦੀਬਾਂ ਵਿਦਵਾਨਾਂ ਦੇ ਰੂਬਰੂ ਹੋਣ ਦੇ ਯੋਗ ਹੋਇਆ ਹਾਂ। ਮੇਰੀ ਮਾਂ-ਬੋਲੀ ਦੇ ਸਾਹਿਤ ਦੀਆਂ ਜੜ੍ਹਾਂ ਹਜ਼ਾਰਾਂ ਸਾਲ ਪਿੱਛੇ ਵੈਦਿਕ ਕਾਲ ਤੀਕ ਫੈਲੀਆਂ ਪਈਆਂ ਨੇ। ਯੁਗਾਂ ਯੁਗਾਂ ਤੋਂ ਸਾਡੇ ਗਿਆਨਵਾਨ ਦਾਨਿਸ਼ਵਰ ਪੰਜਾਬੀ ਬੋਲੀ ਦਾ ਖਜ਼ਾਨਾ ਆਪਣੀਆਂ ਅਮਰ ਰਚਨਾਵਾਂ ਨਾਲ ਮਾਲਾ ਮਾਲ ਕਰਦੇ ਆ ਰਹੇ ਹਨ। ਮੈਨੂੰ ਅਹਿਸਾਸ ਹੈ ਕਿ ਪੰਜਾਬੀ ਕਵਿਤਾ ਦੀ ਗੌਰਵਸ਼ਾਲੀ ਵਿਰਾਸਤ ਅਤੇ ਇਤਿਹਾਸ ਬਾਰੇ ਤੁਸੀਂ ਮੇਰੇ ਨਾਲੋਂ ਕਿਤੇ ਵੱਧ ਜਾਣਦੇ ਹੋ। ਸੋ ਇਸ ਸਬੰਧੀ ਆਪਣੀ ਅਲਪ ਜਾਣਕਾਰੀ ਦਾ ਦਿਖਾਵਾ ਕਰਨ ਦੀ ਬਜਾਇ ਸਿਰਫ਼ ਉਨ੍ਹਾਂ ਸਥਿਤੀਆਂ, ਸਰੋਕਾਰਾਂ ਅਤੇ ਪ੍ਰੇਰਨਾਵਾਂ ਦੀ ਹੀ ਗੱਲ ਕਰਾਂਗਾ ਜਿਹੜੀਆਂ ਮੇਰੀ ਕਵਿਤਾ ਦੇ ਆਰ ਪਾਰ ਫੈਲੀਆਂ ਪਈਆਂ ਹਨ। ਮੈਂ ਕੋਸ਼ਿਸ਼ ਕਰਾਂਗਾ ਕਿ ਆਪਣੀ ਗੱਲ ਸਿੱਧੇ ਸਰਲ ਸ਼ਬਦਾਂ ਵਿਚ ਆਖ ਸਕਾਂ।


ਜਸਵਿੰਦਰ

ਕਵਿਤਾ ਨਾਲ ਆਪਣਾ ਰਿਸ਼ਤਾ ਤਲਾਸ਼ਦਿਆਂ ਜ਼ਰਾ ਕੁ ਪਿੱਛੇ ਝਾਤ ਮਾਰ ਲਵਾਂ। ਮੈਂ ਪੰਜਾਬ ਦੇ ਦੱਖਣ ਪੱਛਮ ਦੀ ਇਕ ਅਣਜਾਣੀ ਗੁੱਠ ਵਿਚ ਵਸੇ ਪਿੰਡ ਕਲਾਲਵਾਲਾ ਦਾ ਜੰਮਪਲ ਹਾਂ। ਮੇਰੇ ਬਚਪਨ ਵੇਲੇ ਰੇਤਲੇ ਟਿੱਬਿਆਂ ਵਿਚਕਾਰ ਘਿਰੇ ਇਸ ਪਿੰਡ ਵਿਚ ਅਨਪੜ੍ਹਤਾ ਦਾ ਘੋਰ ਹਨੇਰਾ ਸੀ। ਮੇਰਾ ਸੁਭਾਗ ਹੈ ਕਿ ਮਿੱਟੀ ਨਾਲ ਮਿੱਟੀ ਹੋਣ ਵਾਲੇ ਮੇਰੇ ਕਿਸਾਨ ਮਾਪੇ ਗੁਰਮੁਖੀ ਅੱਖਰ ਉਠਾ ਲੈਂਦੇ ਸਨ ਅਤੇ ਪੰਜ ਗ੍ਰੰਥੀ 'ਪਾਸ' ਸਨ। ਇਉਂ ਸਕੂਲ ਜਾਣ ਤੋਂ ਪਹਿਲਾਂ ਘਰ ਵਿਚ ਹੀ ਮੇਰਾ ਅੱਖਰਾਂ ਨਾਲ ਮੋਹ ਪੈ ਗਿਆ ਸੀ। ਪਿੰਡ ਦੇ ਡੇਰੇ ਵਿਚ ਬੋਹੜਾਂ ਦੀ ਛਾਂ ਹੇਠਾਂ ਵਾਰਸ ਦੀ ਹੀਰ ਪੜ੍ਹਦੇ ਸੰਤ ਬਸੰਤ ਮੁਨੀ ਦੁਆਲੇ ਬੈਠੇ ਸਿਆਣਿਆਂ ਕੋਲ ਅਸੀਂ ਨਿਆਣੇ ਵੀ ਜਾ ਬਹਿੰਦੇ। ਵਰ੍ਹੇ ਛਿਮਾਹੀ ਸੱਥ ਵਿਚ ਲਗਦੇ ਕਵੀਸ਼ਰਾਂ ਦੇ ਬੋਲ ਵੀ ਬਾਲ ਚੇਤਿਆਂ ਵਿਚ ਵਸਦੇ ਗਏ। ਕਿਤੇ ਓਸੇ ਮਾਹੌਲ ਵਿਚ ਹੀ ਮੇਰੇ ਅੰਦਰ ਕਵਿਤਾ ਦੇ ਬੀਜ ਬੀਜੇ ਗਏ। ਖੇਡਣ ਦੀ ਉਮਰੇ ਮੈਂ ਆਪਣੇ ਹਾਣੀਆਂ ਤੋਂ ਅਲੱਗ ਇਕ-ਲਖੋਰਾ ਸਾਂ। ਸੋ ਸਾਹਿਤ ਨਾਲ ਪੱਕੀ ਆੜੀ ਪਾ ਕੇ ਮੈਂ ਸ਼ਬਦਾਂ ਦੇ ਅਦਭੁਤ ਸੰਸਾਰ ਵਿਚ ਗੁਆਚਦਾ ਗਿਆ। ਹਾਈ ਸਕੂਲ ਦੀ ਛੋਟੀ ਜਿਹੀ ਲਾਇਬ੍ਰੇਰੀ ਮੈਂ ਅੱਠਵੀਂ ਨੌਵੀਂ ਜਮਾਤ ਤਕ ਹੀ ਪੜ੍ਹ ਲਈ ਸੀ। ਸਾਡੇ ਸੱਭਿਆਚਾਰ ਦੇ ਖ਼ਮੀਰ ਵਿਚ ਰਚੀ ਵਸੀ ਸਰੋਦੀ ਸ਼ਾਇਰੀ ਮੈਨੂੰ ਵਿਸ਼ੇਸ਼ ਖਿਚ ਪਾਉਂਦੀ। ਬਸ ਕਿਤੇ ਉਦੋਂ ਜਿਹੇ ਹੀ ਅੱਲ੍ਹੜ ਇਕਲਾਪੇ ਦੀ ਤੜਪ ਨੂੰ ਸਕੂਨ ਦੇਣ ਲਈ ਮੈਂ ਕਵਿਤਾਵਾਂ ਜੋੜਨ ਲਗ ਪਿਆ।

ਮੇਰੇ ਅੰਦਰ ਜਿੰਨੀ ਕੁ ਸੂਖ਼ਮਤਾ ਤੇ ਸੰਵੇਦਨਾ ਹੈ, ਇਹ ਮੇਰੀ ਮਰਹੂਮ ਮਾਂ ਦੀ ਬਖ਼ਸ਼ਿਸ਼ ਹੈ, ਜਿਸ ਅੰਦਰ ਨੇਕੀ ਤੇ ਪਰਸੁਆਰਥ ਦੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਸਨ। ਜ਼ਿੰਦਗੀ ਦੀ ਮੁਢਲੀ ਸੂਝ ਮੈਨੂੰ ਪਿਤਾ ਵੱਲੋਂ ਮਿਲੀ, ਜੋ ਅਨਪੜ੍ਹ ਹੋਣ ਦੇ ਬਾਵਜੂਦ ਜਗਿਆਸੂ ਬਿਰਤੀ ਵਾਲੇ ਸਨ। ਜਿਨ੍ਹਾਂ ਨੇ ਅੰਤਿਮ ਵੇਲੇ ਮਰਨ ਉਪਰੰਤ ਵੀ ਸਮਾਜ ਦੇ ਕੰਮ ਆਉਣ ਦੀ ਇੱਛਾ ਪ੍ਰਗਟਾਈ ਸੀ। ਸੋ ਉਨ੍ਹਾਂ ਦੀ ਮਿਰਤਕ ਦੇਹ ਖੋਜ ਕਾਰਜਾਂ ਲਈ ਮੈਡੀਕਲ ਕਾਲਿਜ ਦੇ ਸਪੁਰਦ ਕੀਤੀ ਗਈ ਸੀ। ਮੇਰੀ ਮਾਂ ਦੇ ਲਫ਼ਜ਼ਾਂ ਅਨੁਸਾਰ ਮੈਂ ਮੁੱਢੋਂ ਹੀ ਪਤਲ-ਚੰਮਾ ਹਾਂ ਜੋ ਜ਼ਰਾ ਕੁ ਤੱਤੀ 'ਵਾ ਨਾਲ ਕੁਮਲਾ ਜਾਂਦਾ ਹਾਂ। ਮੈਨੂੰ ਅਹਿਸਾਸ ਹੈ ਕਿ ਏਹੀ ਸੰਵੇਦਨਸ਼ੀਲਤਾ ਮੇਰੇ ਸ਼ਾਇਰ ਹੋਣ ਦਾ ਆਧਾਰ ਬਣੀ ਹੈ।

ਜ਼ਿੰਦਗੀ ਦੇ ਮੋੜਾਂ ਘੋੜਾਂ ਅਤੇ ਕੌੜੇ ਮਿਠੇ ਅਨੁਭਵਾਂ 'ਚੋਂ ਗੁਜ਼ਰਦਿਆਂ ਸਰੋਦੀ ਕਵਿਤਾ ਦੇ ਲੰਮੇ ਅਭਿਆਸ ਬਾਦ ਹੀ ਗ਼ਜ਼ਲ ਨਾਲ ਮੇਰਾ ਰਿਸ਼ਤਾ ਜੁੜਿਆ ਹੈ। ਕਿਸੇ ਸ਼ਿਅਰ ਦੀਆਂ ਸਿੱਧਾ ਦਿਲ 'ਤੇ ਅਸਰ ਕਰਨ ਵਾਲੀਆਂ ਦੋ ਸਤਰਾਂ ਵਿਸ਼ੇਸ਼ ਖਿਚ ਪਾਉਂਦੀਆਂ ਹਨ। ਮੈਨੂੰ ਕਦੇ ਵੀ ਨਹੀਂ ਲੱਗਿਆ ਕਿ ਗ਼ਜ਼ਲ ਕਿਸੇ ਹੋਰ ਮੁਲਕ 'ਚੋਂ ਲਿਆਂਦੀ ਗਈ ਕੋਈ ਪਰਾਈ ਵਿਧਾ ਹੈ। ਪੰਜਾਬੀ ਦੇ ਮੁਢਲੇ ਕਵੀ ਬਾਬਾ ਫ਼ਰੀਦ ਦੇ ਸ਼ਲੋਕਾਂ ਵਿਚੋਂ ਵੀ ਮੈਨੂੰ ਗ਼ਜ਼ਲ ਦਿਸਦੀ ਹੈ। ਮੈਨੂੰ ਲਗਦਾ ਹੈ ਕਿ ਪਿੰਗਲ ਅਰੂਜ਼ ਦੀ ਜਾਣਕਾਰੀ ਹਾਸਲ ਕਰਨ ਲਈ ਕਿਸੇ ਉਚੇਚੀ ਵਿਦਿਅਕ ਯੋਗਤਾ ਜਾਂ ਔਖੀ

(ਬਾਕੀ ਸਫ਼ਾ 22 ਤੇ)

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ 28 ਜੂਨ ਦੇ ਕਾਵਿ ਸੰਮੇਲਨ ਲਈ ਆਏ ਸ਼ੁਭ ਸੰਦੇਸ਼ਾਂ ਦੀ ਇਕ ਝਲਕ

ਅਮਰੀਕਾ ਵਿਚ ਪੰਜਾਬੀ ਸਾਹਿਤ, ਕਲਾਵਾਂ ਅਤੇ ਸਭਿਆਚਾਰ ਦੀ ਪ੍ਰਫੁਲਤਾ ਅਤੇ ਅਮੀਰੀ ਲਈ ਸਰਗਰਮ ਚਾਰ ਪ੍ਰਮੁਖ ਜਥੇਬੰਦੀਆਂ ਵਲੋਂ 28 ਜੂਨ 2015 ਨੂੰ ਕੀਤੇ ਜਾ ਰਹੇ ਕਾਵਿ-ਸੰਮੇਲਨ ਦਾ ਸੱਦਾ-ਪੱਤਰ ਪ੍ਰੋ. ਹਰਭਜਨ ਸਿੰਘ ਰਾਹੀਂ ਪ੍ਰਾਪਤ ਹੋਣ 'ਤੇ ਬੇਹੱਦ ਪ੍ਰਸੰਨਤਾ ਮਹਿਸੂਸ ਹੋਈ। ਸਾਨੂੰ ਅਹਿਮ ਤੇ ਸੰਜੀਦਾ ਸਰੋਕਾਰਾਂ ਨੂੰ ਸਮਰਪਿਤ ਚਾਰਾਂ ਜਥੇਬੰਦੀਆਂ ਨਾਲ ਨੇੜਿਓਂ ਜੁੜੇ ਹੋਣ 'ਤੇ ਵੱਡਾ ਮਾਣ ਹੈ। ਸਾਨੂੰ ਇਸ ਕਾਵਿ ਸੰਮੇਲਨ ਦੇ ਇਉਂ ਰਲ਼ ਕੇ, ਏਨੇ ਉਚ ਪਾਏ ਦੀਆਂ ਬਹੁਮੁਖੀ ਸਰਗਰਮੀਆਂ 'ਤੇ ਫੋਕਸ ਕਰਨ 'ਤੇ ਡਾਢਾ ਫ਼ਖ਼ਰ ਮਹਿਸੂਸ ਹੋਇਆ ਹੈ ਤੇ ਹਾਜ਼ਰ ਨਾ ਹੋ ਸਕਣ 'ਤੇ ਕੁਝ ਕੁ ਉਦਾਸੀ ਵੀ। ਅਮਰੀਕਾ ਵਿਖੇ ਇਹਨਾਂ ਨਾਮਵਰ ਜਥੇਬੰਦੀਆਂ ਦੇ ਬੈਨਰ ਹੇਠ ਪ੍ਰਸਿੱਧ ਸਾਹਿਤਕ ਹਸਤੀਆਂ ਦਾ ਇਕਜੁੱਟ ਹੋ ਐਸਾ ਮੁੱਲਵਾਨ ਉੱਦਮ ਪ੍ਰਸੰਸਾ ਦਾ ਹੱਕਦਾਰ ਹੈ। ਅਸੀਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਤੇ ਇਸਦੇ ਮੋਹਰੀ ਸ੍ਰੀ ਹਰਜਿੰਦਰ ਪੰਧੇਰ ਤੇ ਪ੍ਰੋ. ਹਰਭਜਨ ਸਿੰਘ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਤੇ ਇਸਦੇ ਮੋਹਰੀ ਪ੍ਰੋ. ਸੁਖਵਿੰਦਰ ਕੰਬੋਜ਼ ਤੇ ਕੁਲਵਿੰਦਰ, ਪੰਜਾਬੀ ਗੀਤਕਾਰੀ ਮੰਚ ਦੇ ਮੱਖਣ ਲੁਹਾਰ ਤੇ ਬਿੱਕਰ ਸਿੰਘ ਅਤੇ ਕੂਲ ਪੰਜਾਬੀ ਵਿਰਸਾ ਗਰੁੱਪ ਦੇ ਪਰਮਜੀਤ ਸਿੰਘ ਤੇ ਰੇਨੂੰ ਸਿੰਘ ਨੂੰ ਇਸ ਸਾਂਝੇ ਤੇ ਮਿਆਰੀ ਉੱਦਮ ਲਈ ਹਾਰਦਿਕ ਵਧਾਈ ਦਿੰਦੇ ਹਾਂ।

ਇਸ ਕਾਵਿ-ਸੰਮੇਲਨ ਦੇ ਸਰਕੂਲੇਟ ਹੋਏ ਪ੍ਰੋਗਰਾਮ ਨੂੰ ਵਾਚਦਿਆਂ ਇਸਦੀ ਬਹੁਪੱਖੀ ਵਿਉਂਤ ਤੇ ਪਤਵੰਤੇ ਸਾਹਿਤਕਾਰਾਂ ਦੀ ਸ਼ਮੂਲੀਅਤ ਇਹ ਭਲੀ-ਭਾਂਤ ਦਰਸਾ ਰਹੀ ਹੈ ਕਿ ਇਹ ਸਮਾਗਮ ਉਚੇਰੇ ਅਤੇ ਸੰਜੀਦਾ ਸਰੋਕਾਰਾਂ ਨੂੰ ਪ੍ਰਣਾਇਆ ਹੋਇਆ ਹੈ। ਸਾਡੇ ਆਪਣੇ ਪਿਛਲੇ ਅਨੁਭਵ ਇਸਦੀ ਭਰਪੂਰ ਤਸਦੀਕ ਕਰਦੇ ਹਨ। ਇਸ ਸਮਾਗਮ ਦਾ ਫੋਕਸ ਇਹ ਦਰਸਾ ਰਿਹਾ ਹੈ ਕਿ ਇਹ ਸਾਂਝਾ ਉੱਦਮ ਅਮਰੀਕਾ-ਕੈਨੇਡਾ ਵਿਚ ਮਿਆਰੀ ਤੇ ਅਤਿ-ਜ਼ਰੂਰੀ ਸਾਹਿਤਕ-ਸਭਿਆਚਾਰਕ ਮਾਹੌਲ ਸਿਰਜਣ ਵਿਚ ਮਾਣਯੋਗ ਯੋਗਦਾਨ ਪਾਵੇਗਾ।

ਅਸੀਂ ਜ਼ਿਆਦਾਤਰ ਅਮਰੀਕਾ ਵਿਖੇ ਕਹਾਣੀ ਕਾਨਫਰੰਸਾਂ ਵਿਚ ਸ਼ਾਮਲ ਹੋਏ ਹਾਂ। ਇਸ ਸਮਾਗਮ ਦੀ ਵਿਲੱਖਣਤਾ ਏਹ ਵੀ ਹੈ ਕਿ ਉਸੇ ਕੜੀ ਵਿਚ ਪ੍ਰਸਿਧ ਸਾਹਿਤਕਾਰਾਂ ਤੇ ਪ੍ਰਮੁਖ ਜਥੇਬੰਦੀਆਂ ਨੇ ਏਡੇ ਵਿਸ਼ਾਲ ਪੱਧਰ 'ਤੇ ਕਾਵਿ ਸੰਮੇਲਨ ਕਰਨ ਦਾ ਅਹਿਦ ਕੀਤਾ ਹੈ। ਇਸ ਪਖੋਂ ਪ੍ਰਬੰਧਕ ਦੋਸਤ ਖਾਸ ਵਧਾਈ ਤੇ ਪ੍ਰਸੰਸਾ ਦੇ ਹੱਕਦਾਰ ਹਨ। ਸਾਡੀ ਇਹ ਦੁਆ ਹੈ ਕਿ ਇਸਨੂੰ ਕਿਸੇ ਦੀ ਭੈੜੀ ਨਜ਼ਰ ਨਾ ਲਗੇ। ਸਮਾਗਮ ਯਾਦਗਾਰੀ ਹੋ ਨਿਬੜੇ ਅਤੇ ਅਗੋਂ ਤੋਂ ਇਹ ਲੜੀ ਹੋਰ ਬੁਲੰਦੀ ਅਤੇ ਸ਼ਾਨ ਨਾਲ ਲਗਾਤਾਰ ਜਾਰੀ ਰਹੇ।



ਇਸ ਕਾਵਿ ਸੰਮੇਲਨ ਦਾ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਨੂੰ ਸਮਰਪਿਤ ਕੀਤੇ ਜਾਣਾ ਇਕ ਨਹੀਂ, ਕਈ ਪੱਖਾਂ ਤੋਂ ਸਾਡੇ ਸਭ ਲਈ ਮੁੱਲਵਾਨ ਹੈ। ਸੰਤ ਰਾਮ ਉਦਾਸੀ ਅਜ਼ੀਮ ਕ੍ਰਾਂਤੀਕਾਰੀ ਸ਼ਾਇਰ ਹੈ, ਜਿਸਨੇ ਕਿਰਤੀ-ਦਲਿਤ ਲੋਕਾਈ ਦੇ ਦਰਦ-ਦੁਖਾਂਤ ਤੇ ਸਿਰੜ-ਸਾਹਸ ਨੂੰ ਦਿਲ ਵਿੰਨ੍ਹਵੀਂ ਸਰੋਦੀ ਹੂਕ ਤੇ ਲਲਕਾਰ ਦਾ ਰੂਪ ਦਿਤਾ। ਉਹ ਆਪਣੀ ਕਾਵਿ ਪ੍ਰਤਿਭਾ ਦੇ ਮੁਕਾਬਲੇ ਅਣਗੌਲਿਆ ਰਿਹਾ। ਤੁਸਾਂ ਉਸਨੂੰ ਯਾਦ ਕਰਕੇ ਇਸ ਘਾਟ-ਖਟਕ ਨੂੰ ਪੂਰਿਆਂ ਕੀਤਾ ਹੈ। ਜੈਮਲ ਸਿੰਘ ਪੱਡਾ ਉਹ ਸੂਰਬੀਰ ਸੀ, ਜਿਸਨੇ ਅਤਿ ਖ਼ੌਫਨਾਕ ਸਮਿਆਂ ਵਿਚ ਇਨਕਲਾਬ ਲਈ ਸੰਗਰਾਮ ਜਾਰੀ ਰਖਿਆ ਤੇ ਕੁਰਬਾਨੀ ਦਿਤੀ। ਏਹ ਸਮਰਪਣ ਸਾਡੇ ਲਈ ਇਸ ਪੱਖੋਂ ਹੋਰ ਵੀ ਮਾਣਯੋਗ ਹੈ ਕਿ ਆਪ ਸਾਰੇ ਅਮਰੀਕਾ ਦੀ ਧਰਤੀ 'ਤੇ ਵਸ ਕੇ ਜਿਸ ਸੱਚੀ-ਸੁੱਚੀ ਇਨਕਲਾਬੀ ਵਿਰਾਸਤ ਨੂੰ ਸਾਂਭ ਰਹੇ ਹੋ, ਇਸ ਨਾਲ ਰੂਹਾਂ ਤਕ ਜੁੜੇ ਹੋਏ ਹੋ, ਉਹ ਸੱਚੀਓਂ ਮਾਣਯੋਗ ਹੈ।

ਸਾਡੇ ਸਭ ਲਈ ਏਹ ਸੱਚੇ-ਸੁੱਚੇ ਇਨਕਲਾਬੀ ਅਸਤਿਤਵ ਲਈ ਪ੍ਰਮਾਣਿਕ ਹੋਣਾ-ਬਣਨਾ-ਰਹਿਣਾ ਇਕੋ-ਇਕ ਪ੍ਰਮਾਣ ਹੁੰਦਾ ਹੈ। ਸਸਤੀ ਪ੍ਰਸਿਧੀ ਤੇ ਲੁਕਵੇਂ ਸੈਆਂ ਨਿਕੇ-ਵੱਡੇ ਸਵਾਰਥਾਂ ਦੇ ਮਗਰ ਦੌੜੇ ਫਿਰਦੇ ਸਾਹਿਤਕਾਰਾਂ ਪਾਸ ਸੈਂਕੜੇ ਬਹਾਨੇ, ਉਜ਼ਾਂ, ਸ਼ਿਕਾਇਤਾਂ ਤੇ ਹੋਰ ਸੌ ਕੁਝ ਹੋਵੇਗਾ, ਪਰ ਐਸੀ ਇਨਸਾਨੀ ਸਾਂਝ ਤੇ ਸਮੂਹਕ ਬੁਲੰਦੀ ਦੇ ਮੂਲ ਸ੍ਰੋਤ ਕਦਾਚਿਤ ਨਹੀਂ ਹੁੰਦੇ, ਜਿਸਦਾ ਇਜ਼ਹਾਰ ਆਪ ਦੁਆਰਾ ਉਲੀਕਿਆ ਪ੍ਰੋਗਰਾਮ ਕਰਦਾ ਹੈ। ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਦਾ ਹੋਂਦ ਮੂਲਕ ਤੇ ਉੱਦਾਤ ਸਭਿਆਚਾਰਕ-ਰਾਜਸੀ ਪ੍ਰਸੰਗ ਏਹੀ ਹੈ। ਏਹੀ ਤੁਸਾਂ ਦੀ ਵਿਲੱਖਣ ਵਿਰਾਸਤ ਅਤੇ ਉਜਵਲ ਭਵਿਖ ਦਾ ਜ਼ਾਮਨ ਹੈ। ਏਹ ਦ੍ਰਿਸ਼ਟੀ ਹਰ ਪ੍ਰਕਾਰ ਦੇ ਸੋਸ਼ਣ, ਗੁਲਾਮੀ, ਵੰਡੀਆਂ-ਵਿਤਕਰੇ ਅਤੇ ਹਰੇਕ ਗ਼ੈਰ-ਇਨਸਾਨੀ ਵਰਤਾਰੇ ਦਾ ਵਿਰੋਧ ਕਰਦੀ ਹੈ। ਮਾਨਵੀ ਗੌਰਵ ਦੀ ਇਹ ਮੂਲ ਸ਼ਰਤ ਹੈ। ਸਾਨੂੰ ਪੰਜਾਬੀ ਕਹਾਣੀ ਕਾਨਫਰੰਸਾਂ ਦੀ ਲੜੀ ਦੇ ਏਸੇ ਸਾਮਰਾਜ ਵਿਰੋਧੀ ਚਰਿਤਰ 'ਤੇ ਡਾਢਾ ਰਸ਼ਕ ਰਿਹਾ ਹੈ ਤੇ ਹੋਣਾ ਬਣਦਾ ਹੈ।

ਹੁਣ ਤੁਸਾਂ ਉਸੇ ਕ੍ਰਾਂਤੀਕਾਰੀ ਵਿਰਾਸਤ ਦੀ ਸੰਭਾਲ, ਯਾਦ ਤੇ ਪ੍ਰਫੁੱਲਤਾ ਲਈ ਕਾਵਿ-ਸੰਮੇਲਨ ਆਰੰਭੇ ਹਨ, ਏਸ ਇਤਿਹਾਸਕ ਮੌਕੇ ਅਸੀਂ ਦੋਵੇਂ ਆਪ ਸੱਭ ਹਾਜ਼ਰ ਸਾਹਿਤਕਾਰਾਂ ਤੇ ਹੋਰ ਪਤਵੰਤੇ ਸੱਜਣਾਂ-ਭੈਣਾਂ ਨੂੰ ਤੁਹਾਡੀ ਸਭ ਦੀ ਹਿੰਮਤ ਅਤੇ ਸੋਚ ਦੀ ਦਾਦ ਦਿੰਦੇ ਹੋਏ ਸ਼ੁਭ ਕਾਮਨਾਵਾਂ ਭੇਜ ਰਹੇ ਹਾਂ। ਸਾਰੇ ਪ੍ਰਬੰਧਕ ਮਿੱਤਰਾਂ ਦਾ ਸ਼ੁਕਰੀਆ ਕਰਦੇ ਹਾਂ, ਜਿਹਨਾਂ ਨੇ ਉਚੇ ਬੌਧਿਕ-ਭਾਵਕ ਲਗਾਉ ਦਾ ਇਜ਼ਹਾਰ ਕਰਦਿਆਂ, ਵਕਤ, ਧਨ ਤੇ ਹੋਰ ਸਾਧਨ ਲਗਾ ਕੇ ਏਹ ਯਾਦਕਾਰੀ ਉੱਦਮ ਕੀਤਾ। ਸਾਨੂੰ ਏਸ ਸਮਾਗਮ ਦੇ ਸ਼ਾਨਦਾਰ ਰੂਪ ਨਾਲ ਸਫਲ ਹੋਣ ਵਿਚ ਵੱਡਾ ਨਿਹਚਾ ਹੈ।

ਇਸ ਰਾਹੀਂ ਸਾਹਿਤਕ ਸਭਿਆਚਾਰਕ ਉਚੇਰੀ ਚੇਤਨਾ ਦੇ ਪ੍ਰਸਾਰ ਵਿਚ ਮਿਸਾਲੀ ਯੋਗਦਾਨ ਪਵੇਗਾ ਤੇ ਸਾਡੀ ਦਿਲੀ ਤਮੰਨਾ ਹੈ, ਇਹ ਕਾਫਲਾ ਨਿਰੰਤਰ ਬੇਰੋਕ ਉਚੇਰੀਆਂ ਮੰਜ਼ਿਲਾਂ ਵਲ ਮੁਸਲਸਲ ਵਧਦਾ ਰਹੇ।

ਇਕ ਵਾਰੀ ਫਿਰ ਆਪ ਸਭ ਨੂੰ ਸ਼ੁਭ ਕਾਮਨਾਵਾਂ।

**ਧਨਵੰਤ ਕੌਰ**
**ਪ੍ਰੋਫ਼ੈਸਰ, ਪੰਜਾਬੀ ਭਾਸ਼ਾ ਵਿਕਾਸ ਵਿਭਾਗ**
**ਡਾਇਰੈਕਟਰ, ਪਬਲੀਕੇਸ਼ਨ ਬਿਊਰੋ ਅਤੇ ਪ੍ਰੈਸ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**
**ਅਤੇ**
**ਜਸਵਿੰਦਰ ਸਿੰਘ**
**ਪ੍ਰੋਫ਼ੈਸਰ, ਪੰਜਾਬੀ ਵਿਭਾਗ**
**ਸਾਬਕਾ ਡੀਨ ਅਕਾਦਮਿਕ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

## ਸਤਿਕਾਰਯੋਗ ਪ੍ਰੋਫੈਸਰ ਜੀਉ! ਆਦਾਬ!!

ਪੰਜਾਬੀ ਦੇ ਜੁਝਾਰੂ ਕਵੀ ਸੰਤ ਰਾਮ ਉਦਾਸੀ ਤੇ ਜੈਮਲ ਸਿੰਘ ਪੱਡਾ ਦੀ ਯਾਦ ਵਿਚ ਤੁਸੀਂ ਜੋ ਸਮਾਗਮ ਕਰ ਰਹੇ ਹੋ ਇਸ ਦੀ ਵਡਿਆਈ ਕਰਨੀ ਬਣਦੀ ਹੈ।



ਸਾਡੇ ਇਹ ਦੋਵੇਂ ਕਵੀ ਕਹਿਣੀ ਤੇ ਕਰਨੀ ਦਾ ਖ਼ੂਬਸੂਰਤ ਸੁਮੇਲ ਸਨ। ਇਨ੍ਹਾਂ ਨੇ ਜਿੰਨੇ ਵੀ ਸਵਾਸ ਲਏ, ਉਹ ਲਤਾੜੇ ਹੋਏ ਲੋਕਾਂ ਨੂੰ ਜਗਾਉਣ ਦੇ ਲੇਖੇ ਲਾਏ। ਆਪਣੇ ਨਿੱਜ ਨੂੰ ਲਾਂਭੇ ਰੱਖ, ਹਮੇਸ਼ਾਂ ਦੂਜਿਆਂ ਲਈ ਕੰਮ ਕਰਨ ਕਰਕੇ ਉਨ੍ਹਾਂ ਨੂੰ ਰੱਜਵਾਂ ਪਿਆਰ ਸਤਿਕਾਰ ਤਾਂ ਮਿਲਿਆ ਪਰ ਉਨ੍ਹਾਂ ਦੇ ਪਰਿਵਾਰਾਂ ਨੂੰ ਆਰਥਕ ਝਟਕਿਆਂ ਨੇ ਝੰਭ ਸੁੱਟਿਆ ਸੀ। ਫਿਰ ਵੀ ਉਨ੍ਹਾਂ ਨੇ ਪਿਛਾਂਹ ਮੁੜ ਕੇ ਨਹੀਂ ਦੇਖਿਆ। ਵਕਤ ਨਾਲ ਰਾਜ਼ੀਨਾਮਾ ਨਹੀਂ ਕੀਤਾ। ਸੂਰਜ ਨੂੰ ਮਘਦਾ ਰਹਿਣ ਦੀ ਅਰਜੋਈ ਕਰਦਿਆਂ ਆਪ ਵੀ ਮਘਦੇ ਰਹੇ। ਪਰ ਸੂਰਜ ਨੇ ਸਮਾਂ ਪਾ ਕੇ ਅਸਤ ਹੋਣਾ ਈ ਸੀ। ਇਕ ਅਸਤ ਹੋ ਗਿਆ। ਦੂਜੇ ਨੂੰ ਨ੍ਹੇਰੇ ਦੇ ਵਣਜਾਰਿਆਂ ਨੇ ਕਤਲ ਕਰ ਦਿੱਤਾ। ਅੱਜ ਭਾਵੇਂ ਇਹ ਦੋਨੋਂ ਸਰੀਰਕ ਤੌਰ ਤੇ ਸਾਡੇ ਵਿਚਕਾਰ ਨਹੀਂ ਪਰ ਉਨ੍ਹਾਂ ਦਾ ਸੁਨੇਹਾ ਹਮੇਸ਼ਾਂ ਸਾਡੇ ਮੱਥਿਆਂ ਵਿਚ ਲੋਅ ਬਣ ਕੇ ਮਘਦਾ ਰਹੇਗਾ। ਤੁਸੀਂ ਸਾਰੀਆਂ ਸਭਾਵਾਂ ਨੇ ਉੱਦਮ ਕਰਕੇ ਜੋ ਉਪਰਾਲਾ ਕੀਤਾ ਹੈ, ਉਸ ਲਈ ਤੁਸੀਂ ਵਡਿਆਈ ਦੇ ਹੱਕਦਾਰ ਹੋ।

**ਤੁਹਾਡਾ ਆਪਣਾ**
**ਰਵਿੰਦਰ ਸਹਿਰਾਅ।**
**ਜੂਨ 19, 2015**
**ਜੋਨਸਟਾਊਨ (ਪੈਨਸਿਲਵੇਨੀਆ)**



ਮਹਿੰਦਰਪਾਲ ਧਾਲੀਵਾਲ ਦਾ ਨਾਵਲ 'ਪਿਉਂਦ ਤੋਂ ਪਹਿਲਾਂ' ਰੀਲੀਜ਼ ਦ੍ਰਿਸ਼: (ਖੱਬਿਉਂ - ਸੱਜੇ)) ਹਰਜਿੰਦਰ ਪੰਧੇਰ, ਸੁਰਿੰਦਰ ਸੀਰਤ, ਮਹਿੰਦਰਪਾਲ ਧਾਲੀਵਾਲ ਦੇ ਭੈਣ ਜੀ, ਰਾਜਬੀਰ, ਦਿਲ ਨਿੱਝਰ, ਡਾ. ਸੁਹਿੰਦਰਬੀਰ, ਪ੍ਰੋ. ਹਰਭਜਨ ਸਿੰਘ, ਅਮਰਜੀਤ ਚਾਹਲ, ਡਾ. ਮੋਹਨ ਤਿਆਗੀ, ਅਜਮੇਰ ਰੋਡੇ, ਤਾਰਾ ਸਾਗਰ। **(ਫੋਟੋ - ਮਨਦੀਪ ਗੋਰਾ)**



ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ 28 ਜੂਨ ਨੂੰ ਕਰਵਾਏ ਗਏ ਕਾਵਿ ਸੰਮੇਲਨ ਲਈ ਆਏ ਕਵੀਜਨਾਂ ਦਾ ਉਤਸ਼ਾਹ ਵਧਾਉਣ ਲਈ ਸ਼ੁਭ ਸੰਦੇਸ਼ ਪ੍ਰੋਫੈਸਰ ਹਰਭਜਨ ਸਿੰਘ ਦੁਆਰਾ 'ਦੇਸ਼ ਦੁਆਬਾ' ਨੂੰ ਭੇਜੇ ਗਏ, ਜਿਹਨਾਂ ਨੂੰ ਅਸੀਂ ਪਾਠਕਾਂ ਦੇ ਲਈ ਪੇਸ਼ ਕਰ ਰਹੇ ਹਾਂ। ਆਸ ਹੈ ਕਿ ਇਹਨਾਂ ਨੂੰ ਪੜ੍ਹ ਕੇ ਕਵੀਜਨਾਂ ਵਿਚ ਹੋਰ ਉਤਸ਼ਾਹ ਵਧੇਗਾ।

## ਮਾਣਯੋਗ ਪ੍ਰਧਾਨ ਜੀ, ਵਿਦਵਾਨ ਸਾਹਿਤਕਾਰ ਸੱਜਣੋ, ਭੈਣੋ ਤੇ ਭਰਾਵੋ

ਸਿਖਲਾਈ ਦੀ ਜ਼ਰੂਰਤ ਨਹੀਂ। ਲੈਅ ਸੁਰਤਾਲ ਸਾਡੀ ਜੀਵਨ ਸ਼ੈਲੀ ਵਿਚ ਸੁਭਾਵਿਕ ਤੌਰ ਤੇ ਸ਼ਾਮਿਲ ਹੈ। ਸਾਧਾਰਨ ਰੀਤਾਂ ਰਸਮਾਂ ਤੋਂ ਲੈ ਕੇ ਜੰਮਣ ਮਰਨ ਦੇ ਅਵਸਰਾਂ ਤਕ ਧੁਰ ਦਿਲ 'ਚੋਂ ਉਠੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਿਸੇ ਸੰਗੀਤਕ ਬੋਲ ਰਾਹੀਂ ਹੀ ਹੁੰਦਾ ਹੈ। ਸੋ ਗ਼ਜ਼ਲ ਪੰਜਾਬੀ ਕਵਿਤਾ ਦਾ ਹੀ ਇਕ ਕਾਵਿ- ਰੂਪ ਹੈ।

ਮੈਂ ਕਦੇ ਪ੍ਰਾਜੈਕਟ ਬਣਾ ਕੇ ਗ਼ਜ਼ਲ ਨਹੀਂ ਲਿਖੀ। ਜ਼ਿੰਦਗੀ ਦੀਆਂ ਤਲਖ਼ੀਆਂ ਰੰਗੀਨੀਆਂ ਦੇ ਰੂਬਰੂ ਹੁੰਦਿਆਂ ਖ਼ਿਆਲਾਂ ਦੇ ਝਲਕਾਰੇ ਪੈਂਦੇ ਨੇ, ਕਦੇ ਸ਼ਿਅਰਾਂ ਦੀ ਜ਼ੱਦ 'ਚ ਆ ਜਾਂਦੇ ਨੇ ਕਦੇ ਨਹੀਂ। ਕਈ ਵਾਰ ਸਾਧਾਰਨ ਸੋਚ, ਗੱਲ ਜਾਂ ਘਟਨਾ ਚੰਗਾ ਸ਼ਿਅਰ ਦੇ ਜਾਂਦੀ ਹੈ, ਕਈ ਵਾਰ ਕੋਈ ਸੀਨਾ ਚੀਰਵਾਂ ਅਹਿਸਾਸ ਵੀ ਕੋਲ ਦੀ ਬੇਗਾਨਗੀ ਨਾਲ ਲੰਘ ਜਾਂਦਾ ਹੈ। ਸ਼ਾਇਰੀ ਦੀ ਆਮਦ ਦਾ ਆਲਮ ਬੜਾ ਵਚਿੱਤਰ ਤੇ ਭੇਦ ਭਰਿਆ ਹੈ। ਮੈਥੋਂ ਕਿਸੇ ਦੀ ਮੰਗ ਅਨੁਸਾਰ ਜਾਂ ਜ਼ੋਰ ਲਾ ਕੇ ਨਹੀਂ ਲਿਖਿਆ ਜਾਂਦਾ। ਜਾਨਦਾਰ ਸ਼ਿਅਰ ਕਹਿਣ ਲਈ ਜ਼ੋਰ ਲਾਉਣ ਦੀ ਜ਼ਰੂਰਤ ਨਹੀਂ ਹੁੰਦੀ।

ਆਧੁਨਿਕ ਕਾਲ ਵਿਚ ਗ਼ਜ਼ਲ ਦੇ ਅਰਥ ਔਰਤਾਂ ਨਾਲ ਜਾਂ ਔਰਤਾਂ ਬਾਰੇ ਗੱਲਾਂ ਕਰਨਾ ਨਹੀਂ ਰਹੇ। ਨਾ ਹੀ ਅੱਜ ਦੀ ਗ਼ਜ਼ਲ ਜ਼ਿਹਨੀ ਸੰਤੁਸ਼ਟੀ ਲਈ ਹਲਕਾ ਮਨੋਰੰਜਨ ਹੈ। ਅੱਜ ਦੀ ਗ਼ਜ਼ਲ ਮਾਨਵੀ ਸਰੋਕਾਰਾਂ ਨਾਲ ਜੁੜੇ ਦਿਸਦੇ ਅਣਦਿਸਦੇ ਸੰਸਾਰ ਦੀ ਥਾਹ ਪਾਉਂਦੀ ਹੋਈ ਭਾਸ਼ਾ ਦੇ ਉਚਤਮ ਸੁਹਜ ਦੇ ਦੀਦਾਰ ਕਰਾਉਂਦੀ ਹੈ। ਮੇਰੇ ਲਈ ਗ਼ਜ਼ਲ ਸਿਰਜਣਾ ਭਾਵਨਾਵਾਂ ਦੇ ਡੂੰਘੇ ਵਹਿਣਾਂ ਵਿਚ ਉਤਰ ਕੇ ਸੰਭਾਵਨਾਵਾਂ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਹੈ।

ਮਾਨਵਤਾ ਦੇ ਚੰਗੇਰੇ ਭਵਿਖ ਲਈ ਇਸਦੀ ਜ਼ਖ਼ਮੀ ਹੋਣੀ ਦੀਆਂ ਪਰਤਾਂ ਫੋਲਣੀਆਂ ਹੀ ਪੈਣਗੀਆਂ। ਅਦੀਬ ਲੋਕ ਆਦਿ ਕਾਲ ਤੋਂ ਵਕਤ ਦੇ ਜ਼ਖ਼ਮਾਂ ਦੀ ਸ਼ਨਾਖ਼ਤ ਕਰਨ ਤੇ ਇਨ੍ਹਾਂ ਨੂੰ ਭਰਨ ਲਈ ਯਤਨਸ਼ੀਲ ਰਹੇ ਨੇ। ਮੈਂ ਵੀ ਆਪਣੀ ਨਿਗੂਣੀ ਸਮਰੱਥਾ ਅਨੁਸਾਰ ਬਣਦਾ ਹਿੱਸਾ ਪਾਉਣ ਦੀ ਕੋਸ਼ਿਸ਼ ਵਿਚ ਹਾਂ। ਕਰੂਰ ਯਥਾਰਥ ਦੇ ਨਾਲ ਨਾਲ ਮਨੁੱਖ ਅਤੇ ਪ੍ਰਕਿਰਤੀ ਦੇ ਸਬੰਧਾਂ ਦਵੰਧਾਂ ਦੇ ਅਨੇਕ ਪਾਸਾਰ ਮੇਰੇ ਵਿਸ਼ੇ ਬਣਦੇ ਨੇ। ਮਨੁੱਖ ਨੂੰ ਹਾਸ਼ੀਏ 'ਤੇ ਧੱਕ ਕੇ ਅਮੁੱਕ ਹਿਰਸ ਦਾ ਭਾਰੂ ਹੋ ਜਾਣਾ ਮੈਨੂੰ ਪ੍ਰੇਸ਼ਾਨ ਕਰਦਾ ਹੈ। ਇਸ ਅਮਾਨਵੀ ਵਰਤਾਰੇ ਵਿਚ ਬੰਦੇ ਦੀ ਬੇਵਸੀ ਮੇਰੀ ਸਮਝ ਦਾ ਅੰਗ ਬਣ ਕੇ ਇਕ ਤਣਾਓ ਸਿਰਜਦੀ ਹੈ। ਇਸ ਤਣਾਓ ਤੋਂ ਛੁਟਕਾਰੇ ਲਈ ਮੈਂ ਗ਼ਜ਼ਲ ਦੀ ਸ਼ਰਨ ਵਿਚ ਜਾਂਦਾ ਹਾਂ। ਸ਼ਬਦਾਂ ਦੇ ਜੁਗਨੂੰ ਆਪਣੀ ਲੈਅ ਦੀ ਲੋਅ ਨਾਲ ਰਾਹ ਬਣਾਉਂਦੇ ਨੇ ਅਤੇ ਸ਼ਿਅਰ ਰੂਪ ਧਾਰਦੇ ਨੇ। ਅੱਜ ਮਨੁੱਖ ਦੇ ਖੁੱਲ੍ਹ ਕੇ ਜੀਣ ਥੀਣ ਲਈ ਹਾਲਾਤ ਸਾਜ਼ਗਾਰ ਨਹੀਂ ਹਨ। ਵਿਸ਼ਵ ਅਰਥਚਾਰੇ ਦੀ ਗ਼ੈਰ ਕੁਦਰਤੀ ਗ਼ੈਰ ਮਨੁੱਖੀ ਹਨੇਰੀ ਨੇ ਸਾਡੀ ਜੀਵਨ-ਜਾਚ ਗ਼ਲਤ ਦਿਸ਼ਾ ਵੱਲ ਮੋੜ ਦਿੱਤੀ ਹੈ। ਇਸ ਹਨੇਰੀ ਦੇ ਹੇਠਾਂ ਇਕ ਅਣਦਿਸਦਾ ਤੂਫ਼ਾਨ ਸ਼ੂਕ ਰਿਹਾ ਹੈ, ਜਿਸ ਵਿਚ ਸਾਹਿਤ ਕਲਾ ਇਤਿਹਾਸ ਦੇ ਨਾਲ ਨਾਲ ਸਭਿਆਚਾਰ, ਕਦਰਾਂ ਕੀਮਤਾਂ ਤੇ ਇਨਸਾਨੀਅਤ ਦਾ ਗੌਰਵ ਉਡਦਾ ਜਾ ਰਿਹਾ ਹੈ। ਅਜਿਹੀ ਭਿਆਨਕ ਸਥਿਤੀ ਵਿਚ ਵਸਤੂਆਂ 'ਚ ਵਸਤੂ ਹੋਏ ਬੰਦੇ ਦਾ ਮਾਨਸਿਕ ਬੌਧਿਕ ਵਿਕਾਸ ਕਿੱਥੇ ਕੁ ਖੜਾ ਹੈ? ਕਿਸੇ ਕੋਲ ਕਵਿਤਾ ਦੀ ਸੂਖਮਤਾ ਨਾਲ ਜੁੜਨ ਦੀ ਕਿੰਨੀ ਕੁ ਸਪੇਸ ਬਚਦੀ ਹੈ? ਬੜੇ ਹੀ ਮੁਸ਼ਕਿਲ ਸਵਾਲ ਹਨ। ਸਾਧਾਰਨ ਬੰਦੇ ਦੀ ਕਵਿਤਾ ਨਾਲੋਂ ਅਲਹਿਦਗੀ ਦੀ ਇਕ ਨਿਜੀ ਮਿਸਾਲ ਦੇਣੀ ਚਾਹਾਂਗਾ। ਮੈਂ ਆਪਣੇ ਗਲੀ ਮੁਹੱਲੇ ਵਿਚ ਕਵੀ ਵਜੋਂ ਨਹੀਂ ਆਮ ਦੁਨੀਆਦਾਰ ਵਜੋਂ ਜਾਣਿਆ ਜਾਂਦਾ ਹਾਂ। ਜੇ ਕਿਸੇ ਨੂੰ ਮੇਰੇ ਕਵੀ ਹੋਣ ਬਾਰੇ ਪਤਾ ਵੀ ਹੈ ਤਾਂ ਉਹਨੂੰ ਲਗਦੈ ਕਿ ਕਵਿਤਾ ਲਿਖਣਾ ਮੇਰਾ ਸਾਈਡ ਬਿਜ਼ਨਸ ਹੈ। ਇਕ ਦਿਨ ਇਕ ਗੁਆਂਢੀ ਸੱਜਣ ਕਹਿੰਦਾ, 'ਸਰਦਾਰ ਜੀ, ਤੁਸੀਂ ਕੋਈ ਪਾਰਟੀ ਵੀ ਬਣਾਈ ਐ?' ਉਹਦੀ ਗੱਲ ਮੈਨੂੰ ਸਮਝ ਨਾ ਆਈ। ਮੈਂ ਸਪੱਸ਼ਟ ਕਰਨ ਲਈ ਕਿਹਾ ਤਾਂ ਬੋਲਿਆ, 'ਮੇਰਾ ਮਤਲਬ ਤੁਸੀਂ ਕਵੀ ਹੋ, ਸਟੇਜਾਂ 'ਤੇ ਪ੍ਰੋਗਰਾਮ ਦਿੰਦੇ ਹੋਵੋਗੇ, ਸਾਜ਼ਾਂ ਵਾਜ਼ਾਂ ਵਾਲਿਆਂ ਦੀ ਕੋਈ ਪਾਰਟੀ ਹੋਵੇਗੀ ਤੁਹਾਡੀ। ਕਿੰਨੀ ਕੁ ਕਮਾਈ ਹੋ ਜਾਂਦੀ ਐ ਇਕ ਪ੍ਰੋਗਰਾਮ 'ਚੋਂ?' ਉਹਦੇ ਸਵਾਲਾਂ ਦੀ ਬੁਛਾੜ ਨੇ ਮੈਨੂੰ ਝੰਜੋੜ ਦਿਤਾ ਤੇ ਮੈਂ ਸਿਰ ਫੜ ਕੇ ਬਹਿ ਗਿਆ। ਫੇਰ ਵੀ ਸਥਿਤੀ ਏਨੀ ਨਿਰਾਸ਼ਾਜਨਕ ਨਹੀਂ। ਮੂੰਹਜ਼ੋਰ ਤੂਫ਼ਾਨ ਵਿਚ ਵੀ ਟਾਵੇਂ ਟਾਵੇਂ ਜਗਦੇ ਦੀਵਿਆਂ ਨੇ ਆਸ ਬੰਨ੍ਹਾਈ ਹੋਈ ਹੈ। ਚੇਤਨਾ ਦੀ ਲੋਅ ਵੰਡਦੇ ਸਾਹਿਤਕ ਸਭਿਆਚਾਰਕ ਅਦਾਰਿਆਂ, ਸਭਾਵਾਂ ਮੰਚਾਂ ਨਾਲ ਜੁੜੇ ਲੋਕਾਂ ਦੀ ਤਾਦਾਦ ਹਜ਼ਾਰਾਂ ਵਿਚ ਹੈ ਤੇ ਨਿਤ ਵਧਦੀ ਜਾਂਦੀ ਹੈ। ਪੁਸਤਕ ਮੇਲਿਆਂ ਵਿਚ ਲੱਖਾਂ ਰੁਪਈਆਂ ਦੀ ਵਿਕਰੀ ਦਸਦੀ ਹੈ ਕਿ ਚੰਗਾ ਸਾਹਿਤ ਅੱਜ ਵੀ ਪੜ੍ਹਿਆ ਜਾ ਰਿਹਾ ਹੈ, ਮੇਰਾ ਵਿਸ਼ਵਾਸ ਕਿ ਇਕ ਦਿਨ ਆਮ ਬੰਦਾ ਬੇਜਾਨ ਪਦਾਰਥਾਂ ਨਾਲੋਂ ਮੋਹ ਤੋੜ ਕੇ ਮੁੜ ਸਾਹਿਤ ਦੀ ਧੜਕਦੀ ਜ਼ਿੰਦਗੀ ਨਾਲ ਜੁ-ੜੇਗਾ. ਸ਼ਬਦ ਕਦੇ ਮਰੇਗਾ ਨਹੀਂ। ਸੱਚੇ ਸੁੱਚੇ ਸ਼ਬਦਾਂ ਆਸਰੇ ਆਪਣੀ ਅਥਾਹ ਰਚਨਾਤਮਕ ਊਰਜਾ ਨੂੰ ਮੁੜ ਸੁਰਜੀਤ ਕਰਕੇ ਮਨੁੱਖ ਨੇ ਆਪਣੀਆਂ ਉਮੰਗਾਂ ਦੇ ਹਾਣ ਦਾ ਸੰਸਾਰ ਸਿਰਜ ਹੀ ਲੈਣਾ ਹੈ।

ਮੇਰੀ ਕਿਤਾਬ 'ਅਗਰਬੱਤੀ' ਵਿਚ ਉਪਰੋਕਤ ਸੰਸਿਆਂ ਅਤੇ ਜਗਦੀਆਂ ਬੁਝਦੀਆਂ ਉਮੀਦਾਂ ਦੀ ਹੀ ਹੂਕ ਹੈ। ਮੇਰੀਆਂ ਅਧੂਰੀਆਂ ਰੀਝਾਂ ਦਾ ਪਟਾਰਾ। ਮੈਂ ਗ਼ਜ਼ਲ ਵਿਚ ਵੀ ਤੇ ਜ਼ਿੰਦਗੀ ਵਿਚ ਵੀ 'ਸੱਤਿਅਮ, ਸ਼ਿਵਮ ਸੁੰਦਰਮ' ਦਾ ਅਭਿਲਾਸ਼ੀ ਹਾਂ। ਮੇਰੀਆਂ ਗ਼ਜ਼ਲਾਂ ਵਿਚ ਛੁਪੀ ਹੋਈ ਵੱਡੀ ਹਸਰਤ ਏਹੀ ਹੈ ਕਿ ਹਰ ਜੀਵੜੇ ਨੂੰ ਇੱਜ਼ਤ ਦੀ ਰੋਟੀ ਤੇ ਸੁਪਨਿਆਂ ਦੀ ਪੂਰਤੀ ਲਈ ਸਾਜ਼ਗਾਰ ਮਾਹੌਲ ਮਿਲੇ। ਪ੍ਰਿਥਵੀ ਨਾਂ ਦੇ ਇਸ ਗ੍ਰਹਿ ਉਤੇ ਮਨੁੱਖ ਅਤੇ ਕੁਦਰਤ ਦੀ ਜੁਗਲਬੰਦੀ ਨਾਲ ਉਹ ਖ਼ੂਬਸੂਰਤ ਸਦੀਵੀ ਤਰਾਨਾ ਪੈਦਾ ਹੋਵੇ ਜੋ ਕੁੱਲ ਕਾਇਨਾਤ ਦੇ ਕਣ ਕਣ ਨੂੰ ਤਰੰਨੁਮ ਤਰੰਨੁਮ ਕਰ ਦੇਵੇ।

**ਆਮੀਨ !**
**ਤੁਹਾਡਾ ਸਭ ਦਾ ਬਹੁਤ ਬਹੁਤ ਧੰਨਵਾਦ।**
**ਜਸਵਿੰਦਰ**

# 'ਦੇਸ਼ ਦੁਆਬਾ' ਵੱਲੋਂ ਪ੍ਰਕਾਸ਼ਿਤ ਕਿਤਾਬ "ਕਥਾਵਾਂ ਬਿਸਤ ਦੁਆਬ ਦੀਆਂ"

ਲੜਕੀ ਆਪਣੇ ਪਿਤਾ ਨੂੰ ਕਹਿੰਦੀ - ਪਿਤਾ ਜੀ ਮੈਂ ਤਾਂ ਇਸੇ ਲੜਕੇ ਨਾਲ ਵਿਆਹ ਕਰਾਉਣੇ। ਇਹਨੇ ਮੇਰੀਆਂ ਸਾਰੀਆਂ ਗੱਲਾਂ ਦਾ ਜਵਾਬ ਦੇਤਾ। ਲੜਕੇ ਨੂੰ ਘਰ ਸੱਦ ਲਿਆ। ਸਾਰੀ ਗੱਲਬਾਤ ਕੀਤੀ। ਲੜਕਾ ਕਹਿੰਦਾ ਬਈ ਵਿਆਹ ਤਾਂ ਮੈਂ ਕਰਾ ਲਊਂ। ਪਹਿਲਾਂ ਤੈਨੂੰ ਉਸ ਪ੍ਰਸ਼ਨ ਦਾ ਉੱਤਰ ਦੇਣਾ ਪੈਣਾ ਜਿਹੜਾ ਉਤਰ ਲੱਭਣ ਲਈ ਮੈਂ ਘਰੋਂ ਨਿਕਲਿਆ ਆਂ। ਕਿਹੜਾ ਪ੍ਰਸ਼ਨ ...? ਰਾਜੇ ਦੇ ਮਹਿਲਾਂ ਵਿਚ ਇਕ ਗੁਜਰੀ ਆਈ ਸੀ। ਉਹ ਰਾਣੀ ਨੂੰ ਕਹਿੰਦੀ ਕਿ ਰਾਣੀ ਇਹ ਜ਼ਨਾਨੀ ਨੀ ਮਰਦ ਆ। ਲੜਕੀ ਕਹਿੰਦੀ - ਹਾਂ। ਮੈਨੂੰ ਲੈ ਜਾਓ। ਮੈਂ ਗੱਲ ਦਾ ਜਵਾਬ ਦੇ ਦਊਂ।

ਲੜਕੀ ਲੜਕੇ ਨਾਲ ਰਾਜੇ ਦੇ ਮਹਿਲੀਂ ਚਲੀ ਗਈ। ਉਹ ਕਹਿੰਦੀ ਇੱਕ ਤਲਾਅ ਪੁੱਟੋ ਤੇ ਇਸ ਨੂੰ ਪਾਣੀ ਨਾਲ ਭਰੋ। ਰਾਜੇ ਦੇ ਨੌਕਰਾਂ ਨੇ ਇਸੇ ਤਰ੍ਹਾਂ ਕੀਤਾ। ਰਾਣੀ ਦੇ ਮਹਿਲਾਂ ਲਾਗੇ ਤਲਾਅ ਪੁੱਟ ਕੇ ਇਹਨੂੰ ਪਾਣੀ ਨਾਲ ਭਰ ਦਿੱਤਾ।

ਰਾਣੀ ਦੇ ਮਹਿਲਾਂ ਵਿਚ ਜਿੰਨੀਆਂ ਗੋਲੀਆਂ ਸੀ, ਸਾਰੀਆਂ ਸੱਦ ਲਈਆਂ। ਕਹਿੰਦੀ ਇੱਥੇ ਮੇਰੇ ਸਾਹਮਣੇ ਨਹਾਵੋ ਸਾਰੀਆਂ ਜਣੀਆਂ।

ਸਾਰੀਆਂ ਗੋਲੀਆਂ ਨੂੰ ਨਹਾਉਣ ਲਾਤਾ। ਇਕ ਨਾ ਨਾਵ੍ਹੇ। ਜਦੋਂ ਦੇਖਿਆ ਤਾਂ ਉਹ ਮਰਦ। ਲੜਕੀ ਕਹਿੰਦੀ- ਗੁਜਰੀ ਸੱਚੀ ਸੀ।

ਉਹ ਇਨੂੰ ਕਹਿ ਰਹੀ ਸੀ ਕਿ ਇਹ ਜ਼ਨਾਨੀ ਨੀ ਮਰਦ ਆ। ਫਿਰ ਰਾਜੇ ਨੇ ਗੋਲੀ ਦੇ ਰੂਪ ਵਿਚ ਬਣੇ ਮਰਦ ਨੂੰ ਸਜਾ ਦਿੱਤੀ ਅਤੇ ਉਸ ਲੜਕੀ ਦਾ ਵਜ਼ੀਰ ਦੇ ਲੜਕੇ ਨਾਲ ਵਿਆਹ ਕਰ ਦਿੱਤਾ ਅਤੇ ਉਹਨਾਂ ਨੂੰ ਢੇਰ ਸਾਰੇ ਇਨਾਮ ਦਿੱਤੇ।


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com


Kash
FABRICS
ਪੰਜਾਬੀ ਫ਼ੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ


TANDOOR
Indian Restaurant
27167 Mission Blvd. Hayward, CA 95544
Lunch & Buffet
ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ
WE ARE SPECIALIST IN CATERING & SPECIAL ITEMS ARE AVAILABLE HERE:
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.
ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532


INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
The Threading Queen
threading & Heena Tattoos
Call for appointment
(916) 297-0150, (916) 316-8199
EYEBROW THREADING & HENNA TATTOO (EACH HAND)
ONLY FOR $5.00
REGULAR $8.00
WALK IN WELCOME
MON-SAT 10am TO 7pm
WE ACCEPT EBT CARDS
1265 PLEASANT GROVE BLVD. # 100 ROSEVILLE CA 95747
5203 ELKHORN BLVD.SACRAMENTO CA 95842
916-786-7666 • 916-338-5511

# Grant Line Insurance Agency, Inc.

## DBA Sky High Insurance Agency

### One stop shop for all your Insurance needs

License#0J06225








ਸਾਡੇ ਕੋਲ ਟਰੱਕਿੰਗ, ਆਟੋ, ਘਰੇਲੂ, ਲਾਈਫ, ਵਰਕਰਜ਼ ਕੰਪਨਸੇਸ਼ਨ, ਕਮਰਸ਼ੀਅਲ, ਬੌਂਡ ਆਦਿ ਲਈ ਇੰਸ਼ੋਰੈਂਸ ਦੀਆਂ ਸੇਵਾਵਾਂ ਉਪਲਬਧ ਹਨ।

ਹਫਤੇ ਦੇ 6 ਦਿਨ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਸਵੇਰ ਤੋਂ 6:00 ਸ਼ਾਮ ਤੱਕ

ਸ਼ਨੀਵਾਰ ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ

**Call for Free Quote**

**209-263-0860**

3244 W. Grant Line Rd., Tracy, CA 95304

Email: nfo@skyhighinsuranceagency.com

Website: www.skyhighinsuranceagency.com



| ਮਨਦੀਪ ਬਿਆੜਾ | ਜਸਵੀਰ ਕੌਰ | ਗਗਨਦੀਪ ਸਿੰਘ | ਹਰਮਨ ਸਿੰਘ |
|---|---|---|---|
| ਏਜੰਟ | ਬਰੋਕਰ | ਏਜੰਟ | ਏਜੰਟ |
| 209-666-0032 | 925-895-8140 | 925-724-7070 | 510-415-8154 |

# Continental



ਅਸੀਂ ਇੱਥੇ ਟਰੱਕ/ਟਰੇਲਰਜ਼ ਦੀ ਹਰ ਤਰ੍ਹਾਂ ਦੀ ਰਿਪੇਅਰ ਕਰਦੇ ਹਾਂ। ਸਾਡੇ ਨਿਊ/ਰੀਕੇਪ ਟਾਇਰਜ਼ ਉਪਲਬਧ ਹੁੰਦੇ ਹਨ। ਤਸੱਲੀਬਖਸ਼ ਕੰਮ ਲਈ ਸਾਨੂੰ ਹਮੇਸ਼ਾ ਯਾਦ ਰੱਖੋ ਤੇ ਸੰਪਰਕ ਕਰੋ।




Bhajji Gill
(510-277-6315),
Chain Gill
510-542-1181

42400 Boyce Rd., Unite F, Fremont, CA 94538

Truck, Trailer Repair & Tyre Servicse